ਸ਼ੁੱਕਰਵਾਰ, 28 ਅਕਤੂਬਰ, 2022
12 ਕੱਤਕ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 147

# ਨਵਾਂ ਜ਼ਮਾਨਾ

DAILY NAWAN ZAMANA • FRIDAY, 28 OCTOBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਹਿੰਦੂ ਭਾਈਚਾਰੇ ਤੇ ਮੋਦੀ ਨਾਲ ਚੰਗੇ ਸੰਬੰਧ : ਟਰੰਪ

**ਵਾਸ਼ਿੰਗਟਨ** : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇ ਉਹ 2024 ਦੀਆਂ ਰਾਸ਼ਟਰਪਤੀ ਚੋਣਾਂ ਜਿੱਤ ਜਾਂਦੇ ਹਨ ਤਾਂ ਉਹ ਭਾਰਤ ਨਾਲ ਅਮਰੀਕਾ ਦੇ ਸੰਬੰਧਾਂ ਨੂੰ ਅਗਲੇ ਪੱਧਰ ਤੱਕ ਲੈ ਜਾਣਗੇ। ਫਲੋਰੀਡਾ 'ਚ ਆਪਣੇ ਮਾਰ-ਏ-ਲਾਗੋ ਰਿਜ਼ਾਰਟ 'ਚ ਰਿਪਬਲਿਕਨ ਹਿੰਦੂ ਕੁਲੀਸ਼ਨ ਵੱਲੋਂ ਕਰਵਾਏ ਦੀਵਾਲੀ ਸਮਾਗਮ 'ਚ ਸ਼ਾਮਲ ਹੋਣ ਵਾਲੇ 200 ਭਾਰਤੀ-ਅਮਰੀਕੀਆਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਉਨ੍ਹਾ ਦੇ ਹਿੰਦੂ ਭਾਈਚਾਰੇ, ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਚੰਗੇ ਸੰਬੰਧ ਹਨ।

## ਮਹਿਲਾ ਕ੍ਰਿਕਟਰਾਂ ਦੀ ਫੀਸ ਪੁਰਸ਼ਾਂ ਬਰਾਬਰ

**ਨਵੀਂ ਦਿੱਲੀ** : ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਇਤਿਹਾਸਕ ਫੈਸਲਾ ਲੈਂਦਿਆਂ ਮਹਿਲਾ ਅਤੇ ਪੁਰਸ਼ ਕ੍ਰਿਕਟਰਾਂ ਨੂੰ ਬਰਾਬਰ ਮੈਚ ਫੀਸ ਦੇਣ ਦਾ ਐਲਾਨ ਕੀਤਾ ਹੈ। ਬੋਰਡ ਦੇ ਸਕੱਤਰ ਜੈ ਸ਼ਾਹ ਨੇ ਟਵੀਟ ਕੀਤਾ-ਅਸੀਂ ਇਕਰਾਰਨਾਮੇ ਵਾਲੀਆਂ ਮਹਿਲਾ ਖਿਡਾਰਨਾਂ ਲਈ ਵੀ ਉਹੀ ਮੈਚ ਫੀਸ ਨੀਤੀ ਲਾਗੂ ਕਰ ਰਹੇ ਹਾਂ, ਜੋ ਪੁਰਸ਼ ਖਿਡਾਰੀਆਂ ਲਈ ਹੈ। ਮਹਿਲਾ ਕ੍ਰਿਕਟਰਾਂ ਨੂੰ ਹੁਣ ਟੈੱਸਟ (15 ਲੱਖ ਰੁਪਏ), ਇਕ ਦਿਨਾ (6 ਲੱਖ ਰੁਪਏ) ਅਤੇ ਟੀ-20 (3 ਲੱਖ ਰੁਪਏ) ਮੈਚਾਂ ਲਈ ਪੁਰਸ਼ਾਂ ਬਰਾਬਰ ਫੀਸ ਮਿਲੇਗੀ।

## ਰਸਗੁੱਲੇ ਮੁੱਕਣ 'ਤੇ ਹੋਈ ਲੜਾਈ 'ਚ ਨੌਜਵਾਨ ਹਲਾਕ

**ਆਗਰਾ** : ਇੱਥੋਂ ਦੇ ਇਤਮਾਦਪੁਰ ਦੇ ਮੁਹੱਲਾ ਸ਼ੇਖਾਂ 'ਚ ਬੁੱਧਵਾਰ ਰਾਤ ਉਸਮਾਨ ਦੀਆਂ ਬੇਟੀਆਂ ਦੀ ਸ਼ਾਦੀ ਦੌਰਾਨ ਰਸਗੁੱਲੇ ਮੁੱਕਣ ਕਾਰਨ ਘਰਾਤੀਆਂ ਤੇ ਬਰਾਤੀਆਂ ਵਿਚਾਲੇ ਲੜਾਈ ਹੋ ਗਈ ਤੇ 22 ਸਾਲਾ ਸੰਨੀ ਨਾਂਅ ਦੇ ਨੌਜਵਾਨ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ। ਉਸ ਦੀ ਸਰੋਜਨੀ ਨਾਇਡੂ ਮੈਡੀਕਲ ਕਾਲਜ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ।

## ਲਾਲੂ ਅਪਰੇਸ਼ਨ ਕਰਵਾਏ ਬਿਨਾਂ ਸਿੰਗਾਪੁਰ ਤੋਂ ਪਰਤੇ



**ਪਟਨਾ** : ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਗੁਰਦੇ ਦਾ ਅਪਰੇਸ਼ਨ ਕਰਵਾਏ ਬਗੈਰ ਹੀ ਸਿੰਗਾਪੁਰ ਤੋਂ ਪਰਤ ਆਏ ਹਨ। ਹਾਲਾਂਕਿ ਕੁਝ ਜ਼ਰੂਰੀ ਜਾਂਚ ਕਰਨ ਤੋਂ ਬਾਅਦ ਉਹ ਇਕ ਵਾਰ ਫਿਰ ਅਦਾਲਤ ਤੋਂ ਸਿੰਗਾਪੁਰ ਜਾਣ ਦੀ ਇਜਾਜ਼ਤ ਮੰਗਣਗੇ। ਉਹ ਕੁਝ ਸਾਲਾਂ ਤੋਂ ਗੁਰਦਿਆਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ।

## ਮਸਕ ਦੀਆਂ ਮਸ਼ਕਰੀਆਂ



**ਸਾਨਫਰਾਂਸਿਸਕੋ** : ਮਸ਼ਹੂਰ ਉਦਯੋਗਪਤੀ ਐਲੋਨ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਹੈੱਡਕੁਆਰਟਰ 'ਚ ਘੁੰਮਦੇ ਦੀ ਆਪਣੀ ਵੀਡੀਓ ਸਾਂਝੀ ਕੀਤੀ ਹੈ। ਉਸ ਨੇ 44 ਅਰਬ ਡਾਲਰ 'ਚ ਟਵਿੱਟਰ ਨੂੰ ਖਰੀਦਣ ਲਈ ਸੌਦੇ ਨੂੰ ਪੂਰਾ ਕਰਨ ਲਈ ਸ਼ੁੱਕਰਵਾਰ ਦੀ ਮਿਆਦ ਤੋਂ ਦੋ ਦਿਨ ਪਹਿਲਾਂ ਵੀਡੀਓ ਸਾਂਝੀ ਕੀਤੀ ਹੈ। ਮਸਕ ਨੇ ਆਪਣਾ ਟਵਿੱਟਰ ਪ੍ਰੋਫਾਈਲ ਵੀ ਬਦਲ ਲਿਆ ਹੈ ਅਤੇ ਆਪਣੇ ਨਿੱਜੀ ਬਿਆਨ 'ਚ 'ਟਵਿੱਟ ਚੀਫ' ਲਿਖਿਆ ਹੈ। ਉਸ ਨੇ ਆਪਣੇ ਪ੍ਰੋਫਾਈਲ 'ਤੇ ਆਪਣਾ ਟਿਕਾਣਾ ਵੀ ਬਦਲ ਕੇ ਟਵਿੱਟਰ ਹੈੱਡਕੁਆਰਟਰ ਕਰ ਦਿੱਤਾ ਹੈ। ਵੀਡੀਓ 'ਚ ਮਸਕ ਨੂੰ ਹੈੱਡਕੁਆਰਟਰ ਦੇ ਅਹਾਤੇ 'ਚ ਸਿੰਕ ਲਿਜਾਂਦੇ ਦੇਖਿਆ ਜਾ ਸਕਦਾ ਹੈ।

## ਖੱਟਰ ਦੀ ਸਫਾਈ

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀਰਵਾਰ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦਿਵਾਉਣ 'ਚ ਉਨ੍ਹਾਂ ਦਾ ਕੋਈ ਹੱਥ ਨਹੀਂ ਹੈ ਤੇ ਇਹ ਸਭ ਜੇਲ੍ਹ ਦੇ ਨਿਯਮਾਂ ਤਹਿਤ ਹੀ ਹੋਇਆ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਆਦਮਪੁਰ ਜ਼ਿਮਨੀ ਚੋਣ ਦੇ ਮੱਦੇਨਜ਼ਰ ਪੈਰੋਲ ਦਿੱਤੀ ਗਈ ਹੈ। ਪੈਰੋਲ 'ਤੇ ਆਉਣ ਤੋਂ ਬਾਅਦ ਉਹ ਵੱਡੇ-ਵੱਡੇ ਸਮਾਗਮਾਂ 'ਚ ਸ਼ਾਮਲ ਹੋ ਰਿਹਾ ਹੈ ਤੇ ਸਮਾਗਮਾਂ 'ਚ ਭਾਜਪਾ ਆਗੂ ਵੀ ਪਹੁੰਚ ਕੇ ਉਸ ਨਾਲ ਮੁਲਾਕਾਤ ਕਰ ਰਹੇ ਹਨ।

## ਰਿਜ਼ਰਵ ਬੈਂਕ ਦੀ 3 ਨੂੰ ਵਿਸ਼ੇਸ਼ ਬੈਠਕ

**ਮੁੰਬਈ** : ਦੁਨੀਆ ਭਰ 'ਚ ਤਾਜ਼ਾ ਆਰਥਕ ਹਾਲਾਤ ਤੇ ਮੰਦੀ ਦੀਆਂ ਖਬਰਾਂ ਦੇ ਮੱਦੇਨਜ਼ਰ ਭਾਰਤੀ ਰਿਜ਼ਰਵ ਬੈਂਕ ਨੇ 3 ਨਵੰਬਰ ਨੂੰ ਮੁਦਰਾ ਨੀਤੀ ਕਮੇਟੀ ਦੀ ਵਿਸ਼ੇਸ਼ ਬੈਠਕ ਸੱਦੀ ਹੈ।

# ਗਿਲਗਿਤ ਤੇ ਬਾਲਟਿਸਤਾਨ ਲੈ ਕੇ ਰਹਾਂਗੇ : ਰਾਜਨਾਥ ਸਿੰਘ

**ਸ੍ਰੀਨਗਰ** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਮਕਬੂਜ਼ਾ ਕਸ਼ਮੀਰ ਨੂੰ ਹਾਸਲ ਕਰਨ ਦਾ ਸੰਕਲਪ ਦੁਹਰਾਉਂਦਿਆਂ ਕਿਹਾ ਕਿ ਸਾਰੇ ਰਫਿਊਜ਼ੀਆਂ ਨੂੰ ਉਨ੍ਹਾਂ ਦੀ ਜ਼ਮੀਨ ਤੇ ਘਰ ਵਾਪਸ ਦਿਵਾਏ ਜਾਣਗੇ। ਉਨ੍ਹਾ ਕਿਹਾ-ਕੇਂਦਰ ਸ਼ਾਸਤ ਜੰਮੂ-ਕਸ਼ਮੀਰ ਤੇ ਲੱਦਾਖ ਦੀ ਸਮੁੱਚੇ ਵਿਕਾਸ ਦਾ ਨਿਸ਼ਾਨਾ ਮਕਬੂਜ਼ਾ ਕਸ਼ਮੀਰ ਦੇ ਗਿਲਗਿਤ ਤੇ ਬਾਲਟਿਸਤਾਨ ਪੁੱਜਣ ਤੋਂ ਬਾਅਦ ਪੂਰਾ ਹੋਵੇਗਾ।





1947 ਵਿਚ ਭਾਰਤੀ ਹਵਾਈ ਫੌਜ ਦੇ ਸ੍ਰੀਨਗਰ ਹਵਾਈ ਅੱਡੇ 'ਤੇ ਉਤਰਨ ਵਾਲੇ ਦਿਨ 'ਤੇ ਸ਼ੌਰਿਆ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ-ਅਸੀਂ ਉੱਤਰ ਵੱਲ ਵਧਣਾ ਹੁਣੇ ਸ਼ੁਰੂ ਕੀਤਾ ਹੈ। ਸਾਡੀ ਯਾਤਰਾ ਭਾਰਤੀ ਸੰਸਦ ਵੱਲੋਂ 22 ਫਰਵਰੀ 1994 ਵਿਚ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਨੂੰ ਅਮਲ ਵਿਚ ਲਿਆ ਕੇ ਪੂਰੀ ਹੋਵੇਗੀ। ਮਤੇ ਵਿਚ ਗਿਲਗਿਤ ਤੇ ਬਾਲਟਿਸਤਾਨ ਨੂੰ ਹਾਸਲ ਕਰਨ ਦਾ ਸੰਕਲਪ ਕੀਤਾ ਗਿਆ ਸੀ। ਮਤੇ ਵਿਚ ਕਿਹਾ ਗਿਆ ਸੀ ਕਿ ਪਾਕਿਸਤਾਨ ਕਸ਼ਮੀਰ ਦੇ ਹਿੱਸੇ ਉੱਤੇ ਗੈਰਕਾਨੂੰਨੀ ਕਬਜ਼ਾ ਛੱਡੇ।

ਉਨ੍ਹਾ ਕਿਹਾ-ਸਰਦਾਰ ਵੱਲਭ ਭਾਈ ਪਟੇਲ ਦਾ ਸੁਪਨਾ ਉਦੋਂ ਹੀ ਸਾਕਾਰ ਹੋਵੇਗਾ, ਜਦੋਂ 1947 ਦੇ ਸਾਰੇ ਰਫਿਊਜ਼ੀ ਆਪਣੀ ਜ਼ਮੀਨ ਤੇ ਘਰ ਮੁੜ ਹਾਸਲ ਕਰਨਗੇ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਹ ਦਿਨ ਜ਼ਰੂਰ ਆਵੇਗਾ। ਉਨ੍ਹਾ ਕਿਹਾ ਕਿ ਪਾਕਿਸਤਾਨ ਸਰਕਾਰ ਮਕਬੂਜ਼ਾ ਕਸ਼ਮੀਰ ਵਿਚ ਨਫਰਤ ਦੇ ਬੀਜ ਬੀਜ ਰਹੀ ਹੈ ਅਤੇ ਉਹ ਸਮਾਂ ਦੂਰ ਨਹੀਂ, ਜਦੋਂ ਉਥੋਂ ਦੇ ਲੋਕ ਬਗਾਵਤ ਕਰਨਗੇ।

ਸ਼ੌਰਿਆ ਦਿਵਸ ਵਾਲੇ ਦਿਨ ਭਾਰਤੀ ਫੌਜ ਨੇ ਪਾਕਿਸਤਾਨੀ ਘੁਸਪੈਠੀਆਂ ਨੂੰ ਪਿੱਛੇ ਧੱਕਿਆ ਸੀ। ਰਾਜਨਾਥ ਸਿੰਘ ਨੇ ਕਿਹਾ-ਪੰਜ ਅਗਸਤ 2019 ਨੂੰ ਧਾਰਾ 370 ਖਤਮ ਕਰਨ ਤੋਂ ਪਹਿਲਾਂ ਕਸ਼ਮੀਰੀ ਸਮਾਜ ਟੁਕੜਿਆਂ ਵਿਚ ਵੰਡਿਆ ਹੋਇਆ ਸੀ ਤੇ ਹੁਣ ਸਮਾਜ ਦੇ ਸਾਰੇ ਵਰਗ ਮਿਲ ਕੇ ਕਾਮਯਾਬੀ ਤੇ ਖੁਸ਼ਹਾਲੀ ਵੱਲ ਵਧ ਰਹੇ ਹਨ। ਇਹ ਅਜੇ ਸ਼ੁਰੂਆਤ ਹੈ। ਧਾਰਾ 370 ਦਾ ਖਾਤਮਾ ਨਵੀਂ ਸ਼ੁਰੂਆਤ ਹੈ।

## ਦੋ ਪੁਲਸ ਅਫਸਰ ਝੂਠੇ ਮੁਕਾਬਲੇ ਦੇ ਦੋਸ਼ੀ ਕਰਾਰ

**ਮੁਹਾਲੀ** : ਇੱਥੋਂ ਦੀ ਸਪੈਸ਼ਲ ਸੀ ਬੀ ਆਈ ਕੋਰਟ ਨੇ ਤਿੰਨ ਦਹਾਕੇ ਪੁਰਾਣੇ ਝੂਠੇ ਪੁਲਸ ਮੁਕਾਬਲੇ ਦੇ ਮਾਮਲੇ 'ਚ ਵੀਰਵਾਰ ਪੰਜਾਬ ਪੁਲਸ ਦੇ ਦੋ ਅਫਸਰਾਂ ਸ਼ਮਸ਼ੇਰ ਸਿੰਘ ਅਤੇ ਜਗਤਾਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ। ਸਜ਼ਾ ਸੋਮਵਾਰ ਸੁਣਾਈ ਜਾਵੇਗੀ। ਦੋਵਾਂ ਨੂੰ ਪੁਲਸ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

ਦੋ ਹੋਰ ਪੁਲਸ ਅਫਸਰਾਂ ਇੰਸਪੈਕਟਰ ਪੂਰਨ ਸਿੰਘ ਅਤੇ ਏ ਐੱਸ ਆਈ ਜਗੀਰ ਸਿੰਘ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ। ਪੁਲਸ ਦੀ ਕਹਾਣੀ ਮੁਤਾਬਕ 15 ਅਪਰੈਲ 1993 ਨੂੰ ਤਰਨ ਤਾਰਨ ਜ਼ਿਲ੍ਹੇ ਦੀ ਪੁਲਸ ਹਥਿਆਰ ਬਰਾਮਦ ਕਰਵਾਉਣ ਲਈ ਹਰਬੰਸ ਸਿੰਘ ਵਾਸੀ ਉਬੋਕੇ (ਤਰਨ ਤਾਰਨ) ਨੂੰ ਲੈ ਕੇ ਜਾ ਰਹੀ ਸੀ ਕਿ ਰਸਤੇ 'ਚ ਦਹਿਸ਼ਤਗਰਦਾਂ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਮੁਕਾਬਲੇ 'ਚ ਹਰਬੰਸ ਸਿੰਘ ਅਤੇ ਇਕ ਹੋਰ ਅਣਪਛਾਤਾ ਦਹਿਸ਼ਤਗਰਦ ਮਾਰਿਆ ਗਿਆ। ਤਰਨ ਤਾਰਨ ਪੁਲਸ ਨੇ ਪੁਲਸ ਪਾਰਟੀ 'ਤੇ ਹਮਲਾ ਕਰਨ ਦਾ ਪਰਚਾ ਦਰਜ ਕੀਤਾ ਸੀ, ਪਰ ਬਾਅਦ 'ਚ ਹਾਈ ਕੋਰਟ ਦੇ ਹੁਕਮਾਂ 'ਤੇ ਇਸ ਸੰਬੰਧੀ ਮ੍ਰਿਤਕ ਨੌਜਵਾਨ ਦੇ ਭਰਾ ਪਰਮਜੀਤ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਅਫਸਰਾਂ ਖਿਲਾਫ਼ ਧਾਰਾ 302 ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਅਤੇ ਇਸ ਮਾਮਲੇ ਦੀ ਸੁਣਵਾਈ ਮੋਹਾਲੀ ਸਥਿਤ ਸੀ ਬੀ ਆਈ ਦੀ ਅਦਾਲਤ 'ਚ ਚੱਲ ਰਹੀ ਸੀ।

## ਸ਼ਰਾਬ ਫੈਕਟਰੀ 'ਚ ਅੱਗ



**ਚੰਡੀਗੜ੍ਹ** : ਇੱਥੇ ਫੇਜ਼ 1 ਸਥਿਤ ਇੰਡਸਟਰੀਅਲ ਏਰੀਆ 'ਚ ਅੱਗ ਨੇ ਸ਼ਰਾਬ ਫੈਕਟਰੀ ਦੀ ਇਮਾਰਤ ਦੀਆਂ ਤਿੰਨੋਂ ਮੰਜ਼ਲਾਂ ਨੂੰ ਆਪਣੀ ਲਪੇਟ 'ਚ ਲੈ ਲਿਆ। ਫਾਇਰ ਬ੍ਰਿਗੇਡ ਵਾਲੇ ਅੱਗ ਬੁਝਾਉਣ ਲਈ ਲੱਗੇ ਹੋਏ ਸਨ। ਫੌਰੀ ਤੌਰ 'ਤੇ ਪਤਾ ਨਹੀਂ ਲੱਗਿਆ ਕਿ ਕੋਈ ਅੰਦਰ ਫਸਿਆ ਹੈ ਜਾਂ ਨਹੀਂ। ਅੱਗ ਲੱਗਣ ਦਾ ਸੰਭਾਵਤ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਸੀ।

# ਕੇਜਰੀਵਾਲ ਨੇ ਨੋਟਾਂ 'ਤੇ ਦੋ ਹੋਰ ਫੋਟੋਆਂ ਲਾਉਣ ਦੀ ਸਲਾਹ ਦਿੱਤੀ, ਭਾਜਪਾਈਆਂ ਨੇ ਚਾਰ ਲਾ ਦਿੱਤੀਆਂ





**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪ੍ਰਧਾਨ ਮੰਤਰੀ ਨੂੰ ਕਰੰਸੀ ਨੋਟਾਂ 'ਤੇ ਮਹਾਤਮਾ ਗਾਂਧੀ ਦੀ ਫੋਟੋ ਤੋਂ ਇਲਾਵਾ ਗਣੇਸ਼ ਤੇ ਲਛਮੀ ਦੀ ਫੋਟੋ ਵੀ ਛਾਪਣ ਦੀ ਸਲਾਹ ਦੇਣ ਦੇ ਬਾਅਦ ਭਾਜਪਾ ਆਗੂ ਰਾਮ ਕਦਮ ਨੇ ਟਵਿੱਟਰ ਉੱਤੇ 'ਅਖੰਡ ਭਾਰਤ, ਨਯਾ ਭਾਰਤ, ਮਹਾਨ ਭਾਰਤ, ਜੈ ਸ੍ਰੀਰਾਮ, ਜੈ ਮਾਤਾ ਦੀ' ਲਿਖ ਕੇ ਫੋਟੋਸ਼ਾਪ ਰਾਹੀਂ ਬਣਾਈਆਂ ਗਈਆਂ ਚਾਰ ਫੋਟੋਆਂ ਪੋਸਟ ਕਰ ਦਿੱਤੀਆਂ, ਜਿਨ੍ਹਾਂ ਵਿਚ ਪੰਜ ਸੌ ਦੇ ਨੋਟ 'ਤੇ ਮਹਾਤਮਾ ਗਾਂਧੀ ਦੀ ਥਾਂ ਛਤਰਪਤੀ ਸ਼ਿਵਾਜੀ ਮਹਾਰਾਜ, ਸੰਵਿਧਾਨ ਰਚੇਤਾ ਡਾ. ਅੰਬੇਡਕਰ, ਵਿਨਾਇਕ ਸਾਵਰਕਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ

● ਬਾਕੀ ਸਫ਼ਾ 2 'ਤੇ

## ਕੇਜਰੀਵਾਲ ਜੀ, ਧਾਰਮਕ ਜਜ਼ਬਾਤਾਂ ਨੂੰ ਵਰਤਣ ਦੀ ਘਟੀਆ ਰਾਜਨੀਤੀ ਨਾ ਖੇਡੋ : ਸੀ ਪੀ ਆਈ

**ਚੰਡੀਗੜ੍ਹ** : ਕੇਜਰੀਵਾਲ ਦੇ ਨੋਟਾਂ 'ਤੇ ਲਛਮੀ ਅਤੇ ਭਗਵਾਨ ਗਣੇਸ਼ ਦੀਆਂ ਫੋਟੋਆਂ ਛਾਪ ਕੇ ਦੇਸ਼ ਦੀ ਨਿਘਰ ਰਹੀ ਆਰਥਿਕਤਾ ਨੂੰ ਸੁਧਾਰਨ ਵਾਲੇ ਬਿਆਨ ਦੀ ਪੰਜਾਬ ਸੀ ਪੀ ਆਈ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਦਾ ਅਸਲੀ ਫਿਰਕੂ ਚਿਹਰਾ ਨੰਗਾ ਹੋ ਰਿਹਾ ਹੈ। ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਆਖਿਆ ਕਿ ਆਮ ਆਦਮੀ ਪਾਰਟੀ ਆਰਥਿਕਤਾ ਦੇ ਮੁੱਦਿਆਂ 'ਤੇ ਆਪਣੀ ਅਸਫਲਤਾ ਛੁਪਾਉਣ ਲਈ ਅਜਿਹੇ ਧਾਰਮਕ ਅਤੇ ਫਿਰਕੂ ਨਾਅਰੇ ਅਪਣਾ ਕੇ ਆਰ ਐੱਸ ਐੱਸ ਦੀ ਬੀ ਟੀਮ ਹੋਣ ਦਾ ਹੀ ਸਬੂਤ ਦੇ ਰਹੀ ਹੈ ਅਤੇ ਬੇਰੁਜ਼ਗਾਰੀ, ਭੁੱਖਮਰੀ ਅਤੇ ਮਹਿੰਗਾਈ ਵਰਗੇ ਮਹੱਤਵਪੂਰਨ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾ ਰਹੀ ਹੈ।

ਸ੍ਰੀ ਬਰਾੜ ਨੇ ਕਿਹਾ ਕਿ ਪਹਿਲਾਂ ਵੀ ਦਿੱਲੀ ਵਿਖੇ ਘੱਟ-ਗਿਣਤੀਆਂ 'ਤੇ ਆਰ ਐੱਸ ਐੱਸ ਦੇ ਖ਼ੂਨੀ ਹਮਲਿਆਂ ਸੰਬੰਧੀ ਚੁੱਪ ਰਹਿਣ, ਜੰਮੂ-ਕਸ਼ਮੀਰ ਵਿਖੇ ਧਾਰਾ 370 ਤੇ 35-ਏ ਹਟਾਉਣ ਦਾ ਸਮਰਥਨ ਕਰਨ ਅਤੇ ਪੂੰਜੀਵਾਦੀ ਆਰਥਕ ਨੀਤੀਆਂ 'ਤੇ ਭਾਜਪਾ ਦੀ ਕੇਂਦਰ ਸਰਕਾਰ ਦਾ ਸਮਰਥਨ ਕਰਨ ਨਾਲ ਆਮ ਆਦਮੀ ਪਾਰਟੀ ਨੇ ਸਾਬਤ ਕੀਤਾ ਹੈ ਕਿ ਉਸ ਦਾ ਆਮ ਲੋਕਾਂ ਨਾਲ ਕੋਈ ਵਾਸਤਾ ਨਹੀਂ। ਉਹਨਾ ਦੋਸ਼ ਲਾਉਂਦਿਆਂ ਆਖਿਆ ਕਿ ਨੋਟਾਂ 'ਤੇ ਦੇਵੀ-ਦੇਵਤਿਆਂ ਜਾਂ ਵਿਸ਼ੇਸ਼ ਆਗੂਆਂ ਦੀਆਂ ਫੋਟੋਆਂ ਲਾਉਣ ਨਾਲ ਗਰੀਬੀ ਦੂਰ ਹੋਣ ਦਾ ਕੋਈ ਵਾਸਤਾ ਹੀ ਨਹੀਂ। ਅਜੋਕੀ ਆਰਥਕ ਵਿਵਸਥਾ ਦੀ ਨਿਘਰ ਰਹੀ ਹਾਲਤ ਦੀਆਂ ਜ਼ਿੰਮੇਵਾਰ ਕੇਂਦਰੀ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ, ਲੋਕਾਂ ਦਾ ਕਚੂਮਰ ਕੱਢਣ ਵਾਲੀਆਂ ਆਰਥਕ ਨੀਤੀਆਂ ਹਨ, ਜਿਹਨਾਂ ਨੂੰ ਬਦਲਣਾ ਜ਼ਰੂਰੀ ਹੋ ਗਿਆ ਹੈ। ਉਹਨਾ ਪੰਜਾਬ ਦੇ ਮੁੱਖ ਮੰਤਰੀ ਨੂੰ ਕੇਜਰੀਵਾਲ ਵੱਲੋਂ ਪ੍ਰਗਟਾਏ ਗਏ ਵਿਚਾਰ 'ਤੇ ਆਪਣੀ ਰਾਏ ਪ੍ਰਗਟ ਕਰਨ ਲਈ ਆਖਿਆ ਹੈ। ਉਹਨਾ ਅਫਸੋਸ ਪ੍ਰਗਟ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਪਹਿਲਾਂ ਵੀ ਕੇਜਰੀਵਾਲ ਅਤੇ ਹਰਿਆਣਾ ਦੇ ਆਪ ਆਗੂਆਂ ਵੱਲੋਂ ਦਿੱਤੇ ਗਏ ਪੰਜਾਬ ਵਿਰੋਧੀ ਬਿਆਨਾਂ ਬਾਰੇ ਚੁੱਪ ਰਹਿ ਕੇ ਪੰਜਾਬ ਦੇ ਹਿੱਤਾਂ ਨੂੰ ਕੁਰਬਾਨ ਕਰ ਰਹੀ ਹੈ, ਜਿਸ ਨੂੰ ਪੰਜਾਬ ਦੇ ਲੋਕ ਕਿਸੇ ਤਰ੍ਹਾਂ ਵੀ ਸਹਿਣ ਨਹੀਂ ਕਰਨਗੇ।

## ਲੈਪਟਾਪ ਨੁਹਾ'ਤਾ

**ਬੀਜਿੰਗ** : ਪੂਰਬੀ ਚੀਨ ਦੇ ਸ਼ੈਨਡੌਂਗ ਵਿਚ ਦੋ ਸਾਲ ਦੀ ਬੱਚੀ ਦੁਓਮੀ ਨੇ ਬ੍ਰੇਕਫਾਸਟ ਦੌਰਾਨ ਆਪਣੇ ਪਿਤਾ ਨੂੰ ਇਹ ਕਹਿੰਦਿਆਂ ਸੁਣ ਕੇ ਕਿ ਲੈਪਟਾਪ 'ਤੇ ਧੂੜ ਜੰਮ ਗਈ ਹੈ, ਰਾਤ ਨੂੰ ਟੱਬ ਵਿਚ ਪਾ ਕੇ ਲੈਪਟਾਪ ਧੋ ਦਿੱਤਾ। ਮਾਂ ਜਦੋਂ ਘਰ ਪੁੱਜੀ ਤਾਂ ਪਤੀ ਘੁਰਾੜੇ ਮਾਰ ਰਿਹਾ ਸੀ ਤੇ ਬਾਥਰੂਮ ਵਿਚ ਖੜਕਾ ਹੋ ਰਿਹਾ ਸੀ। ਉਸ ਨੇ ਜਾ ਕੇ ਦੇਖਿਆ ਤਾਂ ਬੱਚੀ ਸਰਫ ਨਾਲ ਲੈਪਟਾਪ ਧੋ ਰਹੀ ਸੀ। ਮਾਂ ਨੂੰ ਖਿਝ ਤਾਂ ਬਹੁਤ ਚੜ੍ਹੀ ਤੇ ਬੱਚੀ ਨੂੰ ਕੁੱਟਣ ਦਾ ਮਨ ਵੀ ਕੀਤਾ, ਪਰ ਫਿਰ ਸੋਚਿਆ ਕਿ ਏਨੀ ਨਿੱਕੀ ਬੱਚੀ ਨੂੰ ਕੀ ਪਤਾ ਕਿ ਕੀ ਕਰ ਰਹੀ ਹੈ। ਮਾਂ ਕਚੀਚੀਆਂ ਵੀ ਵੱਟਦੀ ਰਹੀ ਤੇ ਉਸ ਦੀ ਵੀਡੀਓ ਵੀ ਬਣਾਉਂਦੀ ਰਹੀ। ਪਿਤਾ ਨੇ ਤਿੰਨ ਸਾਲ ਪਹਿਲਾਂ ਲੈਪਟਾਪ 1200 ਡਾਲਰ ਦਾ ਲਿਆ ਸੀ। ਲੈਪਟਾਪ ਸਾਫ ਕਰਨ ਵਿਚ ਪਿਤਾ ਦੀ ਮਦਦ ਕਰਦੀ ਬੱਚੀ ਦੀ ਵੀਡੀਓ ਨੂੰ ਸਿਰਫ ਵੀਬੋ 'ਤੇ ਹੀ 10 ਕਰੋੜ ਲੋਕ ਦੇਖ ਚੁੱਕੇ ਹਨ।



## ਗੱਡੀ ਨੂੰ ਕਰੇਨ ਲੈ ਗਈ



**ਚੰਡੀਗੜ੍ਹ** : ਆਸੇ-ਪਾਸੇ ਦੇਖਣ ਮੇਰੀ ਗੱਡੀ ਕੌਣ ਲੈ ਗਿਆ। ਖਾਲੀ ਹੱਥ ਵਿਚ ਹੁਣ ਚਾਬੀ ਰਹਿ ਗਈ। ਬੋਲੋ ਤਾ ਰਾ ਰਾ ਤਾ ਰਾ ਰਾ। ਗੱਡੀ ਨੂੰ ਕਰੇਨ ਲੈ ਗਈ। ਬੋਲੋ ਤਾ ਰਾ ਰਾ। ਨੋ-ਪਾਰਕਿੰਗ, ਨੋ-ਪਾਰਕਿੰਗ। ਸੜਕਾਂ 'ਤੇ ਹੈ ਨੋ-ਪਾਰਕਿੰਗ। ਚੰਡੀਗੜ੍ਹ ਵਿਚ ਇਕ ਪੁਲਸਮੈਨ ਇਸ ਤਰ੍ਹਾਂ ਲੋਕਾਂ ਨੂੰ ਨੋ-ਪਾਰਕਿੰਗ ਇਲਾਕਿਆਂ ਵਿਚ ਗੱਡੀਆਂ ਲਾਉਣ ਵਿਰੁੱਧ ਖਬਰਦਾਰ ਕਰ ਰਿਹਾ ਹੈ।

## ਕਾਰ ਕੰਧ 'ਤੇ ਜਾ ਚੜ੍ਹੀ



**ਨਿਹਾਲ ਸਿੰਘ ਵਾਲਾ** : ਬਾਘਾ ਪੁਰਾਣਾ ਰੋਡ 'ਤੇ ਪਿੰਡ ਮਾਣੂਕੇ 'ਚ ਸਵਿਫਟ ਕਾਰ ਦੀ ਸਾਈਕਲ ਰੇਹੜੀ ਨਾਲ ਟੱਕਰ 'ਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਕਾਰ ਪਲਟੀਆਂ ਖਾਂਦੀ ਸਕੂਲ ਦੀ ਕੰਧ ਉੱਤੇ ਜਾ ਚੜ੍ਹੀ। ਕਾਰ ਨਿਹਾਲ ਸਿੰਘ ਵਾਲਾ ਪਾਸਿਓਂ ਜਾ ਰਹੀ ਸੀ। ਰੇਹੜੀ ਵਾਲੇ ਤੋਂ ਇਲਾਵਾ ਕਾਰ ਸਵਾਰ ਬਰਨਾਲਾ ਦੇ ਠੀਕਰੀਵਾਲ ਦੇ ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ।

## ਆਜ਼ਮ ਖਾਨ ਨੂੰ ਤਿੰਨ ਸਾਲ ਲਈ ਟੰਗਿਆ

**ਰਾਮਪੁਰ** : ਐੱਮ ਪੀ-ਐੱਮ ਐੱਲ ਏ ਕੋਰਟ ਨੇ ਸਮਾਜਵਾਦੀ ਪਾਰਟੀ ਦੇ ਆਗੂ ਤੇ ਸਾਬਕਾ ਮੰਤਰੀ ਆਜ਼ਮ ਖਾਨ ਨੂੰ 2019 ਵਿਚ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਵਿਰੁੱਧ ਨਫਰਤੀ ਬਿਆਨਬਾਜ਼ੀ ਦੇ ਦੋਸ਼ 'ਚ ਤਿੰਨ ਸਾਲ ਕੈਦ ਤੇ 25 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਹਾਲਾਂਕਿ ਕੋਰਟ ਨੇ ਆਜ਼ਮ ਖਾਨ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਤੇ ਹਾਈ ਕੋਰਟ ਵਿਚ ਅਪੀਲ ਕਰਨ ਦਾ ਇਕ ਹਫਤੇ ਦਾ ਸਮਾਂ ਦੇ ਦਿੱਤਾ।

74 ਸਾਲਾ ਆਜ਼ਮ ਖਾਨ ਨੇ ਅਪੀਲ ਨਾ ਕੀਤੀ ਤਾਂ ਉਨ੍ਹਾ ਦੀ ਰਾਮਪੁਰ ਤੋਂ ਅਸੰਬਲੀ ਮੈਂਬਰੀ ਚਲੇ ਜਾਵੇਗੀ।

## ਕੈਨੇਡਾ 'ਚ ਤਿੰਨ ਪੰਜਾਬੀ ਨਸ਼ਾ ਤਸਕਰ ਗ੍ਰਿਫਤਾਰ



ਜਸਪ੍ਰੀਤ ਸਿੰਘ ਰਵਿੰਦਰ ਬੋਪਾਰਾਏ ਗੁਰਦੀਪ ਗਾਖਲ

**ਓਟਵਾ** : ਟੋਰਾਂਟੋ 'ਚ ਕੌਮਾਂਤਰੀ ਡਰੱਗ ਤਸਕਰੀ ਦੇ ਸੰਬੰਧ 'ਚ ਤਿੰਨ ਪੰਜਾਬੀਆਂ ਸਣੇ 6 ਜਣਿਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ 2.5 ਕਰੋੜ ਅਮਰੀਕੀ ਡਾਲਰ ਦਾ ਨਸ਼ਾ ਜ਼ਬਤ ਕੀਤਾ ਗਿਆ ਹੈ।

ਬਰੈਂਪਟਨ ਦਾ 28 ਸਾਲਾ ਜਸਪ੍ਰੀਤ ਸਿੰਘ, ਮਿਸੀਸਾਗਾ ਦਾ 27 ਸਾਲਾ ਰਵਿੰਦਰ ਬੋਪਾਰਾਏ ਤੇ ਕੈਲੇਡਨ ਦਾ 38 ਸਾਲਾ ਗੁਰਦੀਪ ਗਾਖਲ ਉਨ੍ਹਾਂ ਮੁਲਜ਼ਮਾਂ 'ਚ ਸ਼ਾਮਲ ਹਨ, ਜਿਨ੍ਹਾਂ ਤੋਂ ਇਹ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।

## ਗੁਜਰਾਤ ਚੋਣਾਂ ਤੋਂ ਪਹਿਲਾਂ ਵੱਡਾ ਪ੍ਰੋਜੈਕਟ

**ਨਵੀਂ ਦਿੱਲੀ** : ਗੁਜਰਾਤ ਅਸੰਬਲੀ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਟਾਟਾ ਤੇ ਏਅਰਬੱਸ ਤੋਂ ਮਿਲਟਰੀ ਲਈ ਟਰਾਂਸਪੋਰਟ ਜਹਾਜ਼ ਬਣਵਾਉਣ ਦਾ ਫੈਸਲਾ ਕੀਤਾ ਹੈ। ਕਿਸੇ ਪ੍ਰਾਈਵੇਟ ਕੰਪਨੀ ਵੱਲੋਂ ਮਿਲਟਰੀ ਲਈ ਟਰਾਂਸਪੋਰਟ ਜਹਾਜ਼ ਬਣਵਾਉਣ ਦਾ ਇਹ ਪਹਿਲਾ ਪ੍ਰੋਜੈਕਟ ਹੈ, ਜਿਸ 'ਤੇ 21935 ਕਰੋੜ ਰੁਪਏ ਦੀ ਲਾਗਤ ਆਏਗੀ।

ਰੱਖਿਆ ਸਕੱਤਰ ਡਾ. ਵਿਜੇ ਕੁਮਾਰ ਨੇ ਦੱਸਿਆ ਕਿ ਇਹ ਜਹਾਜ਼ ਸਿਵਲੀਅਨ ਮੰਤਵਾਂ ਲਈ ਵੀ ਵਰਤਿਆ ਜਾ ਸਕੇਗਾ। ਪਲਾਂਟ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਵਡੋਦਰਾ ਵਿਚ ਕਰਨਗੇ। ਇਥੇ ਹਜ਼ਾਰਾਂ ਲੋਕਾਂ ਨੂੰ ਨੌਕਰੀਆਂ ਦੀ ਗੱਲ ਕੀਤੀ ਜਾਵੇਗੀ।

## ਦਿੱਲੀ ਨਿਗਮ ਚੋਣਾਂ ਕੂੜੇ ਦੇ ਮੁੱਦੇ 'ਤੇ ਲੜਾਂਗੇ : ਕੇਜਰੀਵਾਲ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗਾਜ਼ੀਪੁਰ ਡੰਪ ਸਾਈਟ ਦੇ ਨਿਰੀਖਣ ਦੌਰਾਨ ਕਿਹਾ ਕਿ ਗਾਜ਼ੀਪੁਰ 'ਚ ਕੂੜੇ ਦਾ ਪਹਾੜ ਅਸਲ 'ਚ ਭਾਜਪਾ ਦੇ ਮਾੜੇ ਕੰਮਾਂ ਅਤੇ ਸਿਵਲ ਸੰਸਥਾਵਾਂ 'ਚ ਭ੍ਰਿਸ਼ਟਾਚਾਰ ਦਾ ਪਹਾੜ ਹੈ। ਉਨ੍ਹਾ ਐਲਾਨ ਕੀਤਾ ਕਿ ਦਿੱਲੀ ਨਗਰ ਨਿਗਮ ਚੋਣਾਂ ਕੂੜੇ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ। ਭਾਜਪਾ ਨੇ ਆਪਣੇ 15 ਸਾਲਾਂ ਦੇ ਸ਼ਾਸਨ ਦੌਰਾਨ ਦਿੱਲੀ ਨੂੰ ਕੂੜੇ ਦੇ ਤਿੰਨ ਪਹਾੜ ਦਿੱਤੇ ਹਨ। ਕੇਜਰੀਵਾਲ ਦੇ ਦੌਰੇ ਦੌਰਾਨ ਭਾਜਪਾਈਆਂ ਨੇ ਉਨ੍ਹਾ ਵਿਰੁੱਧ ਨਾਅਰੇਬਾਜ਼ੀ ਕੀਤੀ।

## ਬੀ ਐੱਸ ਐੱਫ ਇੰਸਪੈਕਟਰ ਵੱਲੋਂ ਆਤਮ ਹੱਤਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**



ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਨਜ਼ਦੀਕੀ ਸਰਹੱਦੀ ਕਸਬਾ ਸ਼ਿਕਾਰ ਮਾਛੀਆ ਵਿਖੇ ਬੀ ਐੱਸ ਐੱਫ 113 ਬਟਾਲੀਅਨ ਵਿੱਚ ਤਾਇਨਾਤ ਇੰਸਪੈਕਟਰ ਸੱਤਿਆ ਨਰਾਇਣ ਸਿੰਘ (40) ਵੱਲੋਂ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕ ਯੂ ਪੀ ਦਾ ਰਹਿਣ ਵਾਲਾ ਸੀ। ਆਤਮ ਹੱਤਿਆ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ। ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਇੰਚਾਰਜ ਬਲਬੀਰ ਸਿੰਘ ਨੇ ਲਾਸ਼ ਨੂੰ ਕਬਜ਼ੇ 'ਚ ਲੈ ਸਿਵਲ ਹਸਪਤਾਲ ਬਟਾਲਾ ਵਿਖੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਸੰਦੀਪ ਧਾਲੀਵਾਲ ਦੇ ਕਾਤਲ ਨੂੰ ਮੌਤ ਦੀ ਸਜ਼ਾ

**ਹਿਊਸਟਨ** : ਅਮਰੀਕੀ ਰਾਜ ਟੈਕਸਾਸ 'ਚ 2019 'ਚ ਪਹਿਲੇ ਦਸਤਾਰਧਾਰੀ ਭਾਰਤੀ-ਅਮਰੀਕੀ ਸਿੱਖ ਪੁਲਸ ਅਧਿਕਾਰੀ ਸੰਦੀਪ ਧਾਲੀਵਾਲ ਦੀ ਹੱਤਿਆ ਦੇ ਦੋਸ਼ੀ ਰਾਬਰਟ ਸੋਲਿਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਹ ਫੈਸਲਾ ਨਾਗਰਿਕਾਂ ਦੇ ਬਣੇ ਪੈਨਲ ਜਿਊਰੀ ਵੱਲੋਂ ਦਿੱਤਾ ਗਿਆ। ਸੋਲਿਸ ਨੇ ਸਜ਼ਾ ਸੁਣਨ ਤੋਂ ਬਾਅਦ ਕੋਈ ਪ੍ਰਤੀਕਿਰਿਆ ਨਹੀਂ ਕੀਤੀ।



## ਅੱਜ-ਨਾਮਾ

ਪਾਇਆ ਰੌਲਾ ਪ੍ਰਦੂਸ਼ਣ ਦਾ ਬਹੁਤ ਜਾਂਦਾ,
ਚਾਹੁੰਦੇ ਲੋਕ ਹਨ ਲੱਗ ਜਾਏ ਰੋਕ ਮੀਆਂ।
ਕਰਦਾ ਕੌਣ ਪ੍ਰਦੂਸ਼ਣ ਜੀ ਪਿਆ ਆਖਰ,
ਇਹ ਵੀ ਜਾਣਦੇ ਸਾਰੇ ਹਨ ਲੋਕ ਮੀਆਂ।
ਸਾਰੇ ਹਿੱਸਾ ਪ੍ਰਦੂਸ਼ਣ ਵਿੱਚ ਪਾਉਣ ਰੁੱਝੇ,
ਹਰ ਕੋਈ ਦੂਜੇ ਨੂੰ ਰਿਹਾ ਹੈ ਟੋਕ ਮੀਆਂ।
ਸੋਟਾ ਪੀੜ੍ਹੀ ਦੇ ਹੇਠ ਕੋਈ ਮਾਰਦਾ ਨਹੀਂ,
ਸੋਚਣੀ ਨਾਲ ਪਈ ਚਿੰਬੜੀ ਜੋਕ ਮੀਆਂ।
ਆਪਣਾ ਨੁਕਸ ਨਹੀਂ ਮੰਨਦਾ ਕੋਈ ਡਿੱਠਾ,
ਨੁਕਸ ਦੂਜਿਆਂ ਦੇ ਜਾਂਦੇ ਈ ਗਿਣੇ ਮੀਆਂ।
ਲੀਹੋਂ ਲੱਥੀ ਪਈ ਜਿੰਨੀ ਆ ਮਾਨਸਿਕਤਾ,
ਕਿਹੜੇ ਗਜ਼ ਦੇ ਨਾਲ ਕੋਈ ਮਿਣੇ ਮੀਆਂ।

-ਤੀਸ ਮਾਰ ਖਾਂ

# ਜਾਇਦਾਦ ਮਾਲਕਾਂ ਨੂੰ 15 ਦਿਨਾਂ 'ਚ ਮਿਲੇਗੀ ਐੱਨ ਓ ਸੀ, ਤਤਕਾਲ 5 ਦਿਨਾਂ 'ਚ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਲੋਕਾਂ ਨੂੰ ਜਾਇਦਾਦ ਦੀ ਖਰੀਦੋ-ਫਰੋਖਤ ਦੌਰਾਨ ਹੋਣ ਵਾਲੇ ਝਗੜਿਆਂ ਅਤੇ ਮੁਕੱਦਮੇਬਾਜ਼ੀ ਤੋਂ ਬਚਾਉਣ ਲਈ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਵੀਰਵਾਰ ਨੂੰ ਇੱਕ ਉੱਚ ਪੱਧਰੀ ਮੀਟਿੰਗ ਦੌਰਾਨ ਐੱਨ.ਓ.ਸੀ ਪ੍ਰਕ੍ਰਿਆ ਨੂੰ 21 ਦਿਨਾਂ ਤੋਂ ਘਟਾ ਕੇ 15 ਕੰਮਕਾਜੀ ਦਿਨ ਕਰਨ ਦਾ ਫੈਸਲਾ ਲਿਆ।

ਇੱਥੇ ਪੰਜਾਬ ਭਵਨ ਵਿਖੇ ਹੋਈ ਇਸ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਸੁਝਾਅ 'ਤੇ ਇਹ ਵੀ ਫੈਸਲਾ ਲਿਆ ਗਿਆ ਕਿ ਪ੍ਰਵਾਸੀ ਭਾਰਤੀਆਂ ਅਤੇ ਹੋਰਨਾਂ ਅਜਿਹੇ ਵਿਅਕਤੀਆਂ ਜਿਨ੍ਹਾਂ ਕੋਲ ਸਮੇਂ ਦੀ ਘਾਟ ਹੁੰਦੀ ਹੈ, ਦੀ ਸਹੂਲਤ ਲਈ ਤਤਕਾਲ ਸੁਵਿਧਾ ਤਹਿਤ ਐੱਨ.ਓ.ਸੀ. ਪ੍ਰਕ੍ਰਿਆ ਲਈ ਸਮਾਂ 5 ਦਿਨ ਦਾ ਹੋਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਇਸ ਸੁਵਿਧਾ ਤਹਿਤ ਪ੍ਰਵਾਸੀ ਭਾਰਤੀ ਜਾਂ ਉਹ ਵਿਅਕਤੀ ਜੋ ਇਸ ਸਹੂਲਤ ਨੂੰ ਜਲਦੀ ਹਾਸਲ ਕਰਨਾ ਚਾਹੁੰਦੇ ਹਨ, ਕੁਝ ਵੱਧ ਫੀਸ ਅਦਾ ਕਰਕੇ 5 ਦਿਨਾਂ ਵਿੱਚ ਐੱਨ.ਓ.ਸੀ. ਹਾਸਲ ਕਰ ਸਕਣਗੇ।

ਇਸੇ ਦੌਰਾਨ ਕੈਬਨਿਟ ਮੰਤਰੀਆਂ ਵੱਲੋਂ ਐੱਨ.ਓ.ਸੀ ਦੀ ਆਨਲਾਈਨ ਪ੍ਰਕ੍ਰਿਆ 'ਤੇ ਨਜ਼ਰ ਰੱਖਣ ਲਈ ਮਾਲ ਵਿਭਾਗ ਦੇ ਸਬ-ਰਜਿਸਟਰਾਰ ਨੂੰ ਲਾਗਇੰਨ ਆਈ.ਡੀ ਅਤੇ ਪਾਸਵਰਡ ਮੁਹੱਈਆ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਉਹ ਰਜਿਸਟਰੀ ਮੌਕੇ ਅਸਲੀ ਅਤੇ ਜਾਲ੍ਹੀ ਐੱਨ.ਓ.ਸੀ. ਦਾ ਪਤਾ ਲਗਾ ਸਕੇ। ਇਸ ਨਾਲ ਜਾਲ੍ਹੀ ਐੱਨ.ਓ.ਸੀ ਕਾਰਨ ਹੋਈ ਰਜਿਸਟਰੀ ਦੇ ਮਾਮਲੇ ਵਿੱਚ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇਗੀ ਅਤੇ ਧੋਖਾਧੜੀ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਮੇਂ ਸਿਰ ਅਪਰਾਧਕ ਮਾਮਲੇ ਦਰਜ ਕਰਨ ਵਿੱਚ ਵੀ ਸਹਾਇਤਾ ਮਿਲੇਗੀ। ਮੀਟਿੰਗ ਦੌਰਾਨ ਲੋਕਾਂ ਦੀ ਸਹੂਲਤ ਲਈ ਵਸੀਕਾ ਨਵੀਸਾਂ ਦੇ ਨਵੇਂ ਲਾਇਸੰਸ ਜਾਰੀ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਕਿ ਹਰੇਕ ਵਸੀਕਾ ਨਵੀਸ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਨੂੰ ਜਾਇਦਾਦ ਵਿਕਰੇਤਾ ਤੇ ਖਰੀਦਦਾਰ ਦੀ ਜਾਣਕਾਰੀ ਲਈ ਪ੍ਰਦਰਸ਼ਿਤ ਕਰੇ ਅਤੇ ਤਹਿਸੀਲਦਾਰਾਂ ਵੱਲੋਂ ਅਚਨਚੇਤ ਚੈਕਿੰਗਾਂ ਕਰਕੇ ਇਸ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਲੋਕਾਂ ਨੂੰ ਅਧਿਕਾਰਤ ਅਤੇ ਅਣ-ਅਧਿਕਾਰਤ ਰਿਹਾਇਸ਼ੀ ਕਾਲੋਨੀਆਂ ਬਾਰੇ ਜਾਣੂੰ ਕਰਵਾਉਣ ਲਈ ਸੂਬੇ ਭਰ ਦੀਆਂ ਸਾਰੀਆਂ ਅਧਿਕਾਰਤ ਕਾਲੋਨੀਆਂ ਦੀ ਸੂਚੀ ਨੂੰ ਮਾਲ, ਮਕਾਨ ਉਸਾਰੀ ਤੇ ਸਥਾਨਕ ਸਰਕਾਰਾਂ ਦੀਆਂ ਵਿਭਾਗੀ ਵੈੱਬਸਾਈਟਾਂ 'ਤੇ ਪ੍ਰਕਾਸ਼ਤ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਮੀਟਿੰਗ ਵਿੱਚ ਹਾਜ਼ਰ ਮਾਲ, ਮਕਾਨ ਉਸਾਰੀ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਅਗਲੀ ਮੀਟਿੰਗ ਦੌਰਾਨ ਜਾਇਦਾਦ ਰਜਿਸਟਰੀ ਪ੍ਰਕ੍ਰਿਆ ਵਿੱਚ ਆਉਂਦੀਆਂ ਹੋਰਨਾਂ ਔਕੜਾਂ ਦੇ ਹੱਲ ਲਈ ਸੁਝਾਅ ਪੇਸ਼ ਕਰਨ ਤਾਂ ਜੋ ਲੋਕਾਂ ਦੀ ਸਹੂਲਤ ਅਤੇ ਰੀਅਲ ਅਸਟੇਟ ਵਿੱਚ ਤੇਜ਼ੀ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਰੇ ਵਿਭਾਗਾਂ ਦੀ ਕਾਰਵਾਈ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਵਚਨਬੱਧ ਹੈ।

## ਚੱਢਾ ਵੱਲੋਂ ਆਬੂਧਾਬੀ 'ਚ ਫਸੇ ਪੰਜਾਬੀਆਂ ਨੂੰ ਕੱਢਣ ਲਈ ਕੇਂਦਰ ਤੋਂ ਤੁਰੰਤ ਦਖਲ ਦੀ ਮੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਆਬੂਧਾਬੀ ਵਿੱਚ ਫਸੇ ਲੱਗਭੱਗ 100 ਪ੍ਰਵਾਸੀ ਪੰਜਾਬੀ ਮਜ਼ਦੂਰਾਂ ਦੀ ਸੁਰੱਖਿਅਤ ਅਤੇ ਜਲਦ ਘਰ ਵਾਪਸੀ ਲਈ ਵਿਦੇਸ਼ ਮੰਤਰੀ ਡਾ: ਐੱਸ ਜੈਸ਼ੰਕਰ ਦੇ ਤੁਰੰਤ ਦਖਲ ਦੀ ਮੰਗ ਕੀਤੀ ਹੈ। ਵਿਦੇਸ਼ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਸਾਂਸਦ ਰਾਘਵ ਚੱਢਾ ਨੇ ਕਿਹਾ ਕਿ ਆਬੂਧਾਬੀ ਵਿੱਚ ਇੱਕ ਪ੍ਰਾਈਵੇਟ ਫਰਮ, ਸਕੁਏਅਰ ਜਨਰਲ ਕੰਟਰੈਕਟਿੰਗ ਕੰਪਨੀ ਨੇ ਉਥੇ ਕੰਮ ਕਰਦੇ ਪੰਜਾਬ ਦੇ 100 ਦੇ ਕਰੀਬ ਮੂਲ ਨਿਵਾਸੀਆਂ ਦੇ ਕੰਟ੍ਰੈਕਟ ਖਤਮ ਕਰ ਦਿੱਤੇ ਹਨ ਤੇ ਉਨ੍ਹਾਂ ਦੇ ਪਾਸਪੋਰਟ ਵਾਪਸ ਕਰਨ ਤੋਂ ਵੀ ਮਨ੍ਹਾ ਕਰ ਰਹੇ ਹਨ। ਨਤੀਜਨ ਇਹ ਪੰਜਾਬੀ ਬਿਨਾਂ ਪਾਸਪੋਰਟ ਆਬੂਧਾਬੀ ਵਿੱਚ ਫਸੇ ਹੋਏ ਹਨ। ਉਨ੍ਹਾ ਕਿਹਾ ਕਿ ਇਸ ਕਾਰਨ ਆਨਲਾਈਨ ਅਰਜ਼ੀਆਂ ਦੇਣ ਅਤੇ ਪਰਵਾਰ ਵੱਲੋਂ ਟਿਕਟਾਂ ਦੇ ਪ੍ਰਬੰਧ ਲਈ ਤਿਆਰ ਰਹਿਣ ਦੇ ਬਾਵਜੂਦ ਉਹ ਕਾਮੇ ਭਾਰਤ ਪਰਤਣ ਤੋਂ ਅਸਮਰੱਥ ਹਨ।

'ਆਪ' ਦੇ ਸੀਨੀਅਰ ਨੇਤਾ ਨੇ ਕੇਂਦਰੀ ਮੰਤਰੀ ਨੂੰ ਆਪਣੇ ਪੱਤਰ ਵਿੱਚ ਕਿਹਾ, "ਮੈਂ ਇਸ ਮਾਮਲੇ ਵਿੱਚ ਫੌਰੀ ਤੁਹਾਨੂੰ ਦਖਲ ਦੇਣ ਦੀ ਅਪੀਲ ਕਰਦਾ ਹਾਂ ਅਤੇ ਫਸੇ ਹੋਏ ਲੋਕਾਂ ਨਾਲ ਸੰਪਰਕ ਸਥਾਪਤ ਕਰਨ ਲਈ ਦੁਬਈ ਵਿੱਚ ਭਾਰਤੀ ਦੂਤਾਵਾਸ ਨੂੰ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕਰਦਾ ਹਾਂ।"

ਉਨ੍ਹਾਂ ਆਪਣੇ ਟਵੀਟ 'ਚ ਲਿਖਿਆ, "ਮੈਂ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਯੂ ਏ ਈ ਦੇ ਆਬੂਧਾਬੀ ਵਿੱਚ ਫਸੇ ਪੰਜਾਬ ਦੇ ਪ੍ਰਵਾਸੀ ਮਜ਼ਦੂਰਾਂ ਦੀ ਵਾਪਸੀ ਲਈ ਡਾ. ਐੱਸ ਜੈਸ਼ੰਕਰ ਨੂੰ ਤੁਰੰਤ ਇਸ ਮਾਮਲੇ 'ਚ ਦਖਲ ਦੇਣ ਦੀ ਬੇਨਤੀ ਕੀਤੀ ਹੈ। ਅਸੀਂ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।"

## ਵਿਦਿਆਰਥੀ ਆਗੂ ਨਵਲ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਵਿਦਿਆਰਥੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਦਰਜ ਕਰਾਉਣ ਮਗਰੋਂ ਆਮ ਆਦਮੀ ਪਾਰਟੀ ਦੇ ਵਿਦਿਆਰਥੀ ਵਿੰਗ ਸੀਵਾਈਐੱਸਐੱਸ ਦੇ ਆਗੂ ਨਵਲ ਮੌਲਵੀਵਾਲਾ ਦੀ ਅਗਵਾਈ ਵਿੱਚ ਜਥੇਬੰਦੀ ਦੇ ਵਫਦ ਵੱਲੋਂ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਵਿਦਿਆਰਥੀ ਆਗੂਆਂ ਦੇ ਵਫ਼ਦ ਨੂੰ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਹੌਸਲਾ ਅਫ਼ਜ਼ਾਈ ਕਰਦਿਆਂ ਸ਼ਾਨਦਾਰ ਜਿੱਤ ਦਰਜ ਕਰਾਉਣ ਲਈ ਮੁਬਾਰਕਬਾਦ ਦਿੱਤੀ। 'ਆਪ' ਆਗੂ ਨਵਲ ਮੌਲਵੀਵਾਲਾ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਤਿਹਾਸ ਵਿੱਚ ਪਹਿਲੀ ਵਾਰ ਚੋਣ ਮੈਦਾਨ ਵਿੱਚ ਉੱਤਰੀ ਸੀਵਾਈਐੱਸਐੱਸ ਨੇ ਜਿੱਤ ਦਰਜ ਕਰਕੇ ਆਮ ਆਦਮੀ ਪਾਰਟੀ ਦੇ ਕੰਮਾਂ ਉੱਤੇ ਮੋਹਰ ਲਾਈ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਇਤਿਹਾਸ ਵਿੱਚ ਕਈ ਵੱਡੇ ਆਗੂ ਪੈਦਾ ਕੀਤੇ ਹਨ ਤੇ ਹੁਣ ਸੂਬੇ ਵਿਚ ਸਿਆਸਤ ਦੀ ਵਾਗਡੋਰ ਨੌਜਵਾਨਾਂ ਦੇ ਹੱਥ ਵਿੱਚ ਹੋਣ ਦਾ ਸਿੱਟਾ ਹੈ ਕਿ ਵਿਦਿਆਰਥੀ ਚੋਣਾਂ ਦੌਰਾਨ ਵੀ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕੰਮਾਂ ਵਿੱਚ ਵਿਸ਼ਵਾਸ ਰੱਖਦੀ ਹੈ ਤੇ ਆਮ ਜਨਤਾ ਦੀ ਭਲਾਈ ਲਈ ਕੀਤੇ ਜਾਣ ਵਾਲੇ ਕਾਰਜ ਉਸ ਦਾ ਮੁੱਖ ਮਨੋਰਥ ਹੈ।

## ਸ.ਹ.ਸਕੂਲ ਭੂੰਦੜ ਵਿਖੇ ਲਾਇਆ ਸਾਇੰਸ ਮੇਲਾ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਹੀਦ ਨਾਇਕ ਮਹਿੰਦਰ ਸਿੰਘ ਸਰਕਾਰੀ ਹਾਈ ਸਕੂਲ ਭੂੰਦੜ ਵਿਖੇ ਮੁੱਖ ਅਧਿਆਪਕਾ ਸ੍ਰੀਮਤੀ ਪੂਜਾ ਰਾਣੀ ਦੀ ਯੋਗ ਅਗਵਾਈ ਹੇਠ ਇੱਕ ਰੋਜ਼ਾ ਸਾਇੰਸ ਮੇਲਾ ਲਾਇਆ ਗਿਆ। ਸਾਇੰਸ ਅਧਿਆਪਕ ਵਿਰੇਂਦਰ ਸਿੰਘ ਤੇ ਜਸਪਾਲ ਕੌਰ ਵੱਲੋਂ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਸਾਇੰਸ ਵਿਸ਼ੇ ਨਾਲ ਸਬੰਧਤ ਤਿਆਰ ਕਰਵਾਏ ਪ੍ਰੋਜੈਕਟਾਂ/ਮਾਡਲਾਂ ਦੀ ਪ੍ਰਦਰਸ਼ਨੀ ਲਾਈ ਗਈ ਅਤੇ ਇਨ੍ਹਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਹੈੱਡ ਮਿਸਟ੍ਰੈਸ ਵੱਲੋਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਅੱਜ ਦੇ ਵਿਗਿਆਨਕ ਯੁੱਗ ਨਾਲ ਜੁੜਨ ਲਈ ਪ੍ਰੇਰਤ ਕੀਤਾ।

## ਜੁਗਿੰਦਰ ਸਿੰਘ ਧੰਜਲ ਭਾਈ ਲਾਲੋ ਜੀ ਦੀ ਤਸਵੀਰ ਨਾਲ ਸਨਮਾਨਤ



ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)-ਪਿੰਡ ਧਨੇਰ ਵਿਖੇ ਬਾਬਾ ਵਿਸ਼ਵਕਰਮਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਵੱਖ-ਵੱਖ ਰਾਗੀ ਜਥਿਆਂ ਨੇ ਰਸਭਿੰਨਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਖ-ਵੱਖ ਆਗੂਆਂ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਰਲ-ਮਿਲ ਬੈਠਣ ਤੇ ਭਾਈਚਾਰਕ ਸਾਂਝ ਨੂੰ ਤਕੜਾ ਕਰਨ ਦਾ ਸੰਦੇਸ਼ ਦਿੰਦੇ ਹਨ। ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਹਲਕਾ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ, ਜਰਨੈਲ ਸਿੰਘ ਮਠਾੜੂ, ਬਾਬਾ ਬੁੱਧ ਸਿੰਘ ਕਲਸੀ, ਭਰਪੂਰ ਸਿੰਘ ਜਗਦੇ, ਗੁਰਮੀਤ ਸਿੰਘ ਮਠਾੜੂ, ਜਸਪ੍ਰੀਤ ਸਿੰਘ ਧੰਜਲ ਆਦਿ ਦੀ ਅਗਵਾਈ ਹੇਠ ਬਾਬਾ ਵਿਸ਼ਵਕਰਮਾ ਕਮੇਟੀ ਦੇ ਪ੍ਰਧਾਨ ਜੁਗਿੰਦਰ ਸਿੰਘ ਧੰਜਲ ਨੂੰ ਬ੍ਰਹਮ ਗਿਆਨੀ ਕਿਰਤੀ ਭਾਈ ਲਾਲੋ ਦੀ ਤਸਵੀਰ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## 'ਕੌਣ ਬਣੇਗਾ ਪਿਆਰੇ ਦਾ ਪਿਆਰਾ' 'ਚ ਨਨਕਾਣਾ ਸਾਹਿਬ ਸਕੂਲ ਨੇ ਮਾਰੀ ਮੱਲ



ਸਮਰਾਲਾ (ਸੁਰਜੀਤ ਸਿੰਘ)-ਬੀਤੇ ਦਿਨੀਂ ਜੀਵਨ-ਜਾਚ ਚੈਰੀਟੇਬਲ ਸੁਸਾਇਟੀ (ਪਟਿਆਲਾ) ਵੱਲੋਂ ਪਿੰਡ ਪਾਲ ਮਾਜਰਾ ਵਿਖੇ ਕਰਵਾਈ ਗਈ ਪ੍ਰਤੀਯੋਗਤਾ 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਵਿੱਚੋਂ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੇ ਨੌਵੀਂ ਜਮਾਤ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਨੇ ਪਹਿਲਾ ਸਥਾਨ ਤੇ ਪੰਜਵੀਂ ਜਮਾਤ ਦੀ ਵਿਦਿਆਰਥਣ ਨੂਰਜੋਤ ਕੌਰ ਨੇ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਬੱਚਿਆਂ ਨੇ ਇਸ ਪ੍ਰਤੀਯੋਗਤਾ 'ਚ ਪੁੱਛੇ ਗਏ ਸਵਾਲਾਂ ਦੇ ਸਭ ਤੋਂ ਵੱਧ ਸਹੀ ਜਵਾਬ ਦੇ ਕੇ ਇਹ ਪੁਜ਼ੀਸ਼ਨਾਂ ਹਾਸਲ ਕੀਤੀਆਂ ਤੇ ਆਕਰਸ਼ਕ ਇਨਾਮ ਜਿੱਤੇ। ਇਸ ਪ੍ਰਤੀਯੋਗਤਾ ਵਿਚ ਇਲਾਕੇ ਦੇ 85 ਨਾਲੋਂ ਵੱਧ ਬੱਚਿਆਂ ਨੇ ਭਾਗ ਲਿਆ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਮਾਲਇੰਦਰ ਸਿੰਘ ਨੇ ਬੱਚਿਆਂ ਦੀ ਇਸ ਵਿਲੱਖਣ ਪ੍ਰਾਪਤੀ 'ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਵਧਾਈ ਦਿੱਤੀ।

## ਮੁਫਤ ਮੈਡੀਕਲ ਚੈੱਕਅਪ ਕੈਂਪ ਲਾਇਆ



ਜਲਾਲਾਬਾਦ (ਦਹੂਜਾ)-ਗਾਂਧੀ ਨਗਰ ਵਿਖੇ ਪਰਸਵਾਰਥ ਸਭਾ ਵੱਲੋਂ ਚੱਲ ਰਹੀ ਡਿਸਪੈਂਸਰੀ 'ਚ ਅੱਜ ਮੈਡੀਕਲ ਚੈੱਕਅਪ ਕੈਂਪ ਦੌਰਾਨ ਡਾ. ਓਮ ਪ੍ਰਕਾਸ਼ ਕੰਬੋਜ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਮੁਫ਼ਤ ਦਵਾਈਆਂ ਦਿੱਤੀਆਂ। ਸਭਾ ਦੇ ਅਹੁਦੇਦਾਰ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 69 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਇਹ ਫਰੀ ਮੈਡੀਕਲ ਚੈੱਕਅਪ ਕੈਂਪ ਹਰ ਬੁੱਧਵਾਰ ਤੇ ਐਤਵਾਰ ਲਗਾਇਆ ਜਾਂਦਾ ਹੈ, ਜਿਸ ਦਾ ਫਾਇਦਾ ਹਜ਼ਾਰਾਂ ਦੀ ਗਿਣਤੀ 'ਚ ਮਰੀਜ਼ ਉਠਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋੜਵੰਦ ਤੇ ਗਰੀਬ ਪਰਵਾਰਾਂ ਦੇ ਲੋਕ ਹਫਤੇ 'ਚ 2 ਵਾਰ ਮਾਹਰ ਡਾਕਟਰਾਂ ਵੱਲੋਂ ਕੀਤੇ ਜਾਂਦੇ ਫਰੀ ਚੈੱਕਅਪ ਦਾ ਫਾਇਦਾ ਉਠਾ ਸਕਦੇ ਹਨ। ਇਸ ਮੌਕੇ ਪਰਸਵਾਰਥ ਸਭਾ ਦੇ ਅਹੁਦੇਦਾਰ ਮੋਹਨ ਲਾਲ ਕੁੱਕੜ, ਗੁਰਚਰਨ ਕਮੀਰਿਆ, ਵਿਜੇ ਬਾਘਲਾ, ਜਸਰਾਜ ਭਠੇਜਾ, ਸੁਰੇਸ਼ ਚੌਹਾਨ, ਕੀਰਤੀ ਵਾਟਸ ਆਦਿ ਹਾਜ਼ਰ ਸਨ।

## ਦੋ ਭਰਾਵਾਂ ਦੀ ਕੁੱਟਮਾਰ ਕਰਨ ਤੇ ਮੋਟਰਸਾਈਕਲ ਦੀ ਭੰਨ ਤੋੜ ਦੇ ਦੋਸ਼ 'ਚ 9 ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਟੋਕਰੀ ਬਾਜ਼ਾਰ ਵਿਖੇ ਦੋ ਭਰਾਵਾਂ ਦੀ ਕੁੱਟਮਾਰ ਕਰਕੇ ਉਨ੍ਹਾਂ ਦੇ ਮੋਟਰਸਾਈਕਲ ਦੀ ਭੰਨ ਤੋੜ ਕਰਨ ਦੇ ਦੋਸ਼ ਵਿਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 5 ਵਿਅਕਤੀਆਂ ਸਮੇਤ 3-4 ਅਣਪਛਾਤੇ ਆਦਮੀਆਂ ਖਿਲਾਫ਼ 452, 323, 506, 427, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਾਰਸ਼ਲ ਮਹਿਤਾ ਪੁੱਤਰ ਸੁਰਿੰਦਰ ਕਾਂਤ ਮਹਿਤਾ ਵਾਸੀ ਅੰਦਰੂਨ ਜ਼ੀਰਾ ਗੇਟ ਨੇ ਦੱਸਿਆ ਕਿ ਉਹ ਜੋ ਮਹਿਤਾ ਲੈਬ ਦੀ ਦੁਕਾਨ ਟੋਕਰੀ ਬਾਜ਼ਾਰ ਵਿਖੇ ਕਰਦਾ ਹੈ। ਬੀਤੀ 22 ਅਕਤੂਬਰ ਨੂੰ ਉਸ ਦੇ ਭਰਾ ਹਰਸ਼ਦ ਮਹਿਤਾ ਦਾ ਦੋਸ਼ੀ ਬੱਬੂ ਉਰਫ਼ ਬੌਬੀ, ਜਿਸ ਨੇ ਸ਼ਰਾਬ ਪੀਤੀ ਹੋਈ ਸੀ, ਨਾਲ ਬੋਲ ਬੁਲਾਰਾ ਹੋਇਆ ਸੀ ਤੇ ਉਸ ਦਾ ਭਰਾ ਜੋ ਉਸ ਦੀ ਦੁਕਾਨ ਵਿਚ ਆ ਗਿਆ ਤੇ ਦੋਸ਼ੀਅਨ ਬੱਬੂ, ਹੈਪੀ, ਜੱਸਾ, ਗੋਰਾ ਪੁੱਤਰਾਨ ਕਾਲਾ ਵਾਸੀ ਸਿਰਕੀ ਬਾਜ਼ਾਰ, ਗੋਪੀ ਪੁੱਤਰ ਗੱਬਰ ਵਾਸੀ ਕਸ਼ਮੀਰੀ ਵਾਲੀ ਗਲੀ ਟੋਕਰੀ ਬਾਜ਼ਾਰ ਤੇ 3-4 ਅਣਪਛਾਤੇ ਆਦਮੀਆਂ ਨੇ ਹਮਮਸ਼ਵਰਾ ਹੋ ਕੇ ਉਸ ਦੀ ਦੁਕਾਨ ਵਿਚ ਆ ਕੇ ਉਸ ਦੀ ਤੇ ਉਸ ਦੇ ਭਰਾ ਦੀ ਕੁੱਟਮਾਰ ਕੀਤੀ ਤੇ ਦੁਕਾਨ ਦੇ ਬਾਹਰ ਖੜੇ ਮੋਟਰਸਾਈਕਲ ਦੀ ਭੰਨ ਤੋੜ ਕੀਤੀ। ਮਾਰਸ਼ਲ ਮਹਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਬੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਦਿਆਰਥੀਆਂ ਵੱਲੋਂ ਚੰਡੀਗੜ੍ਹ ਦਾ ਵਿੱਦਿਅਕ ਟੂਰ



ਬਾਘਾ ਪੁਰਾਣਾ (ਮਨੀ ਸਿੰਗਲਾ)-ਸੇਂਟ ਜੋਰਡਨ ਕਾਨਵੈਂਟ ਸਕੂਲ ਦੇ ਛੇਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਪ੍ਰਿੰਸੀਪਲ ਮੈਡਮ ਸੁਧਾ ਕੇ. ਆਰ. ਦੀ ਅਗਵਾਈ ਹੇਠ ਵਿੱਦਿਅਕ ਟੂਰ ਲਿਜਾਇਆ ਗਿਆ। ਇਸ ਟੂਰ ਦੌਰਾਨ ਵਿਦਿਆਰਥੀਆਂ ਦੁਆਰਾ ਚੰਡੀਗੜ੍ਹ ਸ਼ਹਿਰ ਦੇ ਘੁੰਮਣ ਯੋਗ ਸਥਾਨ (ਚਿੜੀਆ ਘਰ, ਮਿਊਜ਼ੀਅਮ, ਸੁਖਨਾ ਲੇਕ ਤੇ ਰੌਕ ਗਾਰਡਨ) ਵਿਖੇ ਜਾ ਕੇ ਭਰਪੂਰ ਆਨੰਦ ਮਾਣਿਆ ਗਿਆ। ਇਸ ਤੋਂ ਇਲਾਵਾ ਇਸ ਸਮੇਂ ਮੌਜੂਦਾ ਸਕੂਲ ਸਟਾਫ ਮੈਂਬਰਾਂ ਦੁਆਰਾ ਵਿਦਿਆਰਥੀਆਂ ਨੂੰ ਇਨ੍ਹਾਂ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਨੂੰ ਵਿਦਿਆਰਥੀਆਂ ਨੇ ਬੜੀ ਹੀ ਉਤਸੁਕਤਾ ਨਾਲ ਗ੍ਰਹਿਣ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਸਮੇਂ-ਸਮੇਂ 'ਤੇ ਅਜਿਹੇ ਸਿੱਖਿਆਤਮਕ ਟੂਰਾਂ ਦਾ ਆਯੋਜਨ ਕਰਨ ਬਾਰੇ ਕਿਹਾ ਗਿਆ।

# ਨਬਾਲਗ ਬੱਚਿਆਂ ਵੱਲੋਂ ਵਹੀਕਲ ਚਲਾਉਣ 'ਤੇ ਪੁਲਸ ਨੇ ਕੱਟੇ ਚਲਾਨ



ਬੂੜਾਗੁੱਜਰ ਰੋਡ 'ਤੇ ਵਿਦਿਆਰਥੀਆਂ ਦੇ ਚਲਾਨ ਕੱਟਦੀ ਹੋਈ ਪੁਲਸ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਸ੍ਰੀ ਗੌਰਵ ਯਾਦਵ ਆਈ.ਪੀ.ਐਸ ਡੀ.ਜੀ.ਪੀ. ਤੇ ਸ੍ਰੀ ਪ੍ਰਦੀਪ ਕੁਮਾਰ ਯਾਦਵ ਆਈ.ਪੀ.ਐਸ. ਆਈ.ਜੀ.ਪੀ. ਰੇਂਜ ਫ਼ਰੀਦਕੋਟ ਦੀਆਂ ਹਦਾਇਤਾਂ ਤਹਿਤ ਡਾ. ਸਚਿਨ ਗੁਪਤਾ ਆਈ.ਪੀ.ਐਸ. ਐਸ.ਐਸ.ਪੀ ਸ੍ਰੀ ਵੱਲੋਂ ਲੋਕਾਂ ਨੂੰ ਸੜਕੀ ਹਾਦਸਿਆਂ ਤੋਂ ਬਚਾਉਣ ਲਈ ਜ਼ਿਲ੍ਹੇ ਅੰਦਰ ਵੱਖ-ਵੱਖ ਪੁਲਸ ਟੀਮਾਂ ਬਣਾ ਕੇ ਜਿੱਥੇ ਨਾਕਿਆਂ, ਚੁਰਸਤਿਆਂ 'ਤੇ ਟ੍ਰੈਫ਼ਿਕ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ, ਉੱਥੇ ਹੀ ਪੁਲਿਸ ਦੀ ਐਵਰਨੈੱਸ ਟੀਮ ਵੱਲੋਂ ਪਿੰਡਾਂ/ਸ਼ਹਿਰਾਂ ਅਤੇ ਸਕੂਲਾਂ/ਕਾਲਜਾਂ ਵਿੱਚ ਜਾ ਕੇ ਲੋਕਾਂ ਨੂੰ ਤੇ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਕੁਲਵੰਤ ਰਾਏ ਐਸ.ਪੀ. (ਐਚ), ਸ੍ਰੀ ਜਗਦੀਸ਼ ਕੁਮਾਰ ਡੀ.ਐਸ.ਪੀ ਤੇ ਟ੍ਰੈਫਿਕ ਪੁਲਿਸ ਵੱਲੋਂ ਇੱਕ ਵਿਸ਼ੇਸ਼ ਮੁਹਿੰਮ ਵਿੱਢੀ ਗਈ, ਜਿਥੇ ਬੂੜਾ ਗੁਜ਼ਰ ਰੋਡ ਪਰ ਲੀਟਲ ਫਲਾਵਰ ਕਾਨਵੈਂਟ ਸਕੂਲ ਤੇ ਡੀ.ਏ.ਵੀ ਸਕੂਲ ਦੇ ਬਾਹਰ ਦੋ ਪਹੀਆ ਅਤੇ ਚਾਰ ਪਹੀਆ ਤੇ ਆਏ ਨਾਬਾਲਗ ਵਿਦਿਆਰਥੀਆਂ ਦੇ ਵਹੀਕਲਾਂ ਨੂੰ ਚੈੱਕ ਕੀਤਾ ਗਿਆ ਤੇ ਮੌਕੇ 'ਤੇ ਉਨ੍ਹਾਂ ਦੇ ਮਾਪਿਆਂ ਨੂੰ ਬੁਲਾ ਕੇ ਉਨ੍ਹਾਂ ਵਹੀਕਲਾਂ ਦੇ ਚਲਾਨ ਕੀਤੇ ਗਏ।

ਐਸ.ਪੀ ਕੁਲਵੰਤ ਰਾਏ ਨੇ ਦੱਸਿਆ ਕਿ ਪਿਛਲੇ ਦਿਨੀ ਬੂੜਾਂ ਗੁਜਰ ਰੋਡ 'ਤੇ ਟ੍ਰੈਫ਼ਿਕ ਜਾਮ ਬਾਰੇ ਸ਼ਿਕਾਇਤਾਂ ਮਿਲ ਰਹੀਆ ਸਨ, ਜਿਸ 'ਤੇ ਪੁਲਸ ਵੱਲੋਂ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਛੋਟੀ ਉਮਰ ਨਾਬਾਲਗ ਬੱਚੇ ਜੋ ਵਹੀਕਲ ਚਲਾ ਕੇ ਸਕੂਲ ਆ ਰਹੇ ਸਨ, ਉਨ੍ਹਾਂ ਦੇ ਮਾਪਿਆਂ ਨੂੰ ਬੁਲਾ ਕੇ ਟ੍ਰੈਫ਼ਿਕ ਨਿਯਮਾਂ ਦਾ ਪਾਲਣਾ ਕਰਨ ਅਤੇ ਬੱਚਿਆਂ ਨੂੰ ਵਹੀਕਲ ਨਾ ਦੇ ਲਈ ਅਪੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅੱਜ ਕੁੱਲ 69 ਵਹੀਕਲਾਂ ਦੇ ਚਲਾਨ ਕੀਤੇ ਗਏ ਤੇ 31 ਵਹੀਕਲਾਂ ਦੇ ਕਾਗ਼ਜ਼ਾਤ ਨਾ ਵਿਖਾਉਣ ਦੇ ਕਾਰਨ ਜ਼ਬਤ ਕੀਤੇ ਗਏ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਰੋਜ਼ ਹੀ ਸਕੂਲ ਦੇ ਸਵੇਰ ਦੇ ਟਾਇਮ ਤੇ ਛੁੱਟੀ ਦੇ ਟਾਇਮ ਟ੍ਰੈਫ਼ਿਕ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਸਕੂਲ ਵੱਲੋਂ ਆਪਣੇ ਸਟਾਫ਼ ਨੂੰ ਤਇਨਾਤ ਕੀਤਾ ਜਾਵੇ, ਜੋ ਵਹੀਕਲਾਂ ਨੂੰ ਇੱਕ ਤਰਤੀਬ ਰਾਹੀਂ ਸਕੂਲਾਂ ਅੰਦਰ ਅਤੇ ਬਾਹਰ ਕੱਢਿਆ ਜਾਵੇ। ਉਨ੍ਹਾਂ ਕਿਹਾ ਕਿ ਸੜਕਾਂ ਦੀ ਮਾੜੀ ਤੇ ਖਸਤਾ ਹਾਲਤ ਹੋਣ ਕਾਰਨ ਵੀ ਟ੍ਰੈਫ਼ਿਕ ਜਾਮ ਹੋ ਜਾਂਦਾ ਹੈ। ਸੜਕਾਂ ਦੀ ਹਾਲਾਤ ਨੂੰ ਸੁਧਾਰਨ ਲਈ ਜਾਂ ਮੁਰੰਮਤ ਕਰਨ ਲਈ ਸੜਕਾਂ ਦੇ ਸਬੰਧਤ ਵਿਭਾਗ ਨੂੰ ਵੀ ਸੂਚਿਤ ਕੀਤਾ ਗਿਆ ਹੈ।

# ਉੱਘੇ ਸਮਾਜ ਸੇਵਕ ਜੀਤ ਬਾਬਾ ਬੈਲਜੀਅਮ ਨੇ ਵਿਦਿਆਰਥਣਾਂ ਨੂੰ ਵਰਦੀਆਂ ਵੰਡੀਆਂ



ਬੱਚਿਆਂ ਨੂੰ ਵਰਦੀਆਂ ਪ੍ਰਦਾਨ ਕਰਦੇ ਹੋਏ ਜੀਤ ਬਾਬਾ ਬੈਲਜੀਅਮ, ਸ਼ਕੁੰਤਲਾ ਦੇਵੀ, ਇੰਜ: ਨਰਿੰਦਰ ਬੰਗਾ, ਅਭਿਸ਼ੇਕ ਜੋਸ਼, ਖੁਸ਼ਦੀਪ ਕੌਰ, ਕਮਲਜੀਤ ਬੰਗਾ ਤੇ ਹੋਰ।

ਜਲੰਧਰ (ਨ ਜ਼ ਸ)-ਸਰਕਾਰੀ ਕੰਨਿਆ ਸੀ. ਸੈ. ਸਕੂਲ ਆਦਰਸ਼ ਨਗਰ ਵਿਖੇ ਪ੍ਰਿੰਸੀਪਲ ਖੁਸ਼ਦੀਪ ਕੌਰ ਦੀ ਯੋਗ ਅਗਵਾਈ ਵਿੱਚ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਗਾਜ਼ ਸਕੂਲੀ ਵਿਦਿਆਰਥਣਾਂ ਵੱਲੋਂ ਇੱਕ ਧਾਰਮਿਕ ਗੀਤ ਨਾਲ ਕੀਤਾ ਗਿਆ। ਪ੍ਰਿੰਸੀਪਲ ਖੁਸ਼ਦੀਪ ਕੌਰ, ਮੈਡਮ ਕਮਲਜੀਤ ਬੰਗਾ ਤੇ ਹੋਰ ਸਟਾਫ ਵੱਲੋਂ ਮੁੱਖ ਮਹਿਮਾਨ ਸ੍ਰੀਮਤੀ ਸ਼ਕੁੰਤਲਾ ਦੇਵੀ, ਜੀਤ ਬਾਬਾ ਬੈਲਜੀਅਮ, ਅਭਿਸ਼ੇਕ ਜੋਸ਼, ਮੋਨਿਕਾ ਮਹਿਮੀ, ਬਲਿਹਾਰ ਮਹਿਮੀ, ਸੰਜਨਾ ਮਹਿਮੀ ਤੇ ਨਰਿੰਦਰ ਬੰਗਾ ਨੂੰ ਬੁੱਕੇ ਪ੍ਰਦਾਨ ਕੀਤੇ ਗਏ। ਇੰਜ: ਨਰਿੰਦਰ ਬੰਗਾ ਦੂਰਦਰਸ਼ਨ ਜਲੰਧਰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਜੀਤ ਬਾਬਾ ਬੈਲਜੀਅਮ ਹਰ ਸਾਲ ਦੀ ਤਰ੍ਹਾਂ ਇਸ ਸਕੂਲ 'ਚੋਂ ਆ ਕੇ ਸਕੂਲ ਦੀਆਂ ਲੋੜਾਂ ਮੁਤਾਬਕ ਸੇਵਾ ਕਰਨਾ ਆਪਣਾ ਸੁਭਾਗ ਸਮਝਦੇ ਨੇ ਤੇ ਅੱਜ ਦੀ ਸੇਵਾ ਆਪਣੇ ਮਾਤਾ ਜੀ ਦੇ ਕਰ ਕਮਲਾਂ ਤੋਂ ਕਰਵਾ ਰਹੇ ਨੇ। ਜੀਤ ਬਾਬਾ ਹਮੇਸ਼ਾ ਹੀ ਲੋੜਵੰਦਾਂ, ਜ਼ਰੂਰਤਮੰਦਾਂ ਤੇ ਪੰਜਾਬ ਦੇ ਵੱਖ ਵੱਖ ਸਕੂਲਾਂ, ਬਿਰਧ ਅਸ਼ਰਮਾਂ ਤੇ ਹਸਪਤਾਲਾਂ ਵਿੱਚ ਜਾ ਕੇ ਲੋੜਾਂ ਮੁਤਾਬਕ ਆਪਣੀ ਨੇਕ ਕਮਾਈ 'ਚੋਂ ਦਾਨ ਕਰਕੇ ਉਸ ਰੱਬ ਸੱਚੇ ਦਾ ਤਹਿ ਦਿਲੋਂ ਧੰਨਵਾਦ ਤੇ ਸ਼ੁਕਰਾਨਾ ਕਰਦੇ ਨੇ ਉਹ ਸਮਾਜ ਤੇ ਧਾਰਮਿਕ ਸੇਵਾ ਦੇ ਨਾਲ ਨਾਲ ਖੇਡਾਂ ਨੂੰ ਪ੍ਰਮੋਟ ਕਰਨ ਲਈ ਪੰਜਾਬ, ਬੈਲਜੀਅਮ ਤੇ ਹੋਰ ਦੇਸ਼ਾਂ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਦੇ ਰਹੇ ਨੇ। ਮੈਡਮ ਕਮਲਜੀਤ ਬੰਗਾ, ਦੀਪਕ ਕੁਮਾਰ ਤੇ ਭੁਪਿੰਦਰ ਖਾਲਸਾ ਤੋਂ ਇਲਾਵਾ ਹੋਰਨਾਂ ਨੇ ਵੀ ਜੀਤ ਬਾਬਾ ਦੇ ਪਰਉਪਕਾਰੀ ਕੰਮਾਂ ਦੀ ਰੱਜ ਕੇ ਤਾਰੀਫ ਕੀਤੀ। ਜੀਤ ਬਾਬਾ ਬੈਲਜੀਅਮ ਨੇ ਆਪਣੇ ਸੰਬੋਧਨ ਵਿੱਚ ਵੱਧ ਤੋਂ ਵੱਧ ਸੇਵਾ ਕਰਨ ਦੀ ਵਚਨਬਧਤਾ ਦੁਹਰਾਈ। ਉਨ੍ਹਾ ਸਭਨਾਂ ਨੂੰ ਸੰਸਾਰ ਦੀ ਸੇਵਾ ਕਰਨ ਲਈ ਅੱਗੇ ਆਉਣ ਲਈ ਅਪੀਲ ਵੀ ਕੀਤੀ। ਉਨ੍ਹਾ ਕਿਹਾ ਕਿ ਨਿਸ਼ਕਾਮ ਸੇਵਾ ਕਰਕੇ ਰੂਹਾਨੀ ਸਕੂਨ ਮਿਲਦਾ ਹੈ। ਉਪਰੰਤ ਮੁੱਖ ਮਹਿਮਾਨ ਤੇ ਹੋਰਨਾਂ ਵੱਲੋਂ ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਸ਼ਰਨਦੀਪ ਕੌਰ, ਮੈਡਮ ਮਨਦੀਪ ਕੌਰ, ਮੈਡਮ ਮਨਜੀਤ ਕੌਰ, ਸਾਵਰ ਮਹਿਮੀ, ਸੰਨੀ ਸੰਤੋਖਪੁਰੀਆ ਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ। ਅੰਤ ਵਿੱਚ ਪ੍ਰਿੰਸੀਪਲ ਖੁਸ਼ਦੀਪ ਕੌਰ ਨੇ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਦੀਪਕ ਕੁਮਾਰ ਜੀ ਨੇ ਬਾਖੂਬੀ ਨਿਭਾਇਆ।

## ਪਰਾਲੀ ਦੀਆਂ ਗੰਢਾਂ ਬਣਾ ਕੇ ਦਾਨ ਕੀਤੀ ਜਾ ਰਹੀ ਪਰਾਲੀ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਲਗਾਤਾਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਕਿਸਾਨ ਵੀਰ ਤੇ ਆਮ ਲੋਕ ਵੀ ਸਰਕਾਰ ਦੇ ਇਸ ਜਾਗਰੂਕਤਾ ਅਭਿਆਨ ਵਿੱਚ ਸਹਿਯੋਗ ਦੇ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਸਰਕਾਰੀ ਕੈਟਲ ਪਾਉਂਡ ਵਿੱਚ ਫ਼ਾਜ਼ਿਲਕਾ ਦੇ ਸਮਾਜ ਸੇਵੀਆਂ ਵੱਲੋਂ ਜਾਗਰੂਕ ਹੁੰਦਿਆਂ ਪਰਾਲੀ ਨੂੰ ਅੱਗ ਨਾ ਲਾ ਕੇ ਪਰਾਲੀ ਦੀਆਂ ਗੰਢਾਂ ਬਣਾ ਕੇ ਗਊਆਂ ਦੇ ਖਾਣ ਵਾਸਤੇ ਦਾਨ ਕੀਤੀ ਜਾ ਰਹੀ ਹੈ। ਕੈਟਲ ਪੌਂਡ ਸਲੇਮਸ਼ਾਹ ਇੰਚਾਰਜ (ਕੇਅਰ ਟੇਕਰ) ਸੋਨੂੰ ਕੁਮਾਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੁਖਪਾਲ ਸਿੰਘ ਦੀ ਅਗਵਾਈ 'ਚ ਪਿੰਡਾਂ ਅਤੇ ਸ਼ਹਿਰਾਂ 'ਚ ਪਹੁੰਚ ਕੇ ਲੋਕਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਨਾਲ-ਨਾਲ ਨੁਕਸਾਨ ਬਾਰੇ ਵੀ ਲੋਕਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਮਾਜ ਸੇਵੀ ਡਾ: ਰਮੇਸ਼ ਕੁਮਾਰ ਮਿਗਲਾਨੀ ਵਲੋਂ 150 ਕੁਇੰਟਲ ਦੇ ਕਰੀਬ ਪਰਾਲੀ ਦੀਆਂ ਗੰਢਾ ਬਣਾ ਕੇ ਕੈਟਲ ਪੌਂਡ ਵਿਖੇ ਪਸ਼ੂਆਂ ਵਾਸਤੇ ਖਾਣ ਲਈ ਦਾਨ ਕੀਤੀ ਗਈ। ਉਨ੍ਹਾਂ ਦੱਸਿਆ ਕਿ ਡਾ. ਰਮੇਸ਼ ਕੁਮਾਰ ਮਿਗਲਾਨੀ ਵੱਲੋਂ ਹਰੇਕ ਸਾਲ ਪਰਾਲੀ ਦੀਆਂ ਗੰਢਾਂ ਬਣਾ ਕੇ ਕੈਟਲ ਪਾਉਂਡ ਨੂੰ ਦਾਨ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਕੜੀ ਤਹਿਤ ਕੈਟਲ ਪੌਂਡ ਦੇ ਮੈਂਬਰ ਦਿਨੇਸ਼ ਕੁਮਾਰ ਮੋਦੀ ਵੱਲੋਂ ਕਿਸਾਨਾਂ ਤੇ ਹੋਰਨਾਂ ਸਮਾਜ ਸੇਵੀਆਂ ਨੂੰ ਕੈਟਲ ਪੌਂਡ ਵਿੱਚ ਪਰਾਲੀ ਦਾਨ ਕਰਕੇ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।

# 'ਅਣੂ' ਮਿੰਨੀ ਪੱਤ੍ਰਿਕਾ ਦਾ ਦਸੰਬਰ ਅੰਕ ਲੋਕ ਅਰਪਣ



ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)

ਮਿੰਨੀ ਕਹਾਣੀ ਲੇਖਕ ਮੰਚ ਤੇ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਰਚਾਏ ਸਮਾਗਮ ਦੌਰਾਨ 'ਅਣੂ' (ਮਿੰਨੀ ਪੱਤ੍ਰਿਕਾ) ਦਾ ਦਸੰਬਰ 2022 ਅੰਕ ਰਿਲੀਜ਼ ਕੀਤਾ ਗਿਆ। ਲੋਕ ਅਰਪਣ ਸਮਾਗਮ ਦੀ ਪ੍ਰਧਾਨਗੀ ਬੀਬੀ ਇੰਦਰਜੀਤ ਕੌਰ, ਡਾ. ਹਰਜਿੰਦਰ ਸਿੰਘ ਅਟਵਾਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਸ਼ਿਆਮ ਸੁੰਦਰ ਦੀਪਤੀ, ਸੁਰਿੰਦਰ ਕੈਲੇ, ਡਾ. ਮਨਜਿੰਦਰ ਸਿੰਘ, ਜਗਦੀਸ਼ ਰਾਏ ਕੁਲਰੀਆਂ ਤੇ ਸੁਰਿੰਦਰ ਸਿੰਘ ਸੁੰਨੜ ਨੇ ਕੀਤੀ। ਸੁਰਿੰਦਰ ਕੈਲੇ ਨੇ ਦੱਸਿਆ ਕਿ ਅਣੂ ਜੋ 'ਅਣੂਰੂਪ' ਦੇ ਨਾਂਅ ਹੇਠ ਛਪਦਾ ਸੀ, ਦਾ ਅਰੰਭ ਜੁਲਾਈ 1972 ਨੂੰ ਮਾਸਿਕ ਪੱਤਰ ਵਜੋਂ ਹੋਇਆ ਸੀ, ਜੋ ਭਾਰਤ ਸਰਕਾਰ ਵੱਲੋਂ 1975 ਵਿੱਚ 'ਅਣੂ' ਰਜਿਸਟਰ ਹੋਇਆ ਸੀ। ਇਸ ਮਗਰੋਂ ਇਹ ਪੱਤ੍ਰਿਕਾ 'ਅਣੂ' ਦੇ ਨਾਂਅ ਹੇਠ ਨਿਰੰਤਰ ਛਪ ਰਹੀ ਹੈ। ਉਨ੍ਹਾਂ ਅੱਗੋਂ ਦੱਸਿਆ ਕਿ ਹਥਲੇ ਅੰਕ ਨਾਲ ਇਸ ਪੱਤ੍ਰਿਕਾ ਨੇ ਇਕਵੰਜਾ ਸਾਲ ਪੂਰੇ ਕਰ ਲਏ ਹਨ। ਇਹ ਅੰਕ ਮਿੰਨੀ ਕਹਾਣੀ ਵਿਸ਼ੇਸ਼ ਅੰਕ ਹੈ, ਜਿਸ ਵਿੱਚ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਵੱਲੋਂ ਜੂਨ 2022 ਨੂੰ ਕਰਾਏ ਮਿੰਨੀ ਕਹਾਣੀ ਦਰਬਾਰ ਵਿੱਚ ਪੜ੍ਹੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। 'ਇਸ ਅੰਕ ਵਿੱਚ ਪਰੋੜ ਤੇ ਚਰਚਿਤ ਲੇਖਕਾਂ ਦੇ ਨਾਲ-ਨਾਲ ਨਵਲੇਖਕ ਸ਼ਾਮਿਲ ਹਨ ਜੋ ਮਿੰਨੀ ਕਹਾਣੀ ਦੇ ਰੌਸ਼ਨ ਭਵਿੱਖ ਦੀ ਆਸ ਦਿਵਾਉਂਦੇ ਹਨ।' ਇਹ ਸ਼ਬਦ ਡਾ.ਸਿਆਮ ਸੁੰਦਰ ਦੀਪਤੀ ਨੇ ਆਏ ਲੇਖਕਾਂ ਦਾ ਧੰਨਵਾਦ ਕਰਦਿਆਂ ਕਹੇ।

ਸਮਾਗਮ ਵਿੱਚ ਹਰਭਜਨ ਸਿੰਘ ਖੇਮਕਰਨੀ, ਡਾ. ਨਾਇਬ ਸਿੰਘ ਮੰਡੇਰ, ਡਾ. ਸਾਧੂ ਰਾਮ ਲੰਗੇਆਣਾ, ਜਗਦੀਸ਼ ਰਾਏ ਕੁਲਰੀਆਂ, ਦਵਿੰਦਰ ਪਟਿਆਲਵੀ, ਡਾ. ਹਰਪ੍ਰੀਤ ਰਾਣਾ, ਮੰਗਤ ਕੁਲਜਿੰਦ, ਡਾ. ਹਰਜਿੰਦਰਪਾਲ ਕੌਰ ਕੰਗ, ਡਾ.ਕੁਲਦੀਪ ਸਿੰਘ ਦੀਪ, ਅਰਤਿੰਦਰ ਸੰਧੂ, ਡਾ. ਕ੍ਰਿਸ਼ਨ ਕੁਮਾਰ ਆਸੂ, ਅੰਜੂ ਖਰਬੰਦਾ, ਪ੍ਰੋ. ਗੁਰਦੀਪ ਸਿੰਘ ਢਿੱਲੋਂ, ਸੁਭਾਸ਼ ਨੀਰਵ, ਕਾਂਤਾ ਰਾਏ, ਡਾ. ਸ਼ੀਲ ਕੌਸ਼ਿਕ, ਬਲਰਾਮ ਅਗਰਵਾਲ, ਡਾ. ਭਵਾਨੀ ਸ਼ੰਕਰ ਗਰਗ, ਡਾ.ਦੀਪਾ ਕੁਮਾਰ ਸਮੇਤ ਬਹੁਤ ਸਾਰੇ ਲੇਖਕ ਹਾਜ਼ਰ ਸਨ। ਸਮਾਗਮ ਦੀ ਕਾਰਵਾਈ ਕੁਲਵਿੰਦਰ ਕੌਸ਼ਿਲ ਨੇ ਬਾਖੂਬੀ ਨਿਭਾਈ।

# ਨਸ਼ੀਲਾ ਟੀਕਾ ਰੱਖਣ ਦਾ ਦੋਸ਼ੀ ਮੰਨਦਿਆਂ ਸਜ਼ਾ ਸੁਣਾਈ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਭਾਰੀ ਮਾਤਰਾ 'ਚ ਨਸ਼ੀਲੇ ਟੀਕਿਆਂ ਦੀ ਬਰਾਮਦਗੀ ਦੇ ਇੱਕ ਕਥਿਤ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਦੋ ਵਿਅਕਤੀਆਂ ਨੂੰ ਅਦਾਲਤ ਵੱਲੋਂ ਸਿਰਫ਼ ਇੱਕ-ਇੱਕ ਨਸ਼ੀਲਾ ਟੀਕਾ ਰੱਖਣ ਦਾ ਦੋਸ਼ੀ ਮੰਨਦਿਆਂ ਸਜ਼ਾ ਸੁਣਾਈ ਗਈ ਹੈ। 28/9/18 ਨੂੰ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 22 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਕਰਨ ਸਿੰਘ ਤੇ ਮੁਰਲੀ ਵਾਸੀਆਨ ਜਲੰਧਰ ਨੂੰ ਗ੍ਰਿਫ਼ਤਾਰ ਕਰਦਿਆਂ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਇੱਕ ਪੁਲਸ ਪਾਰਟੀ ਨੂੰ ਦੇਖ ਕੇ ਮਾਸਟਰ ਕਲੋਨੀ ਵੱਲੋਂ ਤੁਰੇ ਆਉਂਦੇ ਉਕਤ ਵਿਅਕਤੀ ਘਬਰਾ ਗਏ, ਜੋ ਪਿੱਛੇ ਮੁੜਨ ਸਮੇਂ ਡਿੱਗ ਪਏ, ਜਿਨ੍ਹਾਂ ਕੋਲ ਫੜੇ ਲਿਫ਼ਾਫ਼ਿਆਂ 'ਚੋਂ ਨਸ਼ੀਲੇ ਟੀਕੇ ਧਰਤੀ 'ਤੇ ਖਿੱਲਰ ਗਏ, ਜਿਨ੍ਹਾਂ ਦੀ ਗਿਣਤੀ ਕਰਨ 'ਤੇ ਦੋਵਾਂ ਵਿਅਕਤੀਆਂ ਦੇ ਕਬਜ਼ੇ 'ਚੋਂ 55/55 ਟੀਕੇ (ਕੁੱਲ 110 ਟੀਕੇ ਬਿਊਪਰੋਨੌਰਫਿਨ) ਤੇ 55/55 ਸ਼ੀਸ਼ੀਆਂ ਏਵਲ ਬਰਾਮਦ ਹੋਈਆਂ।

ਮਾਮਲੇ ਦੀ ਅਦਾਲਤੀ ਸੁਣਵਾਈ ਦੌਰਾਨ ਜ਼ਿਰਾਹ ਕਰਦਿਆਂ ਬਚਾਅ ਪੱਖ ਵੱਲੋਂ ਅਦਾਲਤ ਅੱਗੇ ਇਹ ਪੱਖ ਰੱਖਿਆ ਗਿਆ ਕਿ ਪੁਲਸ ਵੱਲੋਂ ਕੇਸ 'ਚ ਬਰਾਮਦ ਕੀਤੇ ਗਏ ਟੀਕਿਆਂ ਦੇ ਬੈਚ ਨੰਬਰ, ਮੈਨੂਫੈਕਚਰਿੰਗ ਮਿਤੀ ਤੇ ਮਿਆਦ ਕਿਤੇ ਵੀ ਦਰਜ ਨਹੀਂ ਕੀਤੀ ਗਈ ਤੇ ਸਿਰਫ਼ ਇੱਕ-ਇੱਕ ਟੀਕੇ ਦੀ ਹੀ ਲੈਬਾਰਟਰੀ ਤੋਂ ਜਾਂਚ ਕਰਾਈ ਗਈ, ਜਿਸ ਤੋਂ ਇਹ ਬਿਲਕੁਲ ਨਹੀਂ ਸਾਬਤ ਹੁੰਦਾ ਕਿ ਬਰਾਮਦ ਕੀਤੇ ਬਾਕੀ ਟੀਕੇ ਵੀ ਬਿਊਪਰੋਨੌਰਫਿਨ ਹੀ ਸਨ। ਸਪੈਸ਼ਲ ਜੱਜ ਫ਼ਤਹਿਗੜ੍ਹ ਸਾਹਿਬ ਬਲਵਿੰਦਰ ਕੁਮਾਰ ਦੀ ਅਦਾਲਤ ਨੇ ਮਾਮਲੇ 'ਚ ਬਚਾਅ ਪੱਖ ਨਾਲ ਸਹਿਮਤ ਹੁੰਦਿਆਂ ਕਰਨ ਸਿੰਘ ਤੇ ਮੁਰਲੀ ਨੂੰ ਇੱਕ-ਇੱਕ ਨਸ਼ੀਲਾ ਟੀਕਾ ਰੱਖਣ ਦਾ ਦੋਸ਼ੀ ਮੰਨਦਿਆਂ 6-6 ਮਹੀਨਿਆਂ ਦੀ ਕੈਦ ਤੇ ਦੋ-ਦੋ ਹਜ਼ਾਰ ਰੁਪਏ ਜੁਰਮਾਨਾ ਦੀ ਸਜ਼ਾ ਸੁਣਾਈ ਹੈ। ਦੋ-ਦੋ ਹਜ਼ਾਰ ਰੁਪਏ ਜੁਰਮਾਨਾ ਦੀ ਸਜ਼ਾ ਸੁਣਾਈ ਹੈ। 110 ਨਸ਼ੀਲੇ ਟੀਕੇ ਰੱਖਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਅਦਾਲਤ ਨੇ ਸਿਰਫ਼ 1/1 ਟੀਕਾ ਰੱਖਣ ਦਾ ਦੋਸ਼ੀ ਮੰਨਿਆ।

# ਮਾਡਲ ਸਕੂਲ ਵਿਖੇ ਜੇਤੂ ਵਿਦਿਆਰਥੀਆਂ ਦਾ ਸਨਮਾਨ



ਬਰੇਟਾ (ਰੀਤਵਾਲ)-ਸਰਕਾਰੀ ਮਾਡਲ ਸਕੂਲ ਕੁਲਰੀਆਂ ਦੇ ਵਿਹੜੇ ਵਿੱਚ ਜ਼ਿਲ੍ਹਾ ਤੇ ਰਾਜ ਪੱਧਰੀ ਖੇਡਾਂ ਅਤੇ ਐਕਟੀਵਿਟੀਆਂ ਵਿੱਚ ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਮੁੱਖ ਮਹਿਮਾਨ ਬੁੱਧ ਰਾਮ ਐੱਮ.ਐੱਲ.ਏ. ਹਲਕਾ ਬੁਢਲਾਡਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਉਨ੍ਹਾ ਕਿਹਾ ਕਿ ਮੈਂ ਸਕੂਲਾਂ ਤੇ ਸਿੱਖਿਆ ਦੀ ਬਿਹਤਰੀ ਲਈ ਹਮੇਸ਼ਾ ਕੰਮ ਕਰਦਾ ਰਿਹਾ ਹਾਂ ਤੇ ਕਰਦਾ ਰਹਾਂਗਾ। ਉਨ੍ਹਾ ਬੱਚਿਆਂ ਦੀਆਂ ਪ੍ਰਾਪਤੀਆਂ 'ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਉਨ੍ਹਾਂ ਨੇ ਸਟੇਟ ਅਤੇ ਨੈਸ਼ਨਲ ਪੱਧਰ 'ਤੇ ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਚਮਕਾਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਕੂਲ ਕੈਂਪਸ ਵਿੱਚ ਜਾ ਕੇ ਸਕੂਲ ਵਿੱਚ ਚੱਲ ਰਹੀਆਂ ਵੱਖ ਵੱਖ ਸਹਾਇਕ ਵਿੱਦਿਅਕ ਗਤੀਵਿਧੀਆਂ ਤੇ ਸਹੂਲਤਾਂ ਦਾ ਜਾਇਜ਼ਾ ਲਿਆ। ਵਿਧਾਇਕ ਵੱਲੋਂ ਓਪਨ ਲਾਇਬ੍ਰੇਰੀ ਤੇ ਇਮਾਨਦਾਰੀ ਸ਼ੌਪ ਦਾ ਵੀ ਉਦਘਾਟਨ ਕੀਤਾ ਗਿਆ। ਉਨ੍ਹਾਂ ਵੱਖ ਵੱਖ ਕਲਾਸਾਂ ਦੇ ਬੱਚਿਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਖੇਡਾਂ, ਕਲਚਰਲ ਤੇ ਕੋ-ਕੋਰੀਕੁਲਰ ਐਕਟੀਵਿਟੀ ਵਿੱਚ ਜ਼ਿਲ੍ਹਾ ਤੇ ਸਟੇਟ ਪੱਧਰ 'ਤੇ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ-22 ਵਿੱਚੋਂ ਅੰਡਰ-14 ਕਬੱਡੀ ਪੰਜਾਬ 'ਚੋਂ ਤੀਸਰਾ ਸਥਾਨ, ਦਿਸ਼ਾ ਰਾਣੀ ਆਰਚਰੀ ਅੰਡਰ-17 'ਚ 6 ਮੈਡਲ ਜੇਤੂ, ਕਿੱਕ ਬਾਕਸਿੰਗ ਵਿੱਚੋਂ ਜਸਪ੍ਰੀਤ ਕੌਰ ਗੋਲਡ ਮੈਡਲ ਤੇ ਜਸ਼ਨਪ੍ਰੀਤ ਕੌਰ ਸਿਲਵਰ ਮੈਡਲ, ਇਸੇ ਤਰ੍ਹਾਂ ਕਲਚਰਲ ਐਕਟੀਵਿਟੀਜ਼ ਵਿੱਚ ਰੋਲ ਪਲੇਅ ਵਿੱਚੋਂ ਜ਼ਿਲ੍ਹਾ ਜੇਤੂ ਟੀਮ, ਸੁੰਦਰ ਲਿਖਾਈ, ਪੇਂਟਿੰਗ ਤੇ ਕਲਾ-ਉਤਸਵ ਦੀ ਜ਼ਿਲ੍ਹਾ ਜੇਤੂ ਵਿਦਿਆਰਥਣ ਗੁਰਦੀਪ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਰਾਜਬੀਰ ਸਿੰਘ ਤੇ ਪੰਚਾਇਤ ਮੈਂਬਰ, ਐੱਸ ਐੱਮ ਸੀ ਕਮੇਟੀ ਚੇਅਰਮੈਨ ਜਲਵਿੰਦਰ ਸਿੰਘ, ਮੈਂਬਰ ਬੰਤ ਸਿੰਘ, ਪੀ ਟੀ ਏ ਕਮੇਟੀ ਮੈਂਬਰ ਤੇ ਇਲਾਕੇ ਦੇ ਹੋਰ ਪੰਤਵੰਤੇ ਸੱਜਣ ਕਾਕਾ ਸਿੰਘ, ਗੁਰਵਿੰਦਰ ਸਿੰਘ, ਅਮਰੀਕ ਸਿੰਘ, ਸੀਰੂ ਤੇ ਹੋਰ ਪੱਤਵੰਤੇ ਮੌਜੂਦ ਸਨ।

## ਬੇਟੀ ਦਾ ਜਨਮ ਦਿਨ ਮਾਪਿਆਂ ਤੋਂ ਵਾਂਝੇ ਬੱਚਿਆਂ ਦੀ ਸਹਾਇਤਾ ਕਰਕੇ ਮਨਾਇਆ



ਜਗਰਾਓਂ (ਅਮਿਤ ਖੰਨਾ)-ਸਮਾਜ ਸੇਵੀ ਦਿਨੇਸ਼ ਅਰੋੜਾ (ਕਾਕਾ ਸਟੂਡੀਓ) ਤੇ ਉਨ੍ਹਾਂ ਦੀ ਧਰਮ ਪਤਨੀ ਸੋਨੀਆ ਅਰੋੜਾ ਵੱਲੋਂ ਅਪਣੀ ਬੇਟੀ ਸ਼ਰੂਤੀ (ਕਨੇਡਾ) ਦੇ ਜਨਮ ਦਿਹਾੜੇ ਨੂੰ ਅਨਾਥ ਬੱਚਿਆਂ ਨਾਲ ਬਹੁਤ ਹੀ ਅਲੱਗ ਢੰਗ ਨਾਲ ਮਨਾਇਆ ਗਿਆ। ਆਰ.ਕੇ.ਹਾਈ.ਸਕੂਲ ਵਿੱਚ ਹੋਏ ਇਸ ਸਮਾਗਮ ਵਿੱਚ ਦਿਨੇਸ਼ ਅਰੋੜਾ ਨੇ ਅਪਣੀ ਬੇਟੀ ਸ਼ਰੂਤੀ ਦੇ ਜਨਮ ਦਿਨ ਮੌਕੇ ਸਕੂਲ ਦੇ 10 ਅਨਾਥ ਬੱਚਿਆਂ ਦੀ ਤਿੰਨ ਮਹੀਨੇ ਦੀ ਪੜ੍ਹਾਈ ਤੇ ਹੋਰ ਜ਼ਰੂਰਤਾਂ ਦਾ ਖਰਚਾ ਸਕੂਲ ਨੂੰ ਦਿੱਤਾ। ਇਸ ਮੌਕੇ ਕਾਕਾ ਜੀ ਨੇ ਸਕੂਲ ਦੇ ਸਾਰੇ ਬੱਚਿਆਂ ਲਈ ਪੇਸਟਰੀ, ਚਿਪਸ ਤੇ ਬਿਸਕੁਟਾਂ ਦਾ ਪ੍ਰਬੰਧ ਕੀਤਾ। ਇਸ ਮੌਕੇ ਸਾਰਿਆਂ ਵੱਲੋਂ ਕੇਟ ਕੱਟ ਕੇ ਸ਼ਰੂਤੀ ਨੂੰ ਆਨਲਾਈਨ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਮੰਚ ਸੰਚਾਲਨ ਕੈਪਟਨ ਨਰੇਸ਼ ਵਰਮਾ ਨੇ ਬਾਖੂਬੀ ਕੀਤਾ। ਇਸ ਮੌਕੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਤੇ ਪ੍ਰਿੰਸੀਪਲ ਸੀਮਾ ਸ਼ਰਮਾ ਨੇ ਅਰੋੜਾ ਪਰਵਾਰ ਦਾ ਸਕੂਲ ਨੂੰ ਇਸ ਸਹਾਇਤਾ ਲਈ ਧੰਨਵਾਦ ਕੀਤਾ। ਇਸ ਮੌਕੇ ਦਿਨੇਸ਼ ਅਰੋੜਾ ਨੇ ਸਕੂਲ ਵਿੱਚ ਬਤੌਰ ਵਿਦਿਆਰਥੀ ਆਪਣੇ ਬਿਤਾਏ ਹੋਏ ਦਿਨ ਯਾਦ ਕੀਤੇ। ਵੰਸ਼ ਅਰੋੜਾ ਨੇ ਕਿਹਾ ਕਿ ਉਹ ਵੀ ਅਪਣਾ ਜਨਮ ਦਿਹਾੜਾ ਇਨ੍ਹਾਂ ਬੱਚਿਆਂ ਨਾਲ ਮਨਾਏਗਾ। ਇਸ ਮੌਕੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ, ਪ੍ਰਿੰਸੀਪਲ ਸੀਮਾ ਸ਼ਰਮਾ, ਮੈਡਮ ਕੰਚਨ ਗੁਪਤਾ, ਮੈਡਮ ਸੰਤੋਸ਼, ਸੋਨੀਆ ਅਰੋੜਾ, ਵੰਸ਼ ਅਰੋੜਾ ਤੇ ਸਮੂਹ ਸਟਾਫ਼ ਹਾਜ਼ਰ ਸੀ।

## ਯੁਵਾ ਦਲ ਗੋਬਿੰਦ ਗੋਧਾਮ ਵੱਲੋਂ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਦਾ ਸਨਮਾਨ



ਜਗਰਾਓਂ (ਅਮਿਤ ਖੰਨਾ)

ਮਨਿਸਟਰੀ ਆਫ਼ ਹੋਮ ਅਫੇਅਰ ਵੱਲੋਂ ਸਵੱਛ ਭਾਰਤ ਅਭਿਆਨ ਦੇ ਤਹਿਤ ਨਗਰ ਕੌਂਸਲ ਵੱਲੋਂ ਕੈਪਟਨ ਨਰੇਸ਼ ਵਰਮਾ ਨੂੰ ਬ੍ਰਾਂਡ ਅੰਬੈਸਡਰ ਬਨਾਉਣ ਤੋਂ ਬਾਅਦ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਤ ਕੀਤਾ ਜਾ ਰਿਹਾ ਹੈ।

ਉਸੇ ਹੀ ਲੜੀ ਤਹਿਤ ਯੁਵਾ ਦਲ ਗੋਬਿੰਦ ਗੋਧਾਮ ਜਗਰਾਉਂ ਵੱਲੋਂ ਸ੍ਰੀ ਰਾਧਾ ਰਸਿਕ ਮਿਲਣ ਮਹੋਤਸਵ ਮੌਕੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੁਮਿਤ ਅਰੋੜਾ, ਚੇਅਰਮੈਨ ਗੁਰਦਰਸ਼ਨ ਮਿੱਤਲ ਤੇ ਤਰੁਣ ਗੁਪਤਾ ਨੇ ਕਿਹਾ ਕਿ ਯੁਵਾ ਦਲ ਦਾ ਹਰ ਇੱਕ ਮੈਂਬਰ ਕੈਪਟਨ ਨਰੇਸ਼ ਵਰਮਾ ਨਾਲ ਸ਼ਹਿਰ ਦੀ ਸਫ਼ਾਈ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਵੇਗਾ।

ਉਨ੍ਹਾਂ ਕਿਹਾ ਕਿ ਕੈਪਟਨ ਨਰੇਸ਼ ਵਰਮਾ ਇੱਕ ਇਮਾਨਦਾਰ, ਮਿਹਨਤੀ ਤੇ ਪੂਰੀ ਤਰ੍ਹਾਂ ਸਮਾਜ ਸੇਵਾ ਨੂੰ ਸਮਰਪਤ ਸ਼ਖ਼ਸੀਅਤ ਹੈ।

ਇਸ ਮੌਕੇ ਬਿਰਜ ਲਾਲ, ਵਿਨੇ ਕੁਮਾਰ, ਰਾਕੇਸ਼ ਮੈਨੀ, ਗੋਪਾਲ ਬਾਂਸਲ, ਧਰਮਵੀਰ ਗੋਇਲ, ਵਰੁਣ ਬਾਂਸਲ, ਰਾਜੀਵ ਗੁਪਤਾ, ਰਾਜਿੰਦਰ ਸ਼ਰਮਾ, ਡਾ. ਬੀ ਬੀ ਸਿੰਗਲਾ, ਐਡਵੋਕੇਟ ਨਵੀਨ ਗੁਪਤਾ ਤੇ ਹੋਰ ਮੈਂਬਰਾਂ ਨੇ ਕੈਪਟਨ ਨਰੇਸ਼ ਵਰਮਾ ਨੂੰ ਵਧਾਈ ਦਿੱਤੀ। ਵਰਨਣਯੋਗ ਹੈ ਕਿ ਯੁਵਾ ਦਲ ਵੱਲੋਂ 18, 19 ਤੇ 20 ਨਵੰਬਰ ਨੂੰ ਗੀਤਾ ਭਵਨ ਵਿੱਚ ਸੰਕੀਰਤਨ ਸੰਮੇਲਨ ਕਰਾਇਆ ਜਾ ਰਿਹਾ ਹੈ।

## ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਤਿਸੰਗ ਪ੍ਰੋਗਰਾਮ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਜਲਾਲੇਆਣਾ ਰੋਡ ਕੋਟਕਪੂਰਾ ਵਿਖੇ ਸਤਿਸੰਗ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਸਰਵ ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਚੇਲੀ ਸਾਧਵੀ ਰਿਤੂ ਭਾਰਤੀ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜ਼ਿਆਦਾਤਰ ਲੋਕਾਂ ਲਈ ਜੀਵਨ ਮੁਸਕਲਾਂ, ਚਿੰਤਾਵਾਂ, ਬਿਪਤਾ ਆਦਿ ਦੀ ਲੜੀ ਹੈ, ਜਿਸ ਵਿੱਚ ਕੋਈ ਵੀ ਦੁੱਖ ਨਹੀਂ ਹੋਵੇਗਾ। ਕੁੱਝ ਮੌਤ ਤੋਂ ਬਾਅਦ, ਉਹ ਸਵਰਗ ਵਿੱਚ ਸਦੀਵੀ ਸੁੱਖ ਦੀ ਭਾਲ ਵਿੱਚ ਰਹਿੰਦੇ ਹਨ। ਕੁੱਝ ਆਪਣੀ ਕਿਸਮਤ ਨੂੰ ਦੋਸ਼ੀ ਠਹਿਰਾਉਂਦੇ ਹਨ। ਧਾਰਮਿਕ ਗ੍ਰੰਥਾਂ ਵਿੱਚ ਬ੍ਰਹਮ ਗਿਆਨ ਨੂੰ ਮੁਕਤੀ ਦਾ ਸਾਰ ਦੱਸਿਆ ਗਿਆ ਹੈ। ਬ੍ਰਹਮ ਦੇ ਗਿਆਨ ਦੁਆਰਾ ਮਨ ਅਤੇ ਤਨ ਦੀ ਸ਼ੁੱਧਤਾ ਨੂੰ ਸ਼ੁਭਕਾਮਨਾਵਾਂ ਵੱਲ ਲਿਜਾਇਆ ਜਾ ਸਕਦਾ ਹੈ, ਪਰ ਬ੍ਰਹਮਾ ਦੇ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਸਾਨੂੰ ਇਹ ਯਤਨ ਆਪਣੇ ਆਪ ਹੀ ਕਰਨਾ ਪੈਂਦਾ ਹੈ। ਇਸ ਅੰਦਰੂਨੀ ਗਿਆਨ ਤੋਂ ਪ੍ਰਾਪਤ ਬ੍ਰਹਮ ਦਰਸ਼ਨ ਸਾਨੂੰ ਚੀਜ਼ਾਂ ਨੂੰ ਦੇਖਣ ਦਾ ਸਹੀ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ, ਜਿਸ ਕਾਰਨ ਮਨੁੱਖ ਨਕਾਰਾਤਮਕ ਵਿੱਚ ਵੀ ਸਕਾਰਾਤਮਕ ਲੱਭਦਾ ਹੈ, ਜਿਸ ਕਾਰਨ ਉਸ ਦਾ ਮਨ ਸੋਹਣਾ ਹੋ ਜਾਂਦਾ ਹੈ, ਉਹ ਦੁੱਖ ਵਿਚ ਵੀ ਸੁਖ ਦਾ ਅਹਿਸਾਸ ਦਿੰਦਾ ਹੈ।



# ਵਿਧਾਇਕ ਦੇਵ ਮਾਨ ਨੇ ਬੱਸ ਅੱਡੇ ਦੇ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ



ਨਾਭਾ (ਵਰਿੰਦਰ ਵਰਮਾ)

ਸਬ ਤਹਿਸੀਲ ਭਾਦਸੋਂ ਵਿਖੇ ਪੰਜਾਬ ਸਰਕਾਰ ਦੁਆਰਾ ਬਣ ਰਹੇ ਬੱਸ ਸਟੈਂਡ ਦਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਵੱਲੋਂ ਜਾਇਜ਼ਾ ਲਿਆ ਗਿਆ।

ਉਨ੍ਹਾਂ ਕਿਹਾ ਕਿ ਭਾਦਸੋਂ ਨਿਵਾਸੀਆਂ ਨੂੰ ਨਵੇਂ ਸਾਲ ਦੇ ਤੋਹਫ਼ੇ ਵਜੋਂ ਬੱਸ ਸਟੈਂਡ ਤਿਆਰ ਕਰਕੇ ਦਿੱਤਾ ਜਾਵੇਗਾ, ਜਿਸ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬੱਸ ਸਟੈਂਡ 'ਤੇ ਤਕਰੀਬਨ 1 ਕਰੋੜ 40 ਲੱਖ ਲਾਗਤ ਨਾਲ ਤਿਆਰ ਕੀਤਾ ਜਾਵੇਗਾ। ਇਸ ਬੱਸ ਸਟੈਂਡ ਦੇ ਤਿਆਰ ਹੋਣ ਤੋਂ ਬਾਅਦ ਯਾਤਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੋਵੇਗਾ।

ਦੇਵ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ। ਮਾਨ ਸਰਕਾਰ ਵੱਲੋਂ ਸੂਬੇ ਭਰ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੈ। ਇਨ੍ਹਾਂ ਲੀਡਰਾਂ ਨੇ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਖਾਲੀ ਕਰ ਕੇ ਆਪਣੀਆਂ ਜੇਬਾਂ ਭਰੀਆ ਹਨ। ਉਨ੍ਹਾਂ ਕਿਹਾ ਕਿ ਹਲਕਾ ਨਾਭਾ ਨੂੰ ਗਰੀਨ ਸਿਟੀ ਬਣਾਇਆ ਜਾਵੇਗਾ। ਸ਼ਹਿਰ ਵਿੱਚੋਂ ਕੂੜੇ ਕਰਕਟ ਦੇ ਡੰਪਾਂ ਨੂੰ ਖਤਮ ਕਰ ਦਿੱਤਾ ਗਿਆ ਹੈ। ਉਥੇ ਹੀ ਪਟਿਆਲਾ ਗੇਟ ਵਿਖੇ ਕੂੜਾ ਡੰਪ ਨੂੰ ਮਿੰਨੀ ਬੱਸ ਅੱਡਾ ਬਣਾਇਆ ਗਿਆ ਹੈ। ਪੁਰਾਣੇ ਹਾਈਕੋਰਟ ਤੇ ਬੋੜਾ ਗੇਟ ਵਿਖੇ ਡੰਪ ਦੀ ਜਗ੍ਹਾ ਤੇ ਲੋਕਾਂ ਲਈ ਬੈਠਣ ਲਈ ਬੈਂਚ ਰੱਖੇ ਗਏ ਹਨ। ਦੇਵ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਦਰਸ਼ਨ ਕੋੜਾ ਪ੍ਰਧਾਨ ਨਗਰ ਪੰਚਾਇਤ ਭਾਦਸੋਂ, ਸੁੱਖ ਘੁੰਮਣ ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਰੁਪਿੰਦਰ ਸਿੰਘ, ਤੇਜਿੰਦਰ ਸਿੰਘ ਖਹਿਰਾ, ਓਮ ਪ੍ਰਕਾਸ਼ ਠੇਕੇਦਾਰ, ਨਿਰਭੈ ਸਿੰਘ ਘੁੰਡਰ, ਦੀਪਾ ਰਾਮਗੜ੍ਹ, ਗੋਪਾਲ ਖਨੌੜਾ ਕੌਂਸਲਰ, ਤਰਨ ਖਨੌੜਾ, ਮੁਸ਼ਤਾਕ ਖਾਨ, ਅਮਨਦੀਪ ਸਿੰਘ ਹੈਪੀ, ਸੁਖਦੀਪ ਖਹਿਰਾ, ਸੋਮ ਚਾਸਵਾਲ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ...ਸ.ਫ਼ਾ 1 ਦੀ ਬਾਕੀ

### ਕੇਜਰੀਵਾਲ ਨੇ ਨੋਟਾਂ 'ਤੇ ...

ਫੋਟੋਆਂ ਜੜੀਆਂ ਹੋਈਆਂ ਹਨ। ਇਕ ਹੋਰ ਭਾਜਪਾ ਆਗੂ ਨਿਤੇਸ਼ ਰਾਣੇ ਨੇ 200 ਰੁਪਏ ਦੇ ਨੋਟ 'ਤੇ ਸ਼ਿਵਾ ਜੀ ਦੀ ਫੋਟੋ ਟਵੀਟ ਕੀਤੀ।

ਟਵੀਟ ਕਰਨ 'ਚ ਕਾਂਗਰਸ ਆਗੂ ਵੀ ਪਿੱਛੇ ਨਹੀਂ ਰਹਿੰਦੇ। ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਟਵੀਟ ਕੀਤਾ-ਕਰੰਸੀ ਨੋਟਾਂ ਦੀ ਨਵੀਂ ਸੀਰੀਜ਼ 'ਤੇ ਡਾਕਟਰ ਭੀਮ ਰਾਓ ਅੰਬੇਡਕਰ ਦੀ ਤਸਵੀਰ ਕਿਉਂ ਨਹੀਂ ਹੋਣੀ ਚਾਹੀਦੀ? ਇੱਕ ਪਾਸੇ ਮਹਾਤਮਾ ਗਾਂਧੀ ਦੀ ਤਸਵੀਰ ਅਤੇ ਦੂਜੇ ਪਾਸੇ ਡਾ. ਬੀ ਆਰ ਅੰਬੇਡਕਰ ਦੀ ਤਸਵੀਰ। ਉਧਰ, ਕੇਂਦਰੀ ਸਮਾਜਕ ਨਿਆਂ ਰਾਜ ਮੰਤਰੀ ਰਾਮਦਾਸ ਅਠਾਵਲੇ ਨੇ ਲਛਮੀ ਅਤੇ ਗਣੇਸ਼ ਦੀਆਂ ਤਸਵੀਰਾਂ ਲਗਾਉਣ ਦੀ ਮੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਜੇ ਕੋਈ ਤਸਵੀਰ ਲਾਉਣੀ ਹੀ ਹੈ ਤਾਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਲੱਗਣੀ ਚਾਹੀਦੀ ਹੈ।

## ਸ੍ਰੀਮਦ ਭਾਗਵਤ ਪ੍ਰਵਚਨ ਕਥਾ ਅੱਜ ਤੋਂ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-28 ਅਕਤੂਬਰ ਤੋਂ ਸ੍ਰੀ ਹਨੂੰਮਾਨ ਗੜ੍ਹੀ ਮੰਦਿਰ ਵਿਖੇ 20 ਰੋਜ਼ਾ ਸ੍ਰੀਮਦ ਭਾਗਵਤ ਪ੍ਰਵਚਨ ਕਥਾ ਕਰਵਾਈ ਜਾਵੇਗੀ। ਇਹ ਕਥਾ ਪਹਿਲੀ ਵਾਰ ਸ੍ਰੀ ਹਨੂੰਮਾਨ ਗੜ੍ਹੀ ਮੰਦਿਰ ਨਿਊ ਕੈਂਟ ਰੋਡ ਗਲੀ ਨੰਬਰ 8 ਵਿਖੇ ਸ਼ੁਰੂ ਹੋਵੇਗੀ। ਇਸ 20 ਰੋਜ਼ਾ ਸ੍ਰੀਮਦ ਭਾਗਵਤ ਪ੍ਰਵਚਨ ਕਥਾ ਵਿੱਚ ਭਗਵਾਨ ਸ੍ਰੀ ਬਾਲ ਕ੍ਰਿਸ਼ਨ ਲਾਲ ਦੇ ਬੇਅੰਤ ਭੋਗਾਂ ਦਾ ਵਰਨਨ ਕੀਤਾ ਜਾਵੇਗਾ। ਇਸ ਸ੍ਰੀਮਦ ਭਾਗਵਤ ਕਥਾ ਦਾ ਗਾਇਨ ਕਥਾਵਾਚਕ ਪੰਡਿਤ ਗੌਰਵ ਦੀਕਸ਼ਿਤ ਕਰਨਗੇ। ਇਸ ਸ੍ਰੀਮਦ ਭਾਗਵਤ ਕਥਾ ਦਾ ਪ੍ਰਬੰਧ ਬਜਰੰਗ ਮੰਡਲ ਸਤਿਸੰਗ ਸਭਾ ਫਰੀਦਕੋਟ ਤੇ ਸਮੂਹ ਸੰਗਤਾਂ ਵੱਲੋਂ ਕੀਤਾ ਗਿਆ ਹੈ।

## ਖੇਡਾਂ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਝੰਡੂਕੇ ਸਕੂਲ ਦੇ ਵਿਦਿਆਰਥੀ ਸਨਮਾਨਤ



ਸਰਦੂਲਗੜ੍ਹ (ਅਵਤਾਰ ਜਟਾਣਾ)

ਨਰਾਇਣ ਸਿੱਖਿਆ ਕੇਂਦਰ ਵਿੱਦਿਆ ਭਾਰਤੀ ਮਾਨਸਾ ਵਿਖੇ ਜ਼ਿਲ੍ਹਾ ਪੱਧਰੀ ਫੁੱਟਬਾਲ ਅੰਡਰ 14, 17 ਤੇ 19 ਸਾਲ ਦੇ ਫੁੱਟਬਾਲ ਦੇ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਪੱਧਰ 'ਤੇ ਸ ਸ ਸਕੂਲ ਝੰਡੂਕੇ (ਮਾਨਸਾ) ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚੋਂ 14, 17 ਤੇ 19 ਦੇ ਵਿਦਿਆਰਥੀਆਂ ਨੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਇਸ ਦਾ ਸਿਹਰਾ ਸਕੂਲ ਮੁਖੀ ਪ੍ਰਿੰਸੀਪਲ ਮੈਡਮ ਨੀਲਮ ਵਰਮਾ, ਸੀਨੀਅਰ ਲੈਕਚਰਾਰ ਬਲਵਿੰਦਰ ਸਿੰਘ ਲੱਧੂਵਾਸ, ਟੀਮ ਇੰਚਾਰਜ ਅਵਤਾਰ ਸਿੰਘ, ਵੋਕੇਸ਼ਨਲ ਟਰੇਨਰ ਫਿਜੀਕਲ ਗੁਰਵਿੰਦਰ ਸਿੰਘ ਨੂੰ ਜਾਂਦਾ ਹੈ। ਸਕੂਲ ਮੁਖੀ ਵੱਲੋਂ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬਚਿੱਤਰ ਸਿੰਘ, ਜਗਜੀਤ ਸਿੰਘ, ਕਿਰਪਾਲ ਸਿੰਘ, ਸੰਦੀਪ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੰਟਰੈਕਟ/ ਆਊਟਸੋਰਸ ਮੁਲਾਜ਼ਮਾਂ ਨੂੰ ਕੰਮਾਂ ਤੋਂ ਫਾਰਗ ਕਰਨ ਵਿਰੁੱਧ ਅਰਥੀ ਫੂਕ ਰੈਲੀ

**ਪਟਿਆਲਾ** : ਪੰਜਾਬ ਮੰਡੀ ਬੋਰਡ ਵਿਚਲੀਆਂ ਤਕਰੀਬਨ 153 ਮਾਰਕਿਟ ਕਮੇਟੀਆਂ ਵਿੱਚ ਪਿਛਲੀਆਂ ਸਰਕਾਰਾਂ ਨੇ ਰੈਗੂਲਰ ਮੁਲਾਜ਼ਮਾਂ ਦੀਆਂ ਰਿਟਾਇਰਮੈਂਟ ਉਪਰੰਤ ਖਾਲੀ ਹੋਈਆਂ ਤੀਜਾ ਅਤੇ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਅਸਾਮੀਆਂ ਵਿਰੁੱਧ ਸਾਲ 2018 ਵਿੱਚ ਕੰਮ ਦੇ ਵਧ ਰਹੇ ਬੋਝ ਅਤੇ ਕਣਕ ਝੋਨੇ ਆਦਿ ਦੇ ਸੀਜ਼ਨਾਂ ਅਤੇ ਮੰਡੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 452 ਮੁਲਾਜ਼ਮਾਂ ਦੀ ਪਾਰਦਰਸ਼ਤਾ ਅਨੁਸਾਰ ਭਰਤੀ ਕੰਟਰੈਕਟ / ਆਊਟਸੋਰਸ 'ਤੇ ਕੀਤੀ ਸੀ। ਇਹ ਮੁਲਾਜ਼ਮ ਲਗਾਤਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਆ ਰਹੇ ਹਨ। ਪੰਜਾਬ ਵਿੱਚ ਬਣੀ ਨਵੀਂ ਆਪ ਸਰਕਾਰ ਨੇ ਬਦਲਾ ਲਊ ਭਾਵਨਾ ਨਾਲ ਇਹ ਕਹਿ ਕੇ ਕਿ ਇਹ ਕਾਂਗਰਸ ਸਰਕਾਰ ਦੇ ਸਮੇਂ ਦੀ ਭਰਤੀ ਹੈ ਮਾਰਕਿਟ ਕਮੇਟੀ ਪਟਿਆਲਾ, ਸਮਾਣਾ, ਨਾਭਾ, ਡਕਾਲਾ, ਦੁੱਧਨ ਸਾਧਾਂ ਤੇ ਭਾਦਸੋਂ ਵਿਚੋਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਕਹਿਣ 'ਤੇ ਸਕੱਤਰ ਮਾਰਕਿਟ ਕਮੇਟੀਆਂ ਵਲੋਂ ਕੰਮਾਂ ਤੋਂ ਫਾਰਗ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਹਨ ਤੇ ਇਹੋ ਵਰਤਾਰਾ ਬਾਕੀ




ਮਾਰਕਿਟ ਕਮੇਟੀਆਂ ਵਿੱਚ ਵਾਪਰਨ ਜਾ ਰਿਹਾ ਹੈ। ਪਿਛਲੇ ਪੰਜ ਸਾਲਾਂ ਤੋਂ ਜੋ ਆਮ ਆਦਮੀ ਰੋਜ਼ੀ ਰੋਟੀ ਮਿਹਨਤ ਕਰਕੇ ਨਿਗੂਣੀਆਂ ਤਨਖਾਹਾਂ 'ਤੇ ਆਪਣੇ ਪਰਵਾਰਾਂ ਦਾ ਗੁਜ਼ਾਰਾ ਚਲਾ ਰਿਹਾ ਸੀ, ਉਸ ਨੂੰ ਆਮ ਆਦਮੀ ਦੀ ਸਰਕਾਰ ਨੇ ਪੱਕਾ ਕਰਨ ਦੀ ਬਜਾਏ ਘਰਾਂ ਨੂੰ ਤੋਰਨ ਦੇ ਨੋਟਿਸ ਜਾਰੀ ਕਰ ਦਿੱਤੇ ਹਨ। ਕੁਰੱਪਸ਼ਨ ਨਾਲ ਲਿਪਤ ਪੰਜਾਬ ਮੰਡੀ ਬੋਰਡ ਦੇ ਮਾਰਕਿਟ ਕਮੇਟੀ ਦੀ ਅਫਸਰਸ਼ਾਹੀ ਕੁੱਝ ਵੀ ਸੁਣਨ ਨੂੰ ਤਿਆਰ ਨਹੀਂ ਹੈ ਅਤੇ ਵਿਧਾਇਕਾਂ/ਮੰਤਰੀਆਂ ਦੇ ਦਬਾਅ ਤੋਂ ਘਬਰਾ ਰਹੇ ਹਨ। ਮਾਰਕਿਟ ਕਮੇਟੀ ਪਟਿਆਲਾ ਵਿੱਚ ਪਿਛਲੇ 15 ਦਿਨਾਂ ਤੋਂ ਚੱਲ ਰਹੇ ਧਰਨੇ ਅਤੇ ਮਾਰਕਿਟ ਕਮੇਟੀ ਸਮਾਣਾ ਵਿਖੇ ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਤੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ (1680), ਜ਼ਿਲ੍ਹਾ ਕਮੇਟੀ ਵੱਲੋਂ ਇੱਥੇ ਜ਼ਿਲ੍ਹਾ ਮੰਡੀ ਅਫਸਰ ਦਫਤਰ ਅੱਗੇ ਵਿਸ਼ਾਲ ਰੋਸ ਮਈ ਧਰਨਾ ਦਿੱਤਾ ਅਤੇ ਪੰਜਾਬ ਮੰਡੀ ਬੋਰਡ ਦੀ ਅਫਸਰਸ਼ਾਹੀ ਵਿਰੁੱਧ ਪੰਜਾਬ ਮੰਡੀ ਬੋਰਡ ਦੇ ਮੁੱਖ ਦਫਤਰ ਮੰਡੀ ਭਵਨ ਮੁਹਾਲੀ ਵਿਖੇ ਅਰਥੀ ਫੂਕ ਰੈਲੀ ਕੀਤੀ ਜਾਵੇਗੀ। ਇਸ ਮੌਕੇ 'ਤੇ ਜੋ ਆਗੂਆਂ ਨੇ ਪਹੁੰਚਕੇ ਸੰਬੋਧਨ ਕੀਤਾ ਉਹਨਾਂ ਵਿੱਚ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਦੀਪ ਚੰਦ ਹੰਸ, ਰਾਮ ਕਿਸ਼ਨ, ਮਾਧੋ ਰਾਹੀ, ਸਵਰਨ ਬੰਗਾ, ਰਾਮ ਲਾਲ ਰਾਮਾ, ਹਰਵਿੰਦਰ ਸਿੰਘ, ਸੰਜੀਵ ਕੁਮਾਰ, ਅਮਰੀਕ ਸਿੰਘ, ਨਾਰੰਗ ਸਿੰਘ, ਪ੍ਰੀਤਮ ਠਾਕੁਰ, ਸੱਜਣ ਸਿੰਘ, ਜਗਤਾਰ ਲਾਲ, ਗੁਰਦਰਸ਼ਨ ਸਿੰਘ, ਵੇਦ ਪ੍ਰਕਾਸ਼, ਇੰਦਰ ਪਾਲ, ਅਜੇ ਕੁਮਾਰ ਸਿੱਪਾ, ਕਾਕਾ ਸਿੰਘ, ਬਲਵੀਰ ਸਿੰਘ, ਹਰਬੰਸ ਸਿੰਘ, ਸੁਖਦੇਵ ਸਿੰਘ, ਸ਼ਿਵ ਚਰਨ, ਸੁਨੀਲ ਦੱਤ, ਬੰਸੀ ਲਾਲ, ਹਰਦਮ ਸਿੰਘ, ਯੂਸਫ ਅਲੀ, ਪਰਵਿੰਦਰ ਪਾਲ ਕੌਰ, ਯਸ਼ਪਾਲ, ਜਾਹਿਦ ਪ੍ਰਵੇਜ ਆਦਿ ਹਾਜ਼ਰ ਸਨ।

# ਜੌੜਾਮਾਜਰਾ ਵੱਲੋਂ ਸਿਹਤ ਵਿਭਾਗ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਪ੍ਰਧਾਨਗੀ ਹੇਠ ਪੰਜਾਬ ਭਵਨ ਚੰਡੀਗੜ੍ਹ ਵਿਖੇ ਸੂਬੇ ਦੇ ਸਿਹਤ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਵਿਭਾਗ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜੌੜਾਮਾਜਰਾ ਨੇ ਅਧਿਕਾਰੀਆਂ ਨੂੰ ਸਰਗਰਮ ਰਹਿਣ ਅਤੇ ਸਾਰੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਨੇਪਰੇ ਚਾੜ੍ਹਨ ਲਈ ਕਿਹਾ। ਉਹਨਾਂ ਅੱਗੇ ਕਿਹਾ ਕਿ ਕਿਸੇ ਵੀ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਗਲਤੀ ਕਰਨ ਵਾਲੇ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਸੂਬੇ ਵਿੱਚ ਸਿਹਤ ਸੇਵਾਵਾਂ ਵਿੱਚ ਹੋਰ ਸੁਧਾਰ ਲਿਆਉਣ ਲਈ ਜੌੜਾਮਾਜਰਾ ਨੇ ਅਧਿਕਾਰੀਆਂ ਨੂੰ ਆਦੇਸ ਦਿੱਤੇ ਕਿ ਉਹ ਪੰਜਾਬ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਨੂੰ ਉਨ੍ਹਾਂ ਦੇ ਮੈਡੀਕਲ ਉਪਕਰਨਾਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਿਸੇ ਵੀ ਨਵੇਂ ਉਪਕਰਨ ਦੀ ਲੋੜ ਜਾਂ ਮੁਰੰਮਤ ਬਾਰੇ ਜਾਣੂ ਕਰਵਾਉਣ ਸਬੰਧੀ ਨਿਰਦੇਸ਼ ਦੇਣ ਕਿਉਂਕਿ ਇਸ ਸਬੰਧੀ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ। ਸਿਹਤ ਮੰਤਰੀ ਨੇ ਪੰਜਾਬ ਦੀਆਂ ਸਿਹਤ ਸੰਸਥਾਵਾਂ ਵਿੱਚ ਨਕਾਰਾ/ਵਰਤੋਂ ਵਿੱਚ ਨਾ ਆਉਣ ਵਾਲੇ ਉਪਕਰਨਾਂ ਦਾ ਨਿਪਟਾਰਾ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ ਤਾਂ ਜੋ ਹਸਪਤਾਲਾਂ ਵਿੱਚ ਥਾਂ ਖਾਲੀ ਹੋ ਸਕੇ। ਸਾਫ਼-ਸਫਾਈ ਸਬੰਧੀ ਮੰਤਰੀ ਨੇ ਹਸਪਤਾਲਾਂ ਵਿੱਚ ਸਾਫ-ਸਫਾਈ ਦੇ ਰੱਖ-ਰਖਾਅ ਲਈ ਠੇਕਿਆਂ ਦੀ ਸਥਿਤੀ ਬਾਰੇ ਵੀ ਜਾਣਕਾਰੀ ਲਈ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਹਸਪਤਾਲਾਂ ਦੀ ਬਿਹਤਰ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਕਿਹਾ ਕਿ ਖਸਤਾ ਹਾਲਤ ਵਾਲੀਆਂ ਪੁਰਾਣੀਆਂ ਇਮਾਰਤਾਂ ਨੂੰ ਢੁਕਵੀਂ ਪ੍ਰਕਿਰਿਆ ਅਪਣਾਉਂਦਿਆਂ ਢਾਹ ਦਿੱਤਾ ਜਾਵੇ। ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ 25 ਜਨ ਔਸ਼ਧੀ ਸਟੋਰ ਪਹਿਲਾਂ ਹੀ ਕਫਾਇਤੀ ਦਰਾਂ 'ਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਕਾਰਜਸ਼ੀਲ ਹਨ ਅਤੇ ਲੋਕਾਂ ਦੀ ਸਹੂਲਤ ਲਈ ਅਜਿਹੇ 14 ਹੋਰ ਸਟੋਰ ਖੋਲ੍ਹਣ ਦੀ ਯੋਜਨਾ ਹੈ। ਮੰਤਰੀ ਨੇ ਵੱਖ-ਵੱਖ ਮੁਲਾਜਮ ਯੂਨੀਅਨਾਂ ਦੀਆਂ ਸ਼ਿਕਾਇਤਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਜਾਇਜ ਮੰਗਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਰਮਚਾਰੀਆਂ ਦੇ ਹਿੱਤ ਲਈ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਕਰਮਚਾਰੀਆਂ ਦੇ ਮੈਡੀਕਲ ਬਿੱਲਾਂ ਦੀ ਅਦਾਇਗੀ ਸਬੰਧੀ ਕਿਸੇ ਵੀ ਬਕਾਇਆ ਮਾਮਲੇ ਨੂੰ ਨਿਪਟਾਉਣ ਲਈ ਵੀ ਕਿਹਾ। ਇਸ ਮੀਟਿੰਗ ਵਿੱਚ ਮਿਸ਼ਨ ਡਾਇਰੈਕਟਰ ਐੱਨ.ਐੱਚ.ਐੱਮ. ਅਭਿਨਵ ਤ੍ਰਿਖਾ, ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਡਾ. ਰਣਜੀਤ ਸਿੰਘ ਘੋਤੜਾ, ਡਾਇਰੈਕਟਰ ਸਿਹਤ ਸੇਵਾਵਾਂ (ਪਰਵਾਰ ਭਲਾਈ) ਡਾ. ਰਵਿੰਦਰਪਾਲ ਕੌਰ, ਡਾਇਰੈਕਟਰ ਹੋਮਿਓਪੈਥੀ, ਡਾਇਰੈਕਟਰ ਆਯੁਰਵੈਦ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜਰ ਸਨ।

# ਬੱਚਿਆਂ ਨੂੰ ਪ੍ਰੀਖਿਆ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਲਾਗੂ ਹੋਵੇਗੀ ਵਿਆਪਕ ਯੋਜਨਾਬੰਦੀ : ਡਾ.ਬਲਜੀਤ ਕੌਰ

**ਫਗਵਾੜਾ, ( ਜਸਵਿੰਦਰ ਢੱਡਾ )** -ਸਮਾਜਿਕ ਨਿਆਂ ਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ ਵਾਸਤੇ ਤਿਆਰ ਕਰਨ ਸਬੰਧੀ ਵਿਆਪਕ ਯੋਜਨਾਬੰਦੀ ਨੂੰ ਲਾਗੂ ਕੀਤਾ ਜਾਵੇਗਾ,ਤਾਂ ਜੋ ਉਹ ਵੱਧ ਤੋਂ ਵੱਧ ਮੌਕਿਆਂ ਦਾ ਲਾਹਾ ਲੈ ਸਕਣ। ਇੱਥੇ ਫਗਵਾੜਾ ਵਿਖੇ ਡਾ.ਅੰਬੇਦਕਰ ਭਵਨ ਦਾ ਦੌਰਾ ਕਰਨ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕ ਭਲਾਈ ਅਤੇ ਵਿਕਾਸ ਦੇ ਏਜੰਡੇ ਨੂੰ ਮੁੱਖ ਰੱਖਦੇ ਹੋਏ ਨੀਤੀ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਲੋਕ ਭਲਾਈ ਯੋਜਨਾਵਾਂ ਦਾ ਹਰ ਲੋੜਵੰਦ ਤੱਕ ਲਾਭ ਪੁੱਜਦਾ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਡਾ.ਅੰਬੇਦਕਰ ਭਵਨ ਵਿਖੇ ਕੋਚਿੰਗ ਕਲਾਸਾਂ ਦਾ ਵੀ ਨਿਰੀਖਣ ਕੀਤਾ ਅਤੇ ਕਿਹਾ ਕਿ ਨੌਜਵਾਨਾਂ ਨੂੰ ਮੁਕਾਬਲਿਆਂ ਦੇ ਲਈ ਤਿਆਰ ਕਰਨ ਵਾਲੀਆਂ ਸੰਸਥਾਵਾਂ ਨੂੰ ਪੰਜਾਬ ਸਰਕਾਰ ਵਲੋਂ ਮੁਕੰਮਲ ਸਹਿਯੋਗ ਅਤੇ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ,ਐਸ. ਡੀ. ਐਮ ਅਮਰਦੀਪ ਸਿੰਘ,ਡਿਪਟੀ ਡਾਇਰੈਕਟਰ ਸਮਾਜਿਕ ਸੁਰੱਖਿਆ ਪਰਿੰਦਰ ਸਿੰਘ ਗਿੱਲ,ਜ਼ਿਲ੍ਹਾ ਭਲਾਈ ਅਫਸਰ ਹਰਪਾਲ ਸਿੰਘ ਗਿੱਲ ਵੀ ਹਾਜ਼ਰ ਸਨ।

# ਮਾਤਰੀ ਮੌਤਾਂ ਦੇ ਕੇਸਾਂ ਦੀ ਸਮੀਖਿਆ ਲਈ ਜ਼ਿਲ੍ਹਾ ਪੱਧਰੀ ਬੈਠਕ

**ਮੋਹਾਲੀ, (ਗੁਰਜੀਤ ਬਿੱਲਾ)**- ਸਿਵਲ ਸਰਜਨ ਡਾ. ਆਦਰਸ਼ਪਾਲ ਕੌਰ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ ਨਿਧੀ ਕੌਸ਼ਲ ਦੀ ਪ੍ਰਧਾਨਗੀ ਹੇਠ ਜਣੇਪੇ ਦੌਰਾਨ ਹੋਣ ਵਾਲੀਆਂ ਮੌਤਾਂ ਸਬੰਧੀ ਜ਼ਿਲ੍ਹਾ ਪੱਧਰੀ ਰੀਵਿਊ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਮਾਤਰੀ ਮੌਤਾਂ ਦੇ ਕੇਸਾਂ ਨੂੰ ਵਿਚਾਰਿਆ ਗਿਆ। ਮੀਟਿੰਗ ਦੌਰਾਨ ਸਿਵਲ ਸਰਜਨ ਨੇ ਸਟਾਫ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਜੱਚਾ ਦੀ ਮੌਤ ਦੀ ਦਰ ਨੂੰ ਘਟਾਉਣ ਲਈ ਠੋਸ ਕਦਮ ਚੁੱਕੇ ਜਾਣ। ਇਨ੍ਹਾਂ ਮੌਤਾਂ ਦੌਰਾਨ ਹੋਈਆਂ ਖਾਮੀਆਂ ਨੂੰ ਦੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜਰੂਰੀ ਹੈ ਤਾਂ ਜੋ ਸਮੇਂ ਸਿਰ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਜਾ ਸਕੇ। ਇਸ ਤਰ੍ਹਾਂ ਜਣੇਪੇ ਸਮੇਂ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ। ਡਾ. ਨਿਧੀ ਕੌਸ਼ਲ ਨੇ ਮੀਟਿੰਗ ਦੌਰਾਨ ਦੱਸਿਆ ਕਿ ਸਿਹਤ ਵਿਭਾਗ ਦੇ ਪ੍ਰਮੁੱਖ ਉਦੇਸਾਂ ਵਿੱਚੋਂ ਇੱਕ ਮਾਤਰੀ ਮੌਤ ਦਰ ਨੂੰ ਘਟਾਉਣਾ ਵੀ ਹੈ। ਇਸ ਲਈ ਲੋਕਾਂ ਨੂੰ ਬਿਹਤਰ ਜੱਚਾ-ਬੱਚਾ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਸਿਹਤ ਵਿਭਾਗ ਵੱਲੋਂ ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਤਹਿਤ ਹਰੇਕ ਗਰਭਵਤੀ ਔਰਤ ਨੂੰ ਗਰਭ ਧਾਰਨ ਤੋਂ ਲੈ ਕੇ ਬੱਚੇ ਦੇ ਜਨਮ ਤੱਕ ਸਾਰੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਚੈਕਅੱਪ, ਲੈਬ ਟੈਸਟ, ਸਕੈਨਿੰਗ, ਹਸਪਤਾਲ ਆਉਣਾ ਤੇ ਛੱਡਣਾ ਸ਼ਾਮਲ ਹੈ। ਇਸ ਤੋਂ ਇਲਾਵਾ ਸਰਕਾਰੀ ਸੰਸਥਾ ਵਿਚ ਜਣੇਪਾ ਕਰਵਾਉਣ 'ਤੇ ਮੁਫ਼ਤ ਖੁਰਾਕ ਤੇ ਦਵਾਈਆਂ ਸਮੇਤ ਜਨਨੀ ਸੁਰੱਖਿਆ ਯੋਜਨਾ ਤਹਿਤ ਵਿੱਤੀ ਮਦਦ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਵੱਲੋਂ ਹਦਾਇਤ ਕੀਤੀ ਗਈ ਕਿ ਜੇਕਰ ਸਿਹਤ ਕੇਂਦਰ ਵਿਚ ਕੋਈ ਵੀ ਗਰਭਵਤੀ ਮਾਂ ਨੂੰ ਪਹਿਲੀ ਵਾਰ ਚੈੱਕਅਪ ਦੌਰਾਨ ਹੀ ਹਾਈ ਰਿਸਕ ਲੱਗੇ ਜਿਵੇਂ ਕਿ ਬੀ. ਪੀ. ਵਧਦਾ ਹੋਵੇ, ਖੂਨ 7 ਗ੍ਰਾਮ ਤੋਂ ਘੱਟ ਹੋਵੇ ਜਾਂ 5 ਫੁੱਟ ਤੋਂ ਘੱਟ ਕੱਦ ਹੋਵੇ ਆਦਿ ਤਾਂ ਉਸ ਮਰੀਜ਼ ਨੂੰ ਤੁਰੰਤ ਜ਼ਿਲ੍ਹਾ ਸਰਕਾਰੀ ਹਸਪਤਾਲ ਪੱਧਰ 'ਤੇ ਰੈਫਰ ਕੀਤਾ ਜਾਵੇ। ਉਸ ਸਮੇਂ ਉਸ ਮਰੀਜ਼ ਦੇ ਵਾਰਿਸ ਨੂੰ ਇਹ ਵੀ ਸਮਝਾਇਆ ਜਾਵੇ ਕਿ ਮਾਂ ਅਤੇ ਬੱਚੇ ਦੀ ਜਾਨ ਨੂੰ ਖਤਰਾ ਕਿਵੇਂ ਘਟਾਇਆ ਜਾ ਸਕਦਾ ਹੈ ਅਤੇ ਇਹ ਸਭ ਕੁੱਝ ਗਰਭਵਤੀ ਮਾਵਾਂ ਨੂੰ ਵੀ ਦੱਸਣਾ ਯਕੀਨੀ ਬਣਾਇਆ ਜਾਵੇ। ਡਾ. ਕੌਸ਼ਲ ਨੇ ਕਿਹਾ ਕਿ ਗਰਭਵਤੀ ਔਰਤਾਂ ਦਾ ਸਪੈਸ਼ਲਿਸਟ ਡਾਕਟਰ ਕੋਲੋਂ ਸਰਕਾਰੀ ਹਸਪਤਾਲਾਂ ਵਿਚ ਹੀ ਚੈਕਅੱਪ ਕਰਵਾਇਆ ਜਾਵੇ, ਕਿਉਂਕਿ ਸਪੈਸ਼ਲਿਸਟ ਡਾਕਟਰ ਜ਼ਿਆਦਾ ਗਿਆਨਵਾਨ ਹੁੰਦੇ ਹਨ। ਅਜਿਹੇ ਵਿਅਕਤੀ ਜਿਨ੍ਹਾਂ ਕੋਲ ਗਰਭਵਤੀ ਮਾਵਾਂ ਦੀ ਜਾਂਚ ਸਬੰਧੀ ਮੁਹਾਰਤ ਹਾਸਲ ਨਹੀਂ ਹੈ, ਉਨ੍ਹਾਂ ਕੋਲ ਜਾਣ ਨਾਲ ਮਾਂ ਅਤੇ ਬੱਚੇ ਦੋਵਾਂ ਦੀ ਜਾਨ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਇਸ ਮੀਟਿੰਗ ਵਿਚ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਨਿਧੀ ਕੌਸ਼ਲ, ਇਸਤਰੀ ਰੋਗ ਮਾਹਰ ਡਾਕਟਰਾਂ ਤੋਂ ਇਲਾਵਾ ਪੈਰਾ ਮੈਡੀਕਲ ਸਟਾਫ ਤੇ ਹੋਰ ਨੁਮਾਇੰਦੇ ਹਾਜ਼ਰ ਸਨ।

# ਸੰਤ ਭਗਤ ਸਿੰਘ ਤੇ ਨਿਰਮਲ ਸਿੰਘ ਚੋਹਲਾ ਦਾ ਬਰਸੀ ਸਮਾਗਮ

**ਚੋਹਲਾ ਸਾਹਿਬ (ਹਰਪ੍ਰੀਤ ਸਿੰਘ ਚੰਬਾ,ਰਮਨ ਚੱਢਾ)** ਮਹਾਨ ਤਪੱਸਵੀ ਸੰਤ ਭਗਤ ਸਿੰਘ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦ ਕਵੀਸ਼ਰ ਨਿਰਮਲ ਸਿੰਘ ਚੋਹਲਾ ਸਾਹਿਬ ਵਾਲਿਆਂ ਦੀ ਯਾਦ 'ਚ ਅੱਜ ਸਲਾਨਾ ਬਰਸੀ ਸਮਾਗਮ ਡੇਰਾ ਸ੍ਰੀ ਨਿਰੰਕਾਰ ਸਾਹਿਬ ਨੇੜੇ ਬਿਜਲੀ ਘਰ ਚੋਹਲਾ ਸਾਹਿਬ ਵਿਖੇ ਕਵੀਸ਼ਰ ਚੋਹਲਾ ਦੇ ਸਪੁੱਤਰ ਜਥੇਦਾਰ ਬਲਕਾਰ ਸਿੰਘ ਯੂ ਐਸ ਏ ਅਤੇ ਭਾਈ ਰਸਾਲ ਸਿੰਘ ਯੂ ਕੇ ਵਾਲਿਆਂ ਦੀ ਯੋਗ ਅਗਵਾਈ ਹੇਠ ਬੜੀ ਸ਼ਰਧਾਪੂਰਵਕ ਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਪੰਥ ਦੀ ਚੜ੍ਹਦੀ ਕਲਾ ਵਾਲੇ ਅੰਤਰਰਾਸ਼ਟਰੀ ਕਵੀਸ਼ਰ ਭਾਈ ਬਖਸ਼ੀਸ਼ ਸਿੰਘ ਰਾਣੀਵਲਾਹ ਵਾਲੇ, ਭਾਈ ਤਰਲੋਚਨ ਸਿੰਘ,ਭਾਈ ਪਰਦੀਪ ਸਿੰਘ ਰਾਹਲ ਚਾਹਲ ਤੋਂ ਇਲਾਵਾ ਸਿਰਮੌਰ ਕਵੀਸ਼ਰੀ ਜਥਿਆਂ ਨੇ ਜਿੱਥੇ ਵਡਮੁੱਲਾ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਹੀ ਸ਼ਹੀਦ ਭਾਈ ਨਿਰਮਲ ਸਿੰਘ ਦੀ ਕਵੀਸ਼ਰ ਸਭਾ ਦੇ ਕਵੀਸ਼ਰੀ ਜਥੇ ਨੇ ਭਾਈ ਚੋਹਲਾ ਦੀਆਂ ਵਾਰਾਂ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਿਆ। ਇਸ ਮੌਕੇ ਸੰਤ ਬਾਬਾ ਸੁੱਖਾ ਸਿੰਘ ਅਤੇ ਸੰਤ ਬਾਬਾ ਹਾਕਮ ਸਿੰਘ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ,ਬਾਬਾ ਨੰਦ ਸਿੰਘ ਮੁੰਡਾ ਪਿੰਡ ਵਾਲੇ,ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ,ਬਾਬਾ ਜਗਤਾਰ ਸਿੰਘ ਬਾਬੇ ਸ਼ਹੀਦਾਂ ਵਾਲੇ,ਬਾਬਾ ਪਰਗਟ ਸਿੰਘ ਲੂਆ ਸਾਹਿਬ ਵਾਲੇ,ਬਾਬਾ ਸਾਹਿਬ ਸਿੰਘ ਗੁੱਜਰਪੁਰਾ



ਵਾਲੇ ਆਦਿ ਧਾਰਮਿਕ ਸ਼ਖਸੀਅਤਾਂ ਨੇ ਹਾਜ਼ਰੀਆਂ ਭਰੀਆਂ। ਆਈਆਂ ਸ਼ਖਸੀਅਤਾਂ ਨੂੰ ਬਾਬਾ ਬਲਕਾਰ ਸਿੰਘ ਤੇ ਬਾਬਾ ਰਸਾਲ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਅਹੀਆਪੁਰ ਵਿਖੇ ਸੱਭਿਆਚਾਰਕ ਤੇ ਜੋੜ ਮੇਲਾ ਧੂਮਧਾਮ ਨਾਲ ਸੰਪੰਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਰ ਪੀਰ ਸੱਚੀ ਦਰਗਾਹ ਅਹੀਆਪੁਰ ਵਿਖੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲੇ ਦੀ ਅਗਵਾਈ ਵਿਚ ਕਰਵਾਇਆ ਗਿਆ 13 ਰੋਜ਼ਾ ਸੱਭਿਆਚਾਰਕ ਜੋੜ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਸੰਪਨ ਹੋ ਨਿੱਬੜਿਆ। ਇਸ ਮੇਲੇ ਵਿੱਚ ਮੁੱਖ ਮਹਿਮਾਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ, ਨੰਬਰਦਾਰ ਜਗਜੀਵਨ ਜੱਗੀ, ਚੇਅਰਮੈਨ ਹਰਮੀਤ ਔਲਖ ਸੁਖਵਿੰਦਰ ਸਿੰਘ ਅਰੋੜਾ, ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੋਆਬਾ ਪ੍ਰਧਾਨ ਰਾਹੁਲ ਖੰਨਾ ਚੇਅਰਮੈਨ ਵਿਕਾਸ ਜਸਰਾ ਅਖਿਲ ਵਾਲਮੀਕ ਧਰਮ ਸਮਾਜ ਪੰਜਾਬ ਦੇ ਚੇਅਰਮੈਨ ਗਗਨ ਭੱਟੀ, ਕੇਸ਼ਵ ਸੈਣੀ, ਰਾਜਿੰਦਰ ਮਾਰਸ਼ਲ, ਮਨਮੋਹਨ ਸਿੰਘ ਟਾਂਡਾ, ਜਵਾਹਰ ਖੁਰਾਨਾ, ਅਤਵਾਰ ਸਿੰਘ, ਦੇਸ ਰਾਜ ਡੋਗਰਾ ਅਤੇ ਅਵਤਾਰ ਸਿੰਘ ਨੇ ਬਾਬਾ ਜੀ ਦੇ ਦਰਬਾਰ ਵਿੱਚ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਗਵਾਈ।

ਸੱਭਿਆਚਾਰਕ ਮੇਲੇ ਦੀ ਸ਼ੁਰੂਆਤ ਵਿੱਚ ਢੋਲ ਦੀ ਥਾਪ 'ਤੇ ਘੋੜਿਆਂ ਦੇ ਡਾਂਸ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਮੇਲੇ ਦੌਰਾਨ ਇੰਟਰਨੈਸ਼ਨਲ ਗਾਇਕ ਸਿੰਘਾਂ ਨੇ " ਮੈਂ ਤੇਰੀ ਸ਼ੈਡੋ ਬਣ ਜਾਵਾਂ" ਆਦਿ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਣ ਕਰਕੇ ਲੋਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਗਾਇਕ ਬਲਵਿੰਦਰ ਮੱਤੇਵਾਲੀਆ, ਜਾਨ ਹੀਰ, ਬੀ. ਸੰਧੂ ਅਤੇ ਹੋਰ ਗਾਇਕਾ ਨੇ ਆਪਣੇ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਹਾਸਰਸ ਕਲਾਕਾਰ ਚਾਚਾ ਬਿਸ਼ਨਾ ਅਤੇ ਉਨ੍ਹਾਂ ਦੀ ਟੀਮ ਨੇ ਆਪਣੀ ਕਾਮੇਡੀ ਦੇ ਜੌਹਰ ਵਿਖਾ ਕੇ ਲੋਕਾਂ ਨੂੰ ਲੋਟ ਪੋਟ ਹੋਣ ਲਈ ਮਜਬੂਰ ਕਰ



ਦਿੱਤਾ। ਇਸ ਮੌਕੇ 'ਤੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਜੋੜ ਮੇਲੇ ਆਪਣੀ ਪੰਜਾਬੀ ਸੱਭਿਅਤਾ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਆਪਣੀ ਪੰਜਾਬੀ ਸੱਭਿਅਤਾ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਕਰਕੇ ਨਸ਼ਾ ਰਹਿਤ ਕਰਨ ਲਈ ਹਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਅਜਿਹੇ ਸੱਭਿਆਚਾਰਕ ਜੋੜ ਮੇਲੇ ਆਯੋਜਿਤ ਕਰਨੇ ਚਾਹੀਦੇ ਹਨ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ। ਮੇਲੇ ਦੌਰਾਨ ਦਿਨ ਰਾਤ ਬਾਬਾ ਜੀ ਦਾ ਅਤੁੱਟ ਲੰਗਰ ਚਲਦਾ ਰਿਹਾ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵਿਕਾ, ਰਾਜੇਸ਼ ਜਸਰਾ, ਸ਼ਰਨਜੀਤ ਸਿੰਘ, ਗੁਰਸ਼ਰਨ ਸਿੰਘ, ਦਿਲਪ੍ਰੀਤ ਸਿੰਘ, ਕਮਲਜੀਤ ਕੌਰ ਅਤੇ ਹੋਰ ਸ਼ਰਧਾਲੂਆਂ ਨੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵਿਸ਼ਾਲ ਪੰਥਕ ਕਾਨਫ਼ਰੰਸ

## ਸਮੁੱਚਾ ਪੰਥ ਇਕ ਪਲੇਟਫਾਰਮ 'ਤੇ ਆਵੇ : ਮਾਨ

**ਟਾਂਡਾ ਉੜਮੁੜ , (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਟਾਂਡਾ ਵਿਖੇ ਪੰਥ, ਗ੍ਰੰਥ, ਕਿਸਾਨੀ, ਜਵਾਨੀ, ਪੁੱਤ, ਪਾਣੀ ਅਤੇ ਪੰਜਾਬ ਦੀ ਆਜਾਦੀ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਵਿਸ਼ਾਲ ਪੰਥਕ ਕਾਨਫ਼ਰੰਸ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਮਸੀਤੀ, ਜ਼ਿਲ੍ਹਾ ਪ੍ਰਧਾਨ ਜਥੇਦਾਰ ਗੁਰਦੀਪ ਸਿੰਘ ਖੁਣਖੁਣ, ਜ਼ਿਲ੍ਹਾ ਜਨਰਲ ਸਕੱਤਰ ਸੰਦੀਪ ਸਿੰਘ ਖਾਲਸਾ, ਸਰਕਲ ਪ੍ਰਧਾਨ ਟਾਂਡਾ ਜਸਵੰਤ ਸਿੰਘ ਫੌਜੀ ਦੇ ਉਦਮਾਂ ਸਦਕਾ ਹੋਈ। ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਸਮੁੱਚੇ ਪੰਥ ਨੂੰ ਇਕ ਪਲੇਟਫਾਰਮ 'ਤੇ ਇਕੱਠਿਆਂ ਹੋ ਕੇ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਮਜਬੂਤ ਹੋਣ ਲਈ ਕਿਹਾ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਅੰਦਰ ਲਗਾਤਾਰ ਵਧ ਰਿਹਾ ਹਿੰਦੁਤਵ ਦੇਸ਼ ਦੀਆਂ ਘੱਟ ਗਿਣਤੀਆਂ ਲਈ ਖ਼ਤਰੇ ਦੀ ਘੰਟੀ ਹੈ। ਪੰਥ ਦਾ ਹੁਣ ਤਕ ਜਿੰਨਾ ਵੀ ਨੁਕਸਾਨ ਕੀਤਾ ਹੈ ਉਹ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੇ ਆਗੂਆਂ ਨੇ ਹੀ ਕੀਤਾ ਹੈ। ਅੱਜ ਦੇਸ਼ ਵਿੱਚ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਬਜਾਏ ਦੇਸ਼ ਦੀ ਸਰਕਾਰ ਉਮਰ ਕੈਦ ਭੋਗ ਰਹੇ ਕੈਦੀਆਂ ਨੂੰ ਰਿਹਾਅ ਕਰ ਰਹੀ ਹੈ ਜੋ ਕਿ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਬੀਜੇਪੀ ਤੇ ਆਰ.ਐੱਸਐੱਸਦੀ ਬੀ ਟੀਮ ਨਹੀਂ ਹੈ ਸਗੋਂ ਉਹ ਬੀਜੇਪੀ ਅਤੇ ਆਰਐੱਸਐੱਸ ਨੂੰ ਦੇਸ਼ ਚੋਂ ਲਾਂਭੇ ਕਰਕੇ ਆਪ ਰਾਜ ਕਰਨਾ



ਚਾਹੁੰਦੀ ਹੈ । ਉਨ੍ਹਾਂ ਪਾਕਿਸਤਾਨ ਦੇ ਸੈਨਾ ਮੁਖੀ ਜਨਰਲ ਬਾਜਵਾ ਦੇ ਕਾਰਜਕਾਲ ਵਿੱਚ ਪਾਕਿਸਤਾਨ ਸਰਕਾਰ ਤੋਂ ਵਾਧਾ ਕਰਨ ਦੀ ਮੰਗ ਕੀਤੀ ਤਾਂ ਜੋ ਦੋਹਾਂ ਦੇਸ਼ਾਂ ਵਿਚ ਅਮਨ ਸਦਭਾਵਨਾ ਤੇ ਸ਼ਾਂਤੀ ਬਣੀ ਰਹਿ ਸਕੇ ਤੇ ਜੰਗ ਵਾਲਾ ਮਾਹੌਲ ਪੈਦਾ ਨਾ ਹੋਵੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਕਿਸਾਨ ਮੋਰਚਾ ਪੰਜਾਬ ਦੇ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘਵਾਲਾ , ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਜ਼ਿਲ੍ਹਾ ਜਨਰਲ ਸਕੱਤਰ ਜਥੇਦਾਰ ਸੰਦੀਪ ਸਿੰਘ ਖਾਲਸਾ , ਐਗਜੈਕਟਿਵ ਮੈਂਬਰ ਮੈਂਬਰ ਗੁਰਨਾਮ ਸਿੰਘ ਸਿੰਗੜੀਵਾਲ , ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣਖੁਣ , ਆਜਾਦ ਹਿੰਦ ਕਿਸਾਨ ਮੋਰਚੇ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ , ਜ਼ਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਖੱਖ , ਗੁਰਦੀਪ ਸਿੰਘ ਚੱਕ ਝੰਡੂ , ਜਸਵਿੰਦਰ ਸਿੰਘ ਧੁੱਗਾ, ਪਰਮਿੰਦਰ ਸਿੰਘ ਖਾਲਸਾ ਸਰਕਲ ਪ੍ਰਧਾਨ ਮੁਕੇਰੀਆਂ ਨੇ ਵੀ ਸੰਬੋਧਨ ਕਰਦਿਆਂ ਪੰਥ ਅਤੇ ਪੰਜਾਬ ਨੂੰ ਬਚਾਉਣ ਲਈ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਲਈ ਅਪੀਲ ਕੀਤੀ। ਇਸ ਮੌਕੇ ਰਣਜੀਤ ਸਿੰਘ ਝਾਵਾਂ, ਕੁਲਦੀਪ ਸਿੰਘ ਦੇਹਰੀਵਾਲ ,ਹਰਦੀਪ ਸਿੰਘ ਸਮਰਾ, ਦਲਵੀਰ ਸਿੰਘ ਹਰਸੀਪਿੰਡ, ਡਾ. ਹਰਲੀਨ ਸਿੰਘ, ਜਸਵਿੰਦਰ ਲਾਲ ਦਸਮੇਸ਼ ਨਗਰ ,ਪਰਗਟ ਸਿੰਘ ਮੱਖੂ, ਅਮਰਦੀਪ ਜੌਹਲ ,ਬਲਵੀਰ ਜੌਹਲ, ਗੁਰਵਿੰਦਰ ਸਿੰਘ ਮਿਆਣੀ ,ਅਮਰਦੀਪ ਸਿੰਘ , ਗੁਰਸਿਮਰਨ ਕੌਰ, ਲਖਵੀਰ ਸਿੰਘ ਗੰਧੋਵਾਲ, ਮਨਜਿੰਦਰ ਸਿੰਘ ਰੜਾ, ਮਨਜੀਤ ਸਿੰਘ ਕੰਧਾਲੀ, ਮਨਦੀਪ ਸਿੰਘ ਸਾਹਪੁਰ, ਸੁਖਪ੍ਰੀਤ ਸਿੰਘ (ਸੁੱਖਾ)ਖੁੱਡਾ ਜਗਦੀਪ ਸਿੰਘ ਧੁੱਗਾ, ਹਰਦੇਵ ਸਿੰਘ ਖੋਖਰ ,ਸੰਦੀਪ ਸਿੰਘ ਲੰਮੇ ,ਹਰਨੇਕ ਬੈਂਸ ਅਵਾਨ ਬਿਕਰਮਜੀਤ ਸਿੰਘ ਪਤਿਆਲ , ਹਰਮਨ ਸਿੰਘ ,ਭੁਪਿੰਦਰ ਸਿੰਘ ਜਿਆਣ ਤਰਸੇਮ ਸਿੰਘ ਚੌਲਾਂਗ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਐੱਸ ਡੀ ਐੱਮ ਡਾ. ਢਿੱਲੋਂ ਦੇ ਯਤਨਾਂ ਨੂੰ ਪਿਆ ਬੂਰ, ਮੁੱਖ ਸੜਕ ਦੀ ਕਰਾਈ ਮੁਰੰਮਤ



ਜਿਸ 'ਤੇ ਤੁਰੰਤ ਪ੍ਰਭਾਵ ਨਾਲ ਐਕਸ਼ਨ ਲੈਂਦਿਆਂ ਐਸ ਡੀ ਐਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨੇ ਨੈਸ਼ਨਲ ਹਾਈਵੇ ਅਥਾਰਟੀ ਦੇ ਸਹਿਯੋਗ ਨਾਲ ਸੜਕ ਦੀ ਮੁਰੰਮਤ ਕਰਵਾ ਦਿੱਤੀ। ਜਿਸ ਦੀ ਸ਼ਹਿਰ ਵਾਸੀਆਂ ਅਤੇ ਲਾਗਲੇ ਪਿੰਡਾਂ ਤੋਂ ਆਉਣ ਜਾਣ ਵਾਲੇ ਰਾਹਗੀਰਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ

**ਮਜੀਠਾ-(ਸੋਇਮ ਆਨੰਦ)** ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਵਾਸੀਆਂ ਦੀ ਪੁਰਜ਼ੋਰ ਮੰਗ 'ਤੇ ਮਜੀਠਾ ਦੇ ਚੋਣਵੇਂ ਪੱਤਰਕਾਰਾਂ ਨਾਲ ਐਸ ਡੀ ਐਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨਾਲ ਮੁਲਾਕਾਤ ਦੌਰਾਨ ਮਜੀਠਾ ਦੀਆਂ ਸਮੱਸਿਆਵਾਂ ਬਾਰੇ ਦੱਸਿਆ ਤੇ ਉਨ੍ਹਾਂ ਦੀ ਮੰਗ 'ਤੇ ਤੁਰੰਤ ਗੌਰ ਕਰਦਿਆਂ ਐਸ ਡੀ ਐਮ ਦਫਤਰ ਦੇ ਬਾਹਰ ਮੁੱਖ ਸੜਕ 'ਤੇ ਪਿਛਲੇ ਲੰਮੇ ਸਮੇਂ ਤੋਂ ਵੱਡੇ ਵੱਡੇ ਖੱਡੇ ਪਏ ਸਨ, ਦੀ ਮੁਰੰਮਤ ਕਰਨ ਦੀ ਮੰਗ ਕੀਤੀ ਗਈ ਸੀ। ਕਿ ਇਨ੍ਹਾਂ ਖੱਡਿਆਂ ਕਾਰਨ ਹਰ ਰੋਜ਼ ਹਾਦਸੇ ਵਾਪਰਦੇ ਸਨ ਅਤੇ ਰਾਹਗੀਰਾਂ ਨੂੰ ਸੱਟਾਂ ਵੀ ਲਗਦੀਆਂ ਸਨ। ਇਸ ਮੌਕੇ ਗੱਲਬਾਤ ਕਰਦਿਆਂ ਐਸ ਡੀ ਐਮ ਮਜੀਠਾ ਨੇ ਕਿਹਾ ਕਿ ਮਜੀਠਾ ਵਾਸੀਆਂ ਦੇ ਸਹਿਯੋਗ ਦੀ ਲੋੜ ਹੈ, ਹਰੇਕ ਸਮੱਸਿਆ ਨੂੰ ਉਚ ਅਧਿਕਾਰੀਆਂ ਦੇ ਸਹਿਯੋਗ ਨਾਲ ਜਲਦੀ ਤੋਂ ਜਲਦੀ ਹੱਲ ਕਰਾਇਆ ਜਾਵੇਗਾ। ਉਨ੍ਹਾਂ ਦੇ ਨਾਲ ਰੀਡਰ ਵਰਿੰਦਰ ਭਾਟੀਆ, ਦੀਪਕ ਮਸੀਹ ਆਦਿ ਵੀ ਹਾਜ਼ਰ ਸਨ।

# ਵਾਲੀਬਾਲ ਟੂਰਨਾਮੈਂਟ 'ਚ ਭੁੱਲਰ ਦੀ ਟੀਮ ਜੇਤੂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਇਤਿਹਾਸਕ ਕਸਬਾ ਫਤਿਹਾਬਾਦ ਵਿਖੇ ਵਾਲੀਬਾਲ ਟੂਰਨਾਮੈਂਟ ਸਥਾਨਕ ਦੇਵੀ ਦਵਾਰਾ ਦੀ ਗਰਾਊਂਡ ਵਿਖੇ ਐਨ ਆਰ ਆਈ ਵੀਰਾਂ ਅਤੇ ਪਿੰਡ ਫਤਿਹਾਬਾਦ ਵਾਲੀਬਾਲ ਦੀ ਟੀਮ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਦਾ ਉਦਘਾਟਨ ਕਸਬਾ ਫਤਿਹਾਬਾਦ ਦੀ ਸਰਪੰਚ ਸੁਨੈਨਾ ਚੋਪੜਾ ਦੇ ਪਤੀ ਅਤੇ ਸੀਨੀਅਰ ਕਾਂਗਰਸੀ ਆਗੂ ਹਲਕਾ ਖਡੂਰ ਸਾਹਿਬ ਦੀਪਕ ਕੁਮਾਰ, ਦਾਰਾ ਚੋਪੜਾ,ਕਾਮਰੇਡ ਬਲਜੀਤ ਸਿੰਘ ਅਤੇ ਬਲਾਕ ਅਫਸਰ ਜਗੀਰ ਸਿੰਘ ਨੇ ਕੀਤਾ। ਇਸ ਟੂਰਨਾਮੈਂਟ ਵਿਚ ਇਲਾਕੇ ਦੀਆਂ 25 ਟੀਮਾਂ ਨੇ ਹਿੱਸਾ ਲਿਆ । ਇਸ ਮੌਕੇ ਟੀਮਾਂ ਦੇ ਫਸਵੇਂ ਮੁਕਾਬਲੇ ਹੋਏ । ਪਿੰਡ ਭੁੱਲਰ ਦੀ ਟੀਮ ਅਤੇ ਫਤਿਹਾਬਾਦ ਦੀ ਏ ਟੀਮ ਦਾ ਫਾਈਨਲ ਮੁਕਾਬਲਾ ਜ਼ਬਰਦਸਤ ਹੋਇਆ ਜਿਸ ਵਿੱਚ ਭੁੱਲਰ ਪਿੰਡ ਦੀ ਟੀਮ ਜੇਤੂ ਰਹੀ। ਇਸ ਪ੍ਰੋਗਰਾਮ ਵਿਚ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਵਿਚ ਅਮਨ, ਵਰੁਣ, ਅੰਮ੍ਰਿਤ, ਅਜੈਪਾਲ, ਰਵੀ, ਮਿੰਟੂ, ਹਨੀ, ਕਿਰਤ, ਗੋਪੀ, ਸਨੀ ਬੈਂਕ, ਚਰਨਜੀਤ ਸਿੰਘ, ਮਹਿਕ, ਸੱਤਾ ਅਤੇ ਬਹੁਤ ਸਾਰੇ ਖਿਡਾਰੀ ਹਾਜ਼ਰ ਸਨ। ਸਨੀ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਨਾਮਾਂ ਦੀ ਵੰਡ ਵੇਲੇ ਕਾਮਰੇਡ ਬਲਜੀਤ ਸਿੰਘ,ਲਖਬੀਰ ਸਿੰਘ ਲੱਖਾ, ਸੁਖਵਿੰਦਰ ਸਿੰਘ ਭਟਾ,ਕਾਮਰੇਡ ਗੁਰਚਰਨ ਕੰਡਾ, ਪੀ ਟੀ ਮਾਸਟਰ ਗੁਰਦੇਵ ਸਿੰਘ, ਹੈਪੀ ਸਕੂਲ ਵਾਲੇ, ਐਸ ਆਈ ਰਣਜੀਤ ਸਿੰਘ, ਜਗੀਰ ਸਿੰਘ ਬਲਾਕ ਅਫਸਰ ਵੱਲੋਂ ਨਗਦ ਰਾਸ਼ੀ ਅਤੇ ਸ਼ੀਲਡਾਂ ਦੇ ਕੇ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ ।

# ਸ਼ਹੀਦ ਭਗਤ ਸਿੰਘ ਦੇ ਘਰ ਦਾ ਕੁਨੈਕਸ਼ਨ ਕੱਟਣ ਦੀ ਸਖਤ ਨਿੰਦਾ

**ਖਡੂਰ ਸਾਹਿਬ (ਸਰਬਜੋਤ ਸਿੰਘ)** ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਪਿੰਡ ਛਾਪੜੀ ਸਾਹਿਬ ਸੁਖਵੰਤ ਸਿੰਘ ਦੋਧੀ ਦੇ ਗ੍ਰਹਿ ਵਿਖੇ ਸੁਲੱਖਣ ਸਿੰਘ ਤੁੜ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਸੂਬਾ ਸਕੱਤਰ ਤਰਮਿੰਦਰ ਸਿੰਘ ਮਕੇਰੀਆਂ ਨੇ ਕਿਹਾ ਕਿ ਮੀਟਿੰਗ ਵਿੱਚ ਕੁਝ ਮਤੇ ਪਾਸ ਕੀਤੇ ਗਏ। ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਗਦਰੀ ਬਾਬਿਆਂ ਦੇ 1 ਨਵੰਬਰ ਨੂੰ ਲੱਗਣ ਵਾਲੇ ਮੇਲੇ ਵਿੱਚ ਵਲੰਟੀਅਰ ਦੀ ਡਿਊਟੀ ਨਿਭਾਉਣਗੇ। ਨਸ਼ੇ ਤੇ ਲੁੱਟਾ ਖੋਹਾਂ ਤੇ ਬੇਰੁਜ਼ਗਾਰੀ ਦੇ ਮੁੱਦੇ ਨੂੰ ਲੈ ਕੇ ਪਿੰਡਾਂ ਤੇ ਸ਼ਹਿਰਾਂ ਕਸਬਿਆਂ ਵਿੱਚ ਮੀਟਿੰਗਾਂ ਤੇ ਸੈਮੀਨਰ ਰਾਹੀਂ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਘਰ ਦਾ ਬਿਜਲੀ ਦਾ ਕੁਨੈਕਸ਼ਨ ਕੱਟਣ ਦੀ ਨਿਖੇਧੀ



ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਨੂੰ ਫਤਿਹਾਬਾਦ, ਬਲਜੀਤ ਖਡੂਰ ਸਾਹਿਬ, ਚਮਕੌਰ ਭੁੱਲਰ, ਗੁਰਪ੍ਰੀਤ, ਬਲਵਿੰਦਰ, ਹਰਪਾਲ ਸਿੰਘ, ਮੰਗਲ ਸਿੰਘ, ਜਸਬੀਰ ਸਿੰਘ, ਜੋਤ ਕੌਰ, ਅੰਮ੍ਰਿਤ ਸਿੰਘ ਚੌਧਰੀ ਵਾਲਾ ਆਦਿ ਸਾਥੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਵੱਲੋਂ ਅਜਨਾਲਾ ਸ਼ਹਿਰੀ ਵਾਰਡਾਂ ਦੇ ਇੰਚਾਰਜ ਨਿਯੁਕਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)** ਅਜਨਾਲਾ ਸ਼ਹਿਰ ਵਿਚ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰਨ ਤੇ ਮੌਜੂਦਾ ਸਰਕਾਰ ਦੀਆ ਨੀਤੀਆਂ ਦਾ ਪ੍ਰਚਾਰ ਕਰਨ , ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਸ਼ਹਿਰ ਦੇ 14 ਵਾਰਡਾਂ ਦੇ ਵਾਰਡ ਇੰਚਾਰਜਾਂ ਦੀ ਲਿਸਟ ਜਾਰੀ ਕਰਦਿਆਂ ਦੱਸਿਆ ਕਿ ਇਹ ਵਾਰਡ ਇੰਚਾਰਜ ਸਰਕਾਰ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਦਾ ਲਾਭ ਹਰ ਇਕ ਤੱਕ ਪਹੁੰਚਾਉਣ ਲਈ ਨਿਸ਼ਕਾਮ ਸੇਵਾਵਾਂ ਨਿਭਾਉਣਗੇ ਅਤੇ ਹਰ ਦੁੱਖ ਸੁੱਖ ਵਿਚ ਸ਼ਾਮਿਲ ਹੋਣਗੇ। ਅਜਨਾਲਾ



ਵਾਰਡ ਨੰਬਰ 1 ਤੋਂ ਦੀਪਕ ਭੱਟੀ , ਵਾਰਡ ਨੰ. 2 ਤੋਂ ਅੰਮਿਤ ਪੁਰੀ, ਵਾਰਡ ਨੰਬਰ 4 ਤੋਂ ਗੁਰਵਿੰਦਰ ਸਿੰਘ ਸੱਗੂ, ਵਾਰਡ ਨੰਬਰ 5 ਤੋਂ ਗੁਰਦੇਵ ਸਿੰਘ , ਵਾਰਡ ਨੰਬਰ 6 ਤੋਂ ਸ਼ਮਸ਼ੇਰ ਸਿੰਘ , ਵਾਰਡ ਨੰਬਰ 7 ਤੋਂ ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੁਸਾਇਟੀ ਦੇ ਸੇਵਾਦਾਰ ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਵਾਰਡ ਨੰਬਰ 8 ਤੋਂ ਹਰਚਰਨ ਸਿੰਘ ਫੌਜੀ, ਵਾਰਡ ਨੰਬਰ 9 ਤੋਂ ਗੀਤਾ ਗਿੱਲ, ਵਾਰਡ ਨੰਬਰ 10 ਤੋਂ ਸੁਖਦਿਆਲ ਸਿੰਘ , ਵਾਰਡ ਨੰਬਰ 11 ਤੋਂ ਸਰਗਰਮ ਆਗੂ ਪਵਿੱਤਰ ਸਿੰਘ ਫੌਜੀ, ਵਾਰਡ ਨੰਬਰ 12 ਅਮਰਦੀਪ ਸਿੰਘ ਰਿੰਕੂ, ਵਾਰਡ ਨੰਬਰ 13 ਤੋਂ ਦੀਪਕ ਕੁਮਾਰ ਚੈਨਪੁਰੀਆ ਡੇਅਰੀ ਵਾਲੇ, ਵਾਰਡ ਨੰਬਰ 14 ਤੋਂ ਦਵਿੰਦਰ ਸਿੰਘ ਸੋਨੂੰ, ਵਾਰਡ ਨੰਬਰ 15 ਤੋਂ ਗੁਰਨਾਮ ਸਿੰਘ ਨਿਯੁਕਤ ਕੀਤੇ ਗਏ। ਨਿਯੁਕਤ ਸਾਰੇ ਮੈਂਬਰਾਂ ਨੇ ਕੁਲਦੀਪ ਸਿੰਘ ਧਾਲੀਵਾਲ ਦਾ ਧੰਨਵਾਦ ਕੀਤਾ ਅਤੇ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਲਾਭ ਘਰ ਘਰ ਪਹੁੰਚਾਉਣ ਅਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਦੀ ਗੱਲ ਕੀਤੀ।

# ਕਣਕ ਦੀ ਬਿਜਾਈ ਵੇਲੇ ਡੀ ਏ ਪੀ ਖਾਦ ਦਾ ਪ੍ਰਬੰਧ ਨਹੀਂ ਕੀਤਾ : ਸਿਧਵਾਂ, ਮਾਨੋਚਾਹਲ

**ਤਰਨ ਤਾਰਨ ( ਪ੍ਰਿਤਪਾਲ ਸਿੰਘ )** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਹਰਪ੍ਰੀਤ ਸਿੰਘ ਸਿਧਵਾਂ ਤੇ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਚੋਣਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਕਰਦੀ ਸੀ, ਅੱਜ ਸੱਤਾ ਵਿੱਚ ਆ ਕੇ ਮਾਨ ਸਰਕਾਰ ਸਾਰੇ ਵਾਅਦੇ ਭੁੱਲ ਗਈ ਹੈ। ਕਿਸਾਨਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਣਕ ਦੀ ਬਿਜਾਈ ਸਿਰ 'ਤੇ ਆ ਗਈ ਹੈ ਤੇ ਸਰਕਾਰ ਨੇ ਡੀ ਏ ਪੀ ਖਾਦ ਦਾ ਪੂਰਾ ਪ੍ਰਬੰਧ ਨਹੀਂ ਕੀਤਾ। ਜ਼ਿਲ੍ਹੇ ਵਿੱਚ ਖਾਦ ਦੀ ਬਹੁਤ ਵੱਡੀ ਕਮੀ ਹੈ ਨਾ ਹੀ ਕਿਸੇ ਡੀਲਰ ਕੋਲ ਹੈ, ਜੇ ਕਿਸੇ ਡੀਲਰ ਕੋਲ ਹੈ ਤਾਂ ਉਹ ਵੀ ਨੱਪ ਕੇ ਬੈਠਾ ਹੈ, ਜੇ ਉਹ ਕਿਸਾਨ ਨੂੰ ਖਾਦ ਦਿੰਦਾ ਹੈ ਤਾਂ ਨਾਲ ਹੋਰ ਬਲੈਕ ਵਿੱਚ ਚੀਜ਼ਾਂ ਬੰਨ੍ਹ ਰਿਹਾ ਹੈ। ਸਾਡੀ ਮਾਨ ਸਰਕਾਰ ਤੋਂ ਮੰਗ ਹੈ ਕਿ ਜਲਦੀ ਤੋਂ ਜਲਦੀ ਡੀ ਏ ਪੀ ਖਾਦ ਦਾ ਪ੍ਰਬੰਧ ਕੀਤਾ ਜਾਵੇ ਤੇ ਜਿੱਥੇ ਬਲੈਕ ਹੋ ਰਹੀ ਹੈ ਉਸ ਨੂੰ ਰੋਕਿਆ ਜਾਵੇ, ਨਾਲ ਹੀ ਕਿਸਾਨ ਆਗੂਆਂ ਨੇ ਕਿਹਾ ਕਿ ਤਰਨ ਤਾਰਨ ਤਹਿਸੀਲ ਕੰਪਲੈਕਸ ਦੇ ਬਾਹਰ ਐਸ ਡੀ ਐਮ ਦਫਤਰ ਦੇ ਸਾਹਮਣੇ ਰੋਡ ਉੱਤੇ ਠੇਕੇਦਾਰਾ ਵੱਲੋਂ ਨਜਾਇਜ਼ ਢੰਗ ਨਾਲ ਰੱਸੀ ਬੰਨ੍ਹੀ ਹੈ, ਉਹ ਰੱਸੀ ਜਲਦ ਤੋਂ ਜਲਦ ਖੁਲਵਾਈ ਜਾਵੇ, ਤਾਂ ਜੋ ਰਾਹਗੀਰਾਂ ਨੂੰ ਹਾਦਸਿਆਂ ਤੋਂ ਬਚਾਇਆ ਜਾ ਸਕੇ, ਲੋਕਲ ਮਸਲਿਆਂ ਨੂੰ ਲੈ ਕੇ ਘਿਰਾਉ ਜਾਰੀ ਰਹੇਗਾ।

# ਲਾਸ਼ਾਂ 'ਤੇ ਮਹੱਲ ਖੜ੍ਹੇ ਕਰਨ ਵਾਲੇ ਖਿਲਾਫ ਪ੍ਰਸ਼ਾਸਨ ਕਦੋਂ ਕਾਰਵਾਈ ਕਰੇਗਾ : ਕਾਲਾ ਪ੍ਰਧਾਨ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਕਸਬਾ ਫਤਿਆਬਾਦ ਦੇ ਨਗਰ ਸੁਧਾਰ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਕਾਲਾ ਵਲੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਤਿਹਾਬਾਦ ਪੁਲਸ 'ਤੇ ਸਿੱਧੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਫਤਿਹਾਬਾਦ ਪੁਲਸ ਨਹੀਂ ਚਾਹੁੰਦੀ ਕਿ



ਪ੍ਰਤੀਕਰਮ ਪ੍ਰਗਟ ਕਰਦਿਆਂ ਅਮਰਜੀਤ ਸਿੰਘ ਕਾਲਾ ਪ੍ਰਧਾਨ ਨੇ ਕਿਹਾ ਕਿ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਨੂੰ ਕੌਣ ਬਚਾ ਸਕਦਾ ਹੈ। ਇਸ ਮੌਕੇ ਕਾਲਾ ਪ੍ਰਧਾਨ ਨੂੰ ਪ੍ਰੈਸ ਵਲੋਂ ਪੱਤਰਕਾਰ ਦਾ ਨਾਂਅ ਪੁੱਛਣ 'ਤੇ ਉਸ ਨੇ ਕਿਹਾ ਕਿ ਸਮਾਂ ਆਉਣ 'ਤੇ ਸਭ ਕੁਝ ਸਬੂਤਾਂ

ਨਸ਼ੇ ਖਤਮ ਹੋਣ। ਇਸ ਮੌਕੇ ਅਮਰਜੀਤ ਸਿੰਘ ਕਾਲਾ ਵਲੋਂ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਡੀ ਐਸ ਪੀ ਅਤੇ ਵੱਖ ਵੱਖ ਥਾਣਿਆਂ ਦੇ ਮੁਖੀਆਂ ਨਾਲ ਨਸ਼ਿਆਂ ਬਾਰੇ ਕੀਤੀ ਮੀਟਿੰਗ ਤੋਂ ਬਾਅਦ ਦਿੱਤੇ ਬਿਆਨ ਕਿ ਆਉਂਦੇ 3 ਮਹੀਨਿਆਂ ਵਿਚ ਨਸ਼ਿਆਂ ਦੇ ਸੌਦਾਗਰ ਜੇਲ੍ਹਾਂ ਵਿਚ ਹੋਣਗੇ ਉਪਰ ਆਪਣਾ ਸਮੇਤ ਉਸ ਅਖੌਤੀ ਪੱਤਰਕਾਰ ਦਾ ਨਾਂਅ ਦੱਸਾਂਗਾ। ਪ੍ਰਧਾਨ ਕਾਲਾ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਵਿਚਲੀ ਇਸ ਕਾਲੀ ਭੇਡ ਦੇ ਬੈਂਕ ਖਾਤੇ ਖੰਘਾਲੇ ਜਾਣ ਅਤੇ ਮੋਬਾਇਲ ਫੋਨ ਡੀਟੇਲ ਚੈਕ ਕੀਤੀ ਜਾਵੇ ਤਾਂ ਸਭ ਕੁਝ ਸਾਫ ਨਜ਼ਰ ਆਵੇਗਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਨੌਜਵਾਨਾਂ ਦੀਆਂ ਲਾਸ਼ਾਂ 'ਤੇ ਮਹੱਲ ਖੜ੍ਹੇ ਕਰਨ ਵਾਲਿਆਂ 'ਤੇ ਪ੍ਰਸ਼ਾਸਨ ਕੋਈ ਕਾਰਵਾਈ ਕਰੇਗਾ?

# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਨੇ ਲਗਾਏ ਐਜੂਕੇਸ਼ਨ ਟੂਰ

**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)** ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਦੇ ਡਾਇਰੈਕਟਰ ਸਤੀਸ਼ ਕੁਮਾਰ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਜੋ ਕਿ ਸੰਪਰਦਾਇ ਕਾਰਸੇਵਾ ਸੰਤ ਬਾਬਾ ਤਾਰਾ ਸਿੰਘ ਸਰਹਾਲੀ ਸਾਹਿਬ ਦੇ ਵਰਤਮਾਨ ਮੁਖੀ ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਅਤੇ ਸੁਚੱਜੀ ਅਗਵਾਈ ਹੇਠ ਚੱਲ ਰਿਹਾ ਹੈ ਅਤੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਇਸ ਹਫਤੇ ਸਕੂਲ ਦੁਆਰਾ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਲਈ ਅਲੱਗ ਅਲੱਗ ਐਜੂਕੇਸ਼ਨਲ ਟੂਰਾਂ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਪਹਿਲਾ ਟੂਰ ਦੂਸਰੀ ਜਮਾਤ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਟਾਫ਼ ਦੀ ਨਿਗਰਾਨੀ ਹੇਠ ਫਨ ਇੰਜਲੈਂਡ ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਗਏ। ਜਿੱਥੇ ਬੱਚਿਆਂ ਲਈ ਥੀਏਟਰ ਮੂਵੀ, 3-ਡੀ ਐਨੀਮੇਸ਼ਨ, ਝੂਲੇ ,ਰਾਈਡਜ਼, ਵਾਟਰ ਪਾਰਕ ਆਦਿ ਦਾ ਅਨੰਦ ਮਾਣਿਆ। ਸਕੂਲ ਦਾ ਦੂਸਰਾ ਟੂਰ ਨੌਵੀਂ ਤੋਂ ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਦਾ ਵੰਡਰਲੈਂਡ ਅਮਿਊਜ਼ਮੈਂਟ ਜਲੰਧਰ ਵਿਖੇ ਗਿਆ। ਜਿੱਥੇ



ਬੱਚਿਆਂ ਨੇ ਲੇਜ਼ਰ ਸ਼ੋਅ, ਵਾਟਰਫਾਲ , ਵਾਟਰ ਪਾਰਕ, ਮਿੰਨੀ ਟਰੇਨ , ਝੂਲਿਆਂ ਦੀ ਹੈਵੀ ਰਾਈਡਸ ,ਬੋਟਿੰਗ ਆਦਿ ਦਾ ਵੀ ਅਨੰਦ ਮਾਣਿਆ। ਇਸ ਤਰ੍ਹਾਂ ਤੀਸਰਾ ਟੂਰ ਯੋਗੇਸ਼ ਕੁਮਾਰ (ਐਕਟਿੰਗ ਪ੍ਰਿੰਸੀਪਲ ) ਦੀ ਨਿਗਰਾਨੀ ਹੇਠ ਬੰਬੇ ਪਿਕਨਿਕ ਸਪੋਟ ਹਿਮਾਚਲ ਪ੍ਰਦੇਸ਼ ਵਿਖੇ ਪਹਾੜਾਂ ਦੇ ਕੁਦਰਤੀ ਨਜ਼ਾਰਿਆਂ ਦੇ ਸੁਮੇਲ 'ਚ ਵਾਟਰਫਾਲ ,ਬੋਟਿੰਗ, ਚਿੱਤਰ ਕਲਾਵਾਂ ਦਾ ਬੱਚਿਆਂ ਨੇ ਖੂਬ ਆਨੰਦ ਮਾਣਿਆ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਪੜ੍ਹਾਈ ਤੋਂ ਕੁਝ ਪਲ ਰਾਹਤ ਦੇਣ ਦੇ ਅਨੁਭਵ ਨਾਲ ਇਹ ਟੂਰ ਪ੍ਰੋਗਰਾਮ ਬਣਾਏ ਗਏ। ਇਸ ਮੌਕੇ ਸਮੂਹ ਸਟਾਫ ਤੋਂ ਇਲਾਵਾ ਰਾਜਵਿੰਦਰ ਕੌਰ , ਮੈਡਮ ਗੁਰਕਮਲਪ੍ਰੀਤ ਕੌਰ, ਮੈਡਮ ਮੀਨਾ ਕੁਮਾਰੀ ,ਪ੍ਰਭਜੀਤ ਸਿੰਘ , ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ

# ਮੀਤ ਹੇਅਰ ਵੱਲੋਂ ਖਾਲੀ ਅਸਾਮੀਆਂ ਤੁਰੰਤ ਭਰਨ ਦੇ ਆਦੇਸ਼

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**—ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਵਿੱਚ ਖਾਲੀ ਅਸਾਮੀਆਂ ਭਰਨ ਲਈ ਪੁਨਰਗਠਨ ਦੀ ਪ੍ਰਕਿਰਿਆ ਜਲਦ ਮੁਕੰਮਲ ਕਰਕੇ ਇਨ੍ਹਾਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ। ਇਹ ਗੱਲ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸਰਕਾਰੀ ਪ੍ਰੈੱਸ ਦੇ ਦੌਰੇ ਮੌਕੇ ਕਹੀ। ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਸਰਕਾਰੀ ਵਿਭਾਗਾਂ ਨੂੰ ਮਜਬੂਤ ਕਰਨ ਦੇ ਨਿਰਦੇਸ਼ਾਂ ਤਹਿਤ ਸਰਕਾਰੀ ਪ੍ਰੈਸ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਸਾਮੀਆਂ ਦੀ ਸਿਰਜਣਾ ਕਰਨ ਤੋਂ ਬਾਅਦ ਨਵੀਨੀਕਰਨ ਕੀਤਾ ਜਾਵੇਗਾ ਜਿਸ ਤਹਿਤ ਬੇਲੋੜੇ ਸਮਾਨ ਦਾ ਨਿਪਟਾਰਾ ਕਰਕੇ ਅਤਿ-ਆਧੁਨਿਕ ਮਸੀਨਾਂ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਵਿਭਾਗ ਨੂੰ ਨਿਰਦੇਸ ਦਿੱਤੇ ਕਿ ਅਸਾਮੀਆਂ ਦੀ ਭਰਤੀ ਅਤੇ ਲੋੜੀਂਦੀ ਨਵੀ ਮਸੀਨਰੀ ਸਥਾਪਤ ਕਰਨ ਦਾ ਕੰਮ ਜਲਦ ਮੁਕੰਮਲ ਕਰ ਲਿਆ ਜਾਵੇ। ਮੀਤ ਹੇਅਰ ਨੇ ਸਰਕਾਰੀ ਪ੍ਰੈੱਸ ਦਾ ਦੌਰਾ ਕਰਕੇ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਕੀਤੀ ਅਤੇ ਮਸੀਨਾਂ ਦੇਖੀਆਂ।

ਉਨ੍ਹਾਂ ਨੇ ਵੱਖ-ਵੱਖ ਬਰਾਂਚਾਂ ਦਾ ਦੌਰਾ ਕਰਕੇ ਕੰਮ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਸਟਾਫ ਨੂੰ ਆਖਿਆ ਕਿ ਸਰਕਾਰੀ ਪ੍ਰੈੱਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕੰਮ ਕੀਤੇ ਜਾਣ। ਇਸ ਮੌਕੇ ਪ੍ਰਮੁੱਖ ਸਕੱਤਰ ਵੀ.ਕੇ.ਮੀਨਾ, ਵਿਸੇਸ ਸਕੱਤਰ ਡਾ. ਸੇਨੂੰ ਦੁੱਗਲ ਤੇ ਕੰਟਰੋਲਰ ਵਿੰਮੀ ਭੁੱਲਰ ਵੀ ਹਾਜਰ ਸਨ।

ਨਵਾਂ ਜ਼ਮਾਨਾ
ਸ਼ੁੱਕਰਵਾਰ, 28 ਅਕਤੂਬਰ 2022

# ਇਹ ਰਾਸ਼ਟਰਵਾਦ ਨਹੀਂ

*ਰਿਸ਼ੀ ਸੁਨਕ ਦੇ ਬਰਤਾਨੀਆ ਦਾ ਪ੍ਰਧਾਨ ਮੰਤਰੀ ਬਣਨ 'ਤੇ ਭਾਰਤੀਆਂ ਨੇ ਬਹੁਤ ਖੁਸ਼ੀ ਮਨਾਈ ਹੈ। ਇਹ ਠੀਕ ਹੈ ਕਿ ਜਿਸ ਦੇਸ਼ ਨੇ ਸਾਨੂੰ ਸਾਲਾਂਬੱਧੀ ਗੁਲਾਮ ਬਣਾ ਕੇ ਸਾਡੇ ਉੱਤੇ ਅਸਹਿ ਜ਼ੁਲਮ ਢਾਹੇ, ਉਸੇ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਉਤੇ ਕਿਸੇ ਭਾਰਤੀ ਮੂਲ ਦੇ ਬੰਦੇ ਦਾ ਪਹੁੰਚਣਾ ਆਮ ਲੋਕਾਂ ਦੀ ਮਾਨਸਿਕਤਾ ਨੂੰ ਟੁੰਬਦਾ ਹੈ। ਬਰਤਾਨੀਆ ਵਿੱਚ ਜਾ ਵਸੇ ਪੰਜਾਬੀ ਕਵੀ ਨਰੰਜਣ ਸਿੰਘ ਨੂਰ ਨੇ ਆਪਣੀ ਕਵਿਤਾ ਵਿੱਚ ਇਸ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਸੀ:*

*'ਟੇਮਜ਼ ਦੇ ਕੰਢੇ ਮੇਰੀ ਬੁੱਕਲ 'ਚ*
*ਬੈਠੀਏ ਗੋਰੀਏ, ਦੇਖ ਅੱਜ ਇੰਗਲਿਸ਼ਤਾਨ*
*ਹਿੰਦੋਸਤਾਨ ਦੇ ਕਬਜ਼ੇ ਵਿੱਚ ਹੈ।'*

*ਪਰ ਸੁਨਕ ਦੇ ਪ੍ਰਧਾਨ ਮੰਤਰੀ ਬਣਨ 'ਤੇ ਤਾਂ ਉਨ੍ਹਾਂ ਲੋਕਾਂ ਨੇ ਸਭ ਤੋਂ ਵੱਧ ਖੁਸ਼ੀ ਮਨਾਈ ਹੈ, ਜਿਹੜੇ ਅਜ਼ਾਦੀ ਦੀ ਲੜਾਈ ਸਮੇਂ ਅੰਗਰੇਜ਼ਾਂ ਦੇ ਮਦਦਗਾਰ ਬਣੇ ਹੋਏ ਸਨ। ਇਹ ਵੀ ਸੱਚ ਹੈ ਕਿ ਸੁਨਕ ਦੇ ਮਾਂ-ਪਿਓ ਤੇ ਖੁਦ ਸੁਨਕ ਭਾਰਤ ਦੇ ਜੰਮਪਲ ਨਹੀਂ ਹਨ। ਜੇ ਉਨ੍ਹਾ ਦੇ ਦਾਦਾ, ਦਾਦੀ ਦੇ ਭਾਰਤ ਵਿੱਚੋਂ ਪ੍ਰਵਾਸ ਕਰਕੇ ਗਏ ਹੋਣ ਕਾਰਨ ਸੁਨਕ ਨੂੰ ਭਾਰਤੀ ਮੂਲ ਦਾ ਸਮਝ ਕੇ ਅਸੀਂ ਲੋਕ ਗੌਰਵ ਮਹਿਸੂਸ ਕਰਦੇ ਹਾਂ ਤਾਂ ਫਿਰ ਭਾਰਤ ਵਿੱਚ ਵਸਦੇ ਕਰੋੜਾਂ ਮੁਸਲਮਾਨ ਵੀ ਤਾਂ ਭਾਰਤੀ ਮੂਲ ਦੇ ਹਨ, ਉਨ੍ਹਾਂ ਨਾਲ ਨਫ਼ਰਤ ਕਿਉਂ ਕੀਤੀ ਜਾਂਦੀ ਹੈ?*

*ਸਾਡੇ ਹਾਕਮਾਂ ਵੱਲੋਂ ਸਾਨੂੰ ਰਾਸ਼ਟਰਵਾਦ ਦੇ ਨਾਂਅ ਉੱਤੇ ਨਫ਼ਰਤ ਦੇ ਨਸ਼ੇ ਦਾ ਅਜਿਹਾ ਕਾੜ੍ਹਾ ਪਿਆਇਆ ਜਾ ਰਿਹਾ ਹੈ, ਜਿਸ ਦੀ ਘੂਕੀ ਨੇ ਸਾਡੀ ਮਾਨਸਿਕਤਾ ਦਾ ਘਾਣ ਕਰਕੇ ਰੱਖ ਦਿੱਤਾ ਹੈ। ਦੂਜੇ ਮੁਲਕਾਂ ਵਿੱਚ ਜਦੋਂ ਵੀ ਕੋਈ ਭਾਰਤੀ ਮੂਲ ਦਾ ਵਿਅਕਤੀ ਉੱਚੇ ਅਹੁਦੇ ਉੱਤੇ ਪੁੱਜਦਾ ਹੈ ਤਾਂ ਅਸੀਂ ਛਾਲਾਂ ਮਾਰਨ ਲੱਗ ਜਾਂਦੇ ਹਾਂ, ਪਰ ਆਪਣੇ ਦੇਸ਼ ਵਿੱਚ ਵਿਦੇਸ਼ੀ ਮੂਲ ਦੇ ਵਿਅਕਤੀਆਂ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਾਂ।*

*ਸਭ ਨੂੰ ਯਾਦ ਹੋਵੇਗਾ ਕਿ ਜਦੋਂ 2004 ਦੀਆਂ ਚੋਣਾਂ ਵਿੱਚ ਕਾਂਗਰਸ ਦੀ ਅਗਵਾਈ ਵਿੱਚ ਯੂਨਾਈਟਿਡ ਪ੍ਰੋਗਰੈਸਿਵ ਅਲਾਇੰਸ ਨੇ ਬਹੁਮਤ ਹਾਸਲ ਕਰ ਲਿਆ ਸੀ ਤਾਂ ਸੋਨੀਆ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਰੋਕਣ ਲਈ ਭਾਜਪਾ ਨੇ ਹੇਠਲੀ ਉੱਤੇ ਲਿਆ ਦਿੱਤੀ ਸੀ। ਸੁਸ਼ਮਾ ਸਵਰਾਜ ਤੇ ਉਮਾ ਭਾਰਤੀ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਜੇਕਰ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਉਹ ਆਪਣੇ ਝਾਟੇ ਮੁਨਾ ਦੇਣਗੀਆਂ। ਲਗਭਗ 40 ਸਾਲ ਤੱਕ ਭਾਰਤੀ ਵਿਅਕਤੀ ਦੀ ਪਤਨੀ ਰਹਿਣ ਵਾਲੀ ਔਰਤ ਨੂੰ ਅਸੀਂ ਵਿਦੇਸ਼ੀ ਹੀ ਸਮਝਦੇ ਰਹੇ ਤੇ ਉਸ ਨੂੰ ਉਸ ਦੇ ਸੰਵਿਧਾਨਕ ਹੱਕਾਂ ਤੋਂ ਵਾਂਝਿਆਂ ਕਰਨ ਲਈ ਘਿਨੌਣੀਆਂ ਚਾਲਾਂ ਚੱਲੀਆਂ। ਵਿਦੇਸ਼ਾਂ ਵਿੱਚ ਭਾਰਤੀ ਮੂਲ ਦੇ ਵਿਅਕਤੀਆਂ ਦੀਆਂ ਪ੍ਰਾਪਤੀਆਂ ਉੱਤੇ ਮਾਣ ਕਰਨ ਵਾਲਿਆਂ ਨੇ ਅਜਿਹਾ ਮਾਹੌਲ ਸਿਰਜਿਆ, ਜਿਸ ਨੇ ਸਮੁੱਚੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਸੀ।*

*ਅਸਲ ਵਿੱਚ ਸਾਡਾ ਰਾਸ਼ਟਰਵਾਦ ਮਾਤ ਭੂਮੀ ਤੋਂ ਤੈਅ ਨਹੀਂ ਹੁੰਦਾ, ਇਹ ਤਾਂ ਧਰਮ ਤੇ ਵਰਣਵੰਡ ਤੋਂ ਨਿਰਧਾਰਤ ਹੁੰਦਾ ਹੈ। ਇਸ ਦਾ ਪ੍ਰਗਟਾਵਾ ਵਿਦੇਸ਼ੀ ਮੂਲ ਦੇ ਵਿਅਕਤੀਆਂ ਬਾਰੇ ਹੀ ਨਹੀਂ, ਸਾਡੇ ਆਪਣੇ ਲੋਕਾਂ ਬਾਰੇ ਵੀ ਹਰ ਕਦਮ ਉੱਤੇ ਦੇਖਿਆ ਜਾ ਸਕਦਾ ਹੈ। ਪੰਜਾਬ ਦੀ ਹੀ ਗੱਲ ਕਰੀਏ ਤਾਂ ਇਹ ਸੋਚਿਆ ਹੀ ਨਹੀਂ ਜਾ ਸਕਦਾ ਕਿ ਇੱਥੇ ਕੋਈ ਗੈਰ-ਸਿੱਖ, ਇੱਥੋਂ ਤੱਕ ਕਿ ਗੈਰ-ਜੱਟ ਸਿੱਖ ਤੋਂ ਬਿਨਾਂ ਕੋਈ ਮੁੱਖ ਮੰਤਰੀ ਬਣ ਸਕਦਾ ਹੈ। ਇਸੇ ਤਰ੍ਹਾਂ ਹੀ ਬੰਗਾਲ ਵਿੱਚ ਬੰਗਾਲੀ, ਤਾਮਿਲਨਾਡੂ ਵਿੱਚ ਤਾਮਿਲੀ, ਕੇਰਲਾ ਵਿੱਚ ਮਲਿਆਲੀ ਤੇ ਗੁਜਰਾਤ ਵਿੱਚ ਗੁਜਰਾਤੀ ਨੂੰ ਛੱਡ ਕੇ ਹੋਰ ਕੋਈ ਮੁੱਖ ਮੰਤਰੀ ਨਹੀਂ ਬਣ ਸਕਦਾ। ਇਸ ਵੇਲੇ ਤਾਂ ਹਾਲਤ ਇਹ ਹੈ ਕਿ ਯੋਗਤਾ ਦੇ ਬਾਵਜੂਦ ਕਿਸੇ ਮੁਸਲਮਾਨ, ਦਲਿਤ ਜਾਂ ਈਸਾਈ ਦਾ ਉੱਚ ਅਹੁਦੇ ਲਈ ਚੁਣਿਆ ਜਾਣਾ ਅਸਾਨ ਨਹੀਂ ਹੈ। ਨਫ਼ਰਤ ਦਾ ਆਲਮ ਇਹ ਹੈ ਕਿ ਇੱਕੋ ਧਰਮ ਹੋਣ ਦੇ ਬਾਵਜੂਦ ਜਾਤਾਂ, ਗੋਤਾਂ ਤੇ ਇਲਾਕਿਆਂ ਵਿਚਲੇ ਵਿਅਕਤੀਆਂ ਵਿੱਚ ਵੀ ਵੰਡੀਆਂ ਪੈ ਚੁੱਕੀਆਂ ਹਨ। ਮਹਾਰਾਸ਼ਟਰ ਵਾਲੇ ਬਿਹਾਰ ਤੇ ਯੂ ਪੀ ਵਾਲਿਆਂ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਤੇ ਯੂ ਪੀ ਵਾਲੇ ਪੰਜਾਬੀ ਕਿਸਾਨਾਂ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖਦੇ ਹਨ।*

*ਸੁਨਕ ਦੇ ਦਾਦਾ-ਦਾਦੀ ਗੁਜਰਾਂਵਾਲੇ ਤੋਂ ਉੱਠ ਕੇ ਗਏ ਸਨ, ਜੋ ਵੰਡ ਤੋਂ ਪਹਿਲਾਂ ਭਾਰਤ ਦਾ ਹਿੱਸਾ ਸੀ, ਪਰ ਅੱਜ ਪਾਕਿਸਤਾਨ ਵਿੱਚ ਹੈ। ਇਸ ਲਿਹਾਜ਼ ਨਾਲ ਸੁਨਕ ਦਾ ਮੂਲ ਪਾਕਿਸਤਾਨੀ ਵੀ ਹੈ, ਪਰ ਉਨ੍ਹਾਂ ਨੇ ਕੋਈ ਖੁਸ਼ੀ ਨਹੀਂ ਮਨਾਈ। ਇਸ ਦਾ ਕਾਰਨ ਇਹੋ ਹੈ ਕਿ ਪਾਕਿਸਤਾਨ ਦਾ ਰਾਸ਼ਟਰਵਾਦ ਵੀ ਧਰਮ ਅਧਾਰਤ ਹੈ। ਜੇਕਰ ਸੁਨਕ ਮੁਸਲਮਾਨ ਹੁੰਦਾ ਤਾਂ ਉਨ੍ਹਾਂ ਵੀ ਬਾਘੀਆਂ ਪਾਉਣੀਆਂ ਸਨ।*

*ਅਸਲ ਵਿੱਚ ਇਹ ਕੋਈ ਰਾਸ਼ਟਰਵਾਦ ਨਹੀਂ, ਸੰਕੀਰਨ ਧਾਰਮਿਕ ਤੇ ਜਾਤੀਵਾਦੀ ਜਨੂੰਨ ਹੈ। ਇੰਫੋਸਿਸ ਦੇ ਸਹਿ-ਸੰਸਥਾਪਕ ਨਰਾਇਣ ਮੂਰਤੀ ਦੀ ਧੀ ਨਾਲ ਵਿਆਹਿਆ ਹੋਣ ਕਾਰਨ ਵਿਦੇਸ਼ ਵਿੱਚ ਜੰਮੇ ਸੁਨਕ ਨੂੰ ਸਮੁੱਚੇ ਭਾਰਤ ਦਾ ਜਵਾਈ ਹੋਣਾ ਪ੍ਰਵਾਨ ਕਰ ਲਿਆ ਜਾਂਦਾ ਹੈ, ਪਰ ਦਹਾਕਿਆਂ ਤੋਂ ਭਾਰਤ ਦੀ ਬਹੂ ਬਣ ਕੇ ਰਹਿ ਰਹੀ ਇਟਲੀ ਦੀ ਜੰਮਪਲ ਸੋਨੀਆ ਗਾਂਧੀ ਨਫ਼ਰਤ ਦੀ ਪਾਤਰ ਬਣ ਜਾਂਦੀ ਹੈ। ਸਾਡੀ ਮਾਨਸਿਕਤਾ ਵਿੱਚ ਰਾਸ਼ਟਰਵਾਦ ਦੇ ਨਾਂਅ ਉੱਤੇ ਭਰੀ ਗਈ ਨਫ਼ਰਤੀ ਜ਼ਹਿਰ ਦਾ ਹੀ ਨਤੀਜਾ ਹੈ ਕਿ ਸਾਡਾ ਦਿਮਾਗੀ ਸੰਤੁਲਨ ਦੋਗਲੇਪਣ ਦਾ ਸ਼ਿਕਾਰ ਹੋ ਚੁੱਕਾ ਹੈ। ਜਿੰਨਾ ਚਿਰ ਅਸੀਂ ਇਸ ਦੋਗਲੇਪਣ 'ਚੋਂ ਬਾਹਰ ਨਹੀਂ ਆਉਂਦੇ ਸਾਡਾ ਮਾਨਸਿਕ ਵਿਕਾਸ ਅਸੰਭਵ ਹੈ।*

**-ਚੰਦ ਫਤਿਹਪੁਰੀ**

# ਭਾਰਤ 'ਚ ਹਿੰਦੂਤਵ ਦਾ ਯੂਰਪੀ ਸੰਬੰਧ ਅਤੇ ਬੌਧਿਕ ਯਾਤਰਾ

**ਕਰਮ ਬਰਸਟ**

ਅਜ਼ਾਦ ਭਾਰਤ ਦੇ ਪਹਿਲੇ ਪੰਜਾਹ ਸਾਲਾਂ ਦੌਰਾਨ ਭਾਰਤੀ ਹਾਕਮਾਂ ਨੇ ਇਕ ਹੱਦ ਤੱਕ ਜਮਹੂਰੀਅਤ ਅਤੇ ਧਰਮ ਨਿਰਪੱਖਤਾ ਪ੍ਰਤੀ ਆਪਣੀ ਸੰਵਿਧਾਨਕ ਵਚਨਬੱਧਤਾ ਬਣਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਐਮਰਜੈਂਸੀ ਦੇ ਕਾਲੇ ਦੌਰ ਨੂੰ ਅਪਵਾਦ ਮੰਨ ਲਿਆ ਜਾਵੇ ਤਾਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੌਰ ਵਿੱਚ ਜਮਹੂਰੀਅਤ ਤੇ ਧਰਮ ਨਿਰਪੱਖਤਾ ਨੂੰ ਬਹੁਤੀ ਆਂਚ ਨਹੀਂ ਆਈ, ਪਰ 1991 ਦੀ ਰੱਥ ਯਾਤਰਾ ਅਤੇ ਬਾਬਰੀ ਮਸਜਿਦ ਦੀ ਘਟਨਾ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵੱਲੋਂ ਮੁਸਲਿਮ ਅਤੇ ਈਸਾਈ ਧਾਰਮਿਕ ਘੱਟ ਗਿਣਤੀਆਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਗਿਆ ਅਤੇ ਉਹ ਵਿਤਕਰੇ ਅਤੇ ਹਿੰਸਾ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਦੌਰਾਨ ਹਿੰਦੂਤਵੀ ਜਥੇਬੰਦੀਆਂ ਨੇ ਆਪਣੇ ਸਿਆਸੀ-ਸਮਾਜਿਕ ਪ੍ਰਭਾਵ ਖੇਤਰਾਂ ਵਿੱਚ ਬੇਸ਼ੁਮਾਰ ਵਾਧਾ ਕੀਤਾ ਹੈ। ਨਿੱਤ ਵਧਵੇਂ ਰੂਪ ਵਿੱਚ ਸਮਾਜ ਅੰਦਰ ਹਿੰਦੂਤਵ, ਭਗਵੇਂਕਰਨ ਅਤੇ ਬਹੁਗਿਣਤੀਵਾਦ ਦੀ ਵਿਚਾਰਧਾਰਾ ਨੂੰ ਪੱਕਿਆਂ ਕਰਨ ਦੀ ਕੋਸ਼ਸ਼ਿ ਦਿਖਾਈ ਦਿੰਦੀ ਹੈ।

ਥੋੜ੍ਹਾ ਜਿਹਾ ਸੰਸਾਰ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਅਧਿਆਤਮਿਕ ਉਸਤਾਦ ਰਾਸ਼ਟਰੀ ਸਵੈ ਸੇਵਕ ਸੰਘ ਦਾ ਸਮਾਜਕ ਤੇ ਰਾਜਨੀਤਕ ਉਭਾਰ ਉੱਨੀਵੀਂ ਸਦੀ ਦੇ ਯੂਰਪ ਨਾਲ ਨਾ ਸਿਰਫ ਸਿਧਾਂਤਕ ਤੌਰ 'ਤੇ ਸਗੋਂ ਸੁਖਾਵੇਂ ਰਿਸ਼ਤਿਆਂ ਦੇ ਰੂਪ ਵਿੱਚ ਵੀ ਦਿਖਾਈ ਦੇਵੇਗਾ।

ਭਾਰਤ ਅੰਦਰ ਹਿੰਦੂਤਵ ਦੀ ਬੌਧਿਕ ਯਾਤਰਾ ਬਸਤੀਵਾਦ ਵਿਰੋਧੀ ਲਹਿਰ ਦੇ ਸਮਾਂਤਰ ਹੀ ਉਭਰ ਕੇ ਸਾਹਮਣੇ ਆ ਜਾਂਦੀ ਹੈ। ਸੰਨ 1906 ਵਿਚ ਮੁਸਲਿਮ ਲੀਗ ਦੀ ਸਥਾਪਨਾ ਅਤੇ 1909 ਦੇ ਮਿੰਟੋ-ਮਾਰਲੇ ਸੁਧਾਰਾਂ ਤਹਿਤ ਧਾਰਮਕ ਅਧਾਰ 'ਤੇ ਚੋਣ ਨੁਮਾਇੰਦਗੀ ਮਿਲਣ ਨਾਲ ਹਿੰਦੂ-ਮੁਸਲਿਮ ਪਾੜ ਸ਼ੁਰੂ ਹੋ ਜਾਂਦਾ ਹੈ। ਹਿੰਦੂਆਂ ਦੀ ਸੁਰੱਖਿਆ ਦੀ ਆੜ ਹੇਠਾਂ ਦੇਸ਼ ਭਰ ਵਿੱਚ ਹਿੰਦੂ ਕੁਲੀਨ ਵਰਗ ਨੇ ਸਥਾਨਕ ਪੱਧਰ 'ਤੇ ਹਿੰਦੂ ਸਭਾਵਾਂ ਦਾ ਗਠਨ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਦਾ ਸਿੱਟਾ ਸਭ ਤੋਂ ਪਹਿਲਾਂ 1909 ਵਿਚ 'ਪੰਜਾਬ ਹਿੰਦੂ ਸਭਾ' ਬਣਨ ਅਤੇ ਹਿੰਦੂਆਂ ਨੂੰ ਇਕ ਵੱਖਰੀ ਕੌਮ ਮੰਨ ਕੇ ਕਾਂਗਰਸ ਪਾਰਟੀ ਨਾਲੋਂ ਵੱਖਰੇ ਤੌਰ 'ਤੇ ਜਥੇਬੰਦ ਕਰਨ ਦਾ ਮੁੱਢ ਬੰਨ੍ਹਿਆ ਗਿਆ। ਇਹ ਮੁਹਿੰਮ ਹਰਦਵਾਰ ਵਿਖੇ ਅਪਰੈਲ 1915 ਦੇ ਕੁੰਭ ਮੇਲੇ ਦੌਰਾਨ 'ਸਰਬ ਭਾਰਤੀ ਹਿੰਦੂ ਸਭਾ' ਦੇ ਗਠਨ ਦੇ ਰੂਪ ਵਿੱਚ ਸਮਾਪਤ ਹੋਈ। ਅਖੀਰ 1921 ਵਿਚ ਸਾਰੀਆਂ ਸੂਬਾਈ ਸਭਾਵਾਂ ਨੂੰ ਇਕਜੁਟ ਕਰਕੇ ਇਸ ਨੂੰ 'ਅਖਿਲ ਭਾਰਤ ਹਿੰਦੂ ਮਹਾਂਸਭਾ' ਦਾ ਰੂਪ ਦੇ ਦਿੱਤਾ ਗਿਆ। ਹਿੰਦੂ ਮਹਾਂਸਭਾ ਦੇ ਪ੍ਰੋਗਰਾਮਾਂ ਵਿੱਚ ਐਲਾਨੀਆ ਤੌਰ 'ਤੇ ਬਰਤਾਨਵੀ ਸਾਮਰਾਜ ਨੂੰ ਬਾਹਰੀ ਅਤੇ ਮੁਸਲਮਾਨਾਂ ਨੂੰ ਅੰਦਰੂਨੀ ਦੁਸ਼ਮਣ ਮੰਨ ਲਿਆ ਗਿਆ। ਕੁਝ ਸਾਲਾਂ ਮਗਰੋਂ ਹੀ ਇਸ ਦੀ ਅਗਵਾਈ ਬਾਲਾਕ੍ਰਿਸ਼ਨਾ ਮੂੰਜੇ ਅਤੇ ਵਿਨਾਇਕ ਦਮੋਦਰ ਸਾਵਰਕਰ ਵਰਗੇ ਕੱਟੜ ਆਗੂਆਂ ਦੇ ਹੱਥ ਆ ਗਈ, ਜੋ ਮਹਾਤਮਾ ਗਾਂਧੀ ਦੀ ਸਰਬ ਧਰਮ ਫਿਲਾਸਫੀ ਦਾ ਵਿਰੋਧ ਕਰਨ ਦੇ ਨਾਲ-ਨਾਲ ਮੁਸਲਮਾਨਾਂ ਵਿਰੁੱਧ ਵੀ ਨਫ਼ਰਤ ਭੜਕਾਉਣ ਵਿੱਚ ਮੋਹਰੀ ਸਨ।

ਸਾਵਰਕਰ ਨੇ ਕਿਹਾ ਹੈ, 'ਹਿੰਦੂਤਵ ਹਿੰਦੂ ਧਰਮ ਦਾ ਸਮਾਨਅਰਥਕ ਨਹੀਂ ਹੈ, ਸਗੋਂ ਇਹ ਇਕ ਪ੍ਰਕਿਰਤੀ ਹੈ। ਇਹ ਸਵੈ-ਰਚੀ ਹੈ, ਆਦਿ ਅਤੇ ਸਦੀਵੀ ਹੈ, ਹਿੰਦੂ ਧਰਮ ਵੀ ਆਦਿ ਅਤੇ ਅਨਾਦਿ ਹੈ। ਦੂਜੇ ਧਰਮਾਂ ਵਾਂਗ ਇਸ ਦੀ ਸਥਾਪਨਾ ਕਿਸੇ ਨੇ ਨਹੀਂ ਕੀਤੀ, ਪਰ ਹਿੰਦੂਤਵ ਸਾਰੇ ਧਰਮਾਂ ਦੀ ਜੜ੍ਹ ਹੈ। ਦੂਜੇ ਸ਼ਬਦਾਂ ਵਿਚ ਕੁਦਰਤ ਦਾ ਦੂਜਾ ਨਾਂਅ ਹੀ ਹਿੰਦੂਤਵ ਹੈ। ਸਭ ਤੋਂ ਪਹਿਲਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਹਿੰਦੂਤਵ ਕੋਈ ਧਰਮ ਨਹੀਂ, ਸਗੋਂ ਇਹ ਇੱਕ ਵਿਚਾਰਧਾਰਾ ਹੈ, ਜੀਵਨ ਜਾਚ ਹੈ। ਅਸੀਂ ਹਿੰਦੂ ਨਾ ਸਿਰਫ਼ ਇੱਕ ਸਾਂਝੀ ਮਾਤ-ਭੂਮੀ ਲਈ ਪਿਆਰ ਅਤੇ ਸਾਂਝੇ ਖ਼ੂਨ ਨਾਲ ਬੰਨ੍ਹੇ ਹੋਏ ਹਾਂ। ਅਸੀਂ ਸਾਰੇ ਮਿਲ ਕੇ ਆਪਣੀ ਮਹਾਨ ਸਭਿਅਤਾ - ਸਾਡੀ ਹਿੰਦੂ ਸੰਸਕ੍ਰਿਤੀ ਨੂੰ ਬਰਾਬਰ ਦਾ ਸਤਿਕਾਰ ਦਿੰਦੇ ਹਾਂ।'

ਕਾਂਗਰਸ ਪਾਰਟੀ, ਬਰਤਾਨਵੀ ਹਕੂਮਤ ਤੇ ਮੁਸਲਮਾਨਾਂ ਪ੍ਰਤੀ ਮਹਾਂਸਭਾ ਦਾ ਕੀ ਰਵੱਈਆ ਹੋਵੇ, ਨੂੰ ਲੈ ਕੇ ਹਿੰਦੂ ਮਹਾਂਸਭਾ ਵਿੱਚ ਫੁੱਟ ਪੈ ਗਈ ਅਤੇ 27 ਸਤੰਬਰ 1925 ਨੂੰ ਕੇਸ਼ਵ ਬਲੀਰਾਮ ਹੈਡਗੇਵਾਰ ਦੀ ਅਗਵਾਈ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਹੋਂਦ ਵਿੱਚ ਆ ਗਿਆ। ਬੇਸ਼ੱਕ ਦੋਵੇਂ ਜਥੇਬੰਦੀਆਂ ਦੀ ਸਿਧਾਂਤਕ ਵਿਚਾਰਧਾਰਾ ਵਿੱਚ ਕੋਈ ਫਰਕ ਨਹੀਂ ਸੀ, ਪਰ ਅਮਲ ਦੇ ਪੱਧਰ 'ਤੇ ਆਰ.ਐੱਸ. ਐੱਸ. ਸਿਰਫ ਹਿੰਦੂਆਂ ਨੂੰ ਮੁਸਲਮਾਨਾਂ ਵਿਰੁਧ ਭੜਕਾਉਣ ਵਿੱਚ ਲੱਗ ਗਿਆ ਅਤੇ ਖੁਦ ਨੂੰ ਭਾਰਤ ਦੀ ਬਰਤਾਨਵੀ ਹਕੂਮਤ ਦੀ ਸੇਵਾ ਵਿੱਚ ਝੋਕ ਲਿਆ। ਇਸੇ ਲਈ ਅਜ਼ਾਦੀ ਦੀ ਲੜਾਈ ਅੰਦਰ ਆਰ.ਐੱਸ. ਐੱਸ. ਪੂਰੀ ਤਰਾਂ ਗੈਰ-ਹਾਜ਼ਰ ਦਿਖਾਈ ਦਿੰਦੀ ਹੈ।

ਅੰਦੋਲਨ ਦੀ ਸ਼ੁਰੂਆਤ ਤੋਂ ਹੀ ਹਿੰਦੂਤਵੀ ਚਿੰਤਕਾਂ ਨੇ ਫਾਸ਼ੀਵਾਦੀ ਇਟਲੀ ਨਾਲ ਸੰਬੰਧ ਬਣਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਇਸੇ ਵਿਚੋਂ ਹੀ ਹੈਡਗੇਵਾਰ ਦੇ ਸਿਆਸੀ ਉਸਤਾਦ ਮੂੰਜੇ ਨੇ 1931 ਦਰਮਿਆਨ ਯੂਰਪ ਦਾ ਭਰਵਾਂ ਦੌਰਾ ਕੀਤਾ ਅਤੇ ਆਪਣੇ ਇਟਲੀ ਵਿਚਲੇ ਲੰਮੇ ਪੜਾਅ ਦੌਰਾਨ ਮੁਸੋਲਨੀ ਨਾਲ ਕਈ ਮੁਲਾਕਾਤਾਂ ਕੀਤੀਆਂ। ਉਸ ਵੇਲੇ ਇਟਲੀ ਅੰਦਰ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਲਈ ਉਤਸ਼ਾਹਤ ਕਰਨ ਲਈ ਵੱਡੀ ਪੱਧਰ 'ਤੇ ਹਫਤਾਵਾਰੀ ਮੀਟਿੰਗਾਂ ਹੁੰਦੀਆਂ ਸਨ, ਜਿਹਨਾਂ ਵਿੱਚ ਸਰੀਰਕ ਕਸਰਤ ਅਤੇ ਫ਼ੌਜੀ ਕਰਤੱਬ ਸਿਖਾਏ ਜਾਂਦੇ ਸਨ। ਇੱਥੋਂ ਹੀ ਆਰ. ਐੱਸ. ਐੱਸ. ਨੇ ਭਾਰਤ ਅੰਦਰ ਸ਼ਾਖਾਵਾਂ ਜਥੇਬੰਦ ਦਾ ਵਿਚਾਰ ਉਧਾਰਾ ਲਿਆ, ਜੋ ਕਿ ਹੁਣ ਤੱਕ ਵੀ ਜਾਰੀ ਹੈ। 1930 ਦੇ ਦਹਾਕੇ ਦੇ ਅੰਤ ਤੱਕ ਭਾਰਤ ਅੰਦਰ ਬੰਬਈ ਵਿਚਲੀ ਇਤਾਲਵੀ ਕੌਂਸਲੇਟ ਦੇ ਅਧਿਕਾਰੀਆਂ ਨੇ ਹਿੰਦੂਤਵੀ ਸਵੈਮ ਸੇਵਕਾਂ ਨਾਲ ਸੰਬੰਧ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ। ਮੀਟਿੰਗਾਂ ਵਿਚ ਨੌਜਵਾਨਾਂ ਨੂੰ ਇਤਾਲਵੀ ਸਿੱਖਣ ਅਤੇ ਫਾਸ਼ੀਵਾਦੀ ਪ੍ਰਚਾਰ ਨੂੰ ਗ੍ਰਹਿਣ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਿਆ। ਇਹ ਅੰਤਰ-ਰਾਸ਼ਟਰੀ ਵਿਚਾਰਧਾਰਕ ਅਤੇ ਜਥੇਬੰਦਕ ਸੰਬੰਧ ਜਰਮਨੀ ਵਿੱਚ ਨਾਜ਼ੀਵਾਦ ਦੇ ਉਭਾਰ ਦੌਰਾਨ ਵੀ ਜਾਰੀ ਰਹੇ।

ਆਰ. ਐੱਸ. ਐੱਸ. ਦੇ ਪ੍ਰਮੁੱਖ ਆਗੂ ਮਾਧਵ ਸਦਾਸ਼ਿਵ ਗੋਲਵਲਕਰ ਨੇ ਹੋਰ ਵੱਧ ਕੱਟੜ ਪਹੁੰਚ ਅਖਤਿਆਰ ਕਰਦੇ ਹੋਏ ਦਲੀਲ ਦਿੱਤੀ, 'ਹਿੰਦੂ ਹੋਣਾ ਇਕ ਸੱਭਿਆਚਾਰ ਦਾ ਮਾਮਲਾ ਨਹੀਂ ਹੈ, ਬਲਕਿ ਨਸਲ ਅਤੇ ਖ਼ੂਨ ਦਾ ਮਾਮਲਾ ਹੈ।' ਗੋਲਵਲਕਰ ਨੇ 1939 ਦੀ ਆਪਣੀ ਮਸ਼ਹੂਰ ਲਿਖਤ "ਅਸੀਂ ਜਾਂ ਸਾਡੇ ਰਾਸ਼ਟਰ ਦੀ ਪ੍ਰੀਭਾਸ਼ਾ' ਵਿੱਚ ਹੋਰ ਸਪਸ਼ਟ ਕੀਤਾ, 'ਹਿੰਦੁਸਤਾਨ ਵਿੱਚ ਵਸਦੀਆਂ ਵਿਦੇਸ਼ੀ ਨਸਲਾਂ ਨੂੰ ਹਿੰਦੂ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਅਪਣਾਉਣਾ ਚਾਹੀਦਾ ਹੈ, ਉਹਨਾਂ ਨੂੰ ਹੋਰ ਕਿਸੇ ਵੀ ਵਿਚਾਰ ਨੂੰ ਗ੍ਰਹਿਣ ਕਰਨ ਦੀ ਥਾਂ ਹਿੰਦੂ ਨਸਲ ਤੇ ਸੱਭਿਆਚਾਰ ਅਰਥਾਤ ਹਿੰਦੂ ਰਾਸ਼ਟਰ ਦਾ ਮਹਿਮਾ-ਗਾਣ ਕਰਨਾ ਸਿੱਖਣਾ ਚਾਹੀਦਾ ਹੈ। ਉਹਨਾਂ ਨੂੰ ਹਿੰਦੂ ਨਸਲ ਵਿੱਚ ਇਕਮਿਕ ਹੋਣ ਲਈ ਆਪਣੀ ਵੱਖਰੀ ਹੋਂਦ ਨੂੰ ਤਿਆਗਣਾ ਹੋਵੇਗਾ। ਜੇ ਫੇਰ ਵੀ ਉਹ ਦੇਸ ਵਿੱਚ ਰਹਿਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਪੂਰੀ ਤਰਾਂ ਹਿੰਦੂ ਰਾਸ਼ਟਰ ਦੀ ਅਧੀਨਗੀ ਸਵੀਕਾਰ ਕਰਨੀ ਹੋਵੇਗੀ, ਉਹ ਕਿਸੇ ਵੀ ਵਿਸ਼ੇਸ਼ ਅਧਿਕਾਰ ਦੀ ਮੰਗ ਨਹੀਂ ਕਰਨਗੇ, ਉਹਨਾਂ ਨਾਲ ਨਾਗਰਿਕ ਅਧਿਕਾਰਾਂ ਦੇ ਮਸਲੇ ਵਿਚ ਕਿਸੇ ਵੀ ਤਰਾਂ ਦਾ ਤਰਜੀਹੀ ਵਰਤਾਓ ਨਹੀਂ ਕੀਤਾ ਜਾਵੇਗਾ। ਉਹਨਾਂ ਲਈ ਇਹ ਗੱਲਾਂ ਸਵੀਕਾਰ ਕਰਨ ਤੋਂ ਇਲਾਵਾ ਇਸ ਦੇਸ਼ ਵਿੱਚ ਰਹਿਣ ਲਈ ਹੋਰ ਕੋਈ ਮਾਰਗ ਨਹੀਂ ਹੋਵੇਗਾ।'

ਗੋਲਵਾਲਕਰ ਨੇ ਹਿਟਲਰ ਤੋਂ ਪ੍ਰੇਰਨਾ ਲੈਂਦੇ ਹੋਏ ਇਕ 'ਅਸਲੀ ਰਾਸ਼ਟਰੀ ਸੰਕਲਪ" ਵਾਸਤੇ ਹਿੰਦੂ ਰਾਸ਼ਟਰ ਲਈ ਸ਼ੁੱਧ ਆਰੀਆ ਨਸਲ ਨੂੰ ਬੁਨਿਆਦੀ ਅਧਾਰ ਸਥਾਪਤ ਕਰ ਦਿੱਤਾ। ਇਤਾਲਵੀਆਂ ਵਾਂਗ ਹੀ ਜਰਮਨ ਅਧਿਕਾਰੀ ਹਿੰਦੂਤਵੀ ਕਾਰਕੁਨਾਂ ਨਾਲ ਨੇੜਲੇ ਸੰਬੰਧ ਬਨਾਉਣ ਵਿਚ ਲੱਗੇ ਹੋਏ ਸਨ। ਨਾਜ਼ੀ ਏਜੰਟਾਂ ਨੇ ਕਲਕੱਤੇ ਵਿੱਚ ਨਾਜ਼ੀ ਸੈੱਲਾਂ ਦੀ ਸਥਾਪਨਾ ਕੀਤੀ ਸੀ, ਜੋ 'ਤੀਜੀ ਸਲਤਨਤ' ਦੌਰਾਨ ਨਾਜ਼ੀ ਪ੍ਰਚਾਰ ਨੂੰ ਉਤਸ਼ਾਹਤ ਕਰਨ ਵਿੱਚ ਸਰਗਰਮ ਸਨ। ਇਤਾਲਵੀ ਫਾਸ਼ੀਵਾਦੀਆਂ ਦੀ ਹਮਲਾਵਰ ਪ੍ਰਚਾਰਕ ਪਹੁੰਚ ਨੇ ਭਾਰਤ ਵਿੱਚ ਵਧੇਰੇ ਰੰਗਰੂਟਾਂ ਨੂੰ ਆਕਰਸ਼ਤਿ ਕੀਤਾ। ਭਾਰਤੀ ਬੁੱਧੀਜੀਵੀਆਂ ਅਤੇ ਨਾਜ਼ੀ ਵਿਚਾਰਧਾਰਕਾਂ ਵਿਚਕਾਰ ਭਾਰਤ-ਜਰਮਨ ਸੰਬੰਧ ਬਣ ਗਏ। ਬਿਨੋਏ ਕੁਮਾਰ ਸਰਕਾਰ ਇੱਕ ਅਜਿਹੀ ਹੀ ਸ਼ਖ਼ਸੀਅਤ ਸੀ। ਉਹ ਵਿਦਵਾਨਾਂ, ਵਿਚਾਰਧਾਰਕਾਂ ਅਤੇ ਰਾਜਨੀਤਕਾਂ ਦੇ ਬਣੇ ਇਕ ਪੂਰੇ ਸੂਰੇ ਸੱਜੇ-ਪੱਖੀ ਨੈੱਟਵਰਕ ਦਾ ਬੁਲਾਰਾ ਬਣ ਗਿਆ। ਇਸ ਤੋਂ ਇਲਾਵਾ ਯੂਨਾਨੀ ਮੂਲ ਦੀ ਫ਼ਰਾਂਸੀਸੀ ਨਾਗਰਿਕ ਮੈਕਸੀਮਿਆਨੀ ਜੂਲੀਆ ਪੋਰਟਸ ਜੋ ਕਿ ਨਾਜ਼ੀ ਹਮਦਰਦ ਅਤੇ ਜਸੂਸ ਸੀ, ਭਾਰਤ ਵਿੱਚ ਸਾਵਿਤਰੀ ਦੇਵੀ ਮੁਖਰਜੀ ਦੇ ਨਾਂਅ ਹੇਠ 1941-45 ਦੌਰਾਨ ਸਰਗਰਮ ਰਹੀ। ਕਿਹਾ ਜਾਂਦਾ ਹੈ ਕਿ ਉਸ ਨੇ ਭਾਰਤੀ ਫੌਜ ਵਿੱਚ ਜਸੂਸੀ ਕਰਕੇ ਬਰਤਾਨੀਆ ਵਿਰੋਧੀ 'ਧੁਰੀ ਸ਼ਕਤੀਆਂ' ਦੀ ਮਦਦ ਕੀਤੀ ਸੀ।

ਇਕ ਨਿੱਕੀ ਜਿਹੀ ਕਿਨਾਰੀ ਤੋਂ ਉੱਭਰ ਕੇ ਹਿੰਦੂਤਵੀ ਸੱਜ-ਪਿਛਾਖੜ ਵੱਲੋਂ ਸਿਆਸੀ ਮੁੱਖ ਧਾਰਾ ਵਜੋਂ ਸਥਾਪਤ ਹੋ ਜਾਣ ਦੀ ਪ੍ਰਕਿਰਿਆ ਦਰਸਾਉਂਦੀ ਹੈ ਕਿ ਭਾਰਤ ਵਿੱਚ ਅਪਣਾਈ ਗਈ ਸੰਵਿਧਾਨਕ ਧਰਮਨਿਰਪੱਖਤਾ ਪ੍ਰਤੀ ਕਾਂਗਰਸ ਸਮੇਤ ਬਾਕੀ ਸਿਆਸੀ ਪਾਰਟੀਆਂ ਵੱਲੋਂ ਮੌਲਿਕ ਵਫ਼ਾਦਾਰੀ ਦੀ ਘਾਟ ਰਹੀ ਹੈ। ਖੱਬੀਆਂ ਧਿਰਾਂ ਨੂੰ ਛੱਡ ਕੇ ਹਰੇਕ ਸਿਆਸੀ ਧਾਰਾ ਨੇ ਹਿੰਦੂ ਸਮਾਜ ਦੇ ਤੁਸ਼ਟੀਕਰਨ ਦਾ ਸਹਾਰਾ ਲਿਆ ਹੈ। ਇਸ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਹਿੰਦੂਤਵ ਦੀ ਅਧਿਕਾਰਤ ਵਿਚਾਰਧਾਰਾ ਦੇ ਰੂਪ ਵਿੱਚ ਇੱਕੋ-ਇੱਕ ਸਿਆਸੀ ਪਾਰਟੀ ਵਜੋਂ ਸਥਾਪਤ ਹੋ ਜਾਣਾ ਅਲੋਕਾਰੀ ਗੱਲ ਨਹੀਂ ਹੈ। ਕਾਂਗਰਸ ਪਾਰਟੀ ਅਤੇ ਬਾਕੀਆਂ ਵੱਲੋਂ ਦੇਸ਼ ਵਿੱਚ ਸ਼ੁਰੂ ਕੀਤੀਆਂ ਨਵੀਆਂ ਆਰਥਕ ਨੀਤੀਆਂ ਦੇ ਸਿੱਟੇ ਵਜੋਂ ਗਰੀਬੀ ਤੇ ਅਮੀਰੀ ਵਿਚਕਾਰ ਭਿਆਨਕ ਖਾਈ ਪੈਦਾ ਹੋ ਜਾਣ ਨਾਲ ਜਨਤਾ ਦਾ ਕਾਂਗਰਸ ਅਤੇ ਅਖੌਤੀ ਧਰਮ ਨਿਰਪੱਖਤਾ 'ਚੋਂ ਬੁਰੀ ਤਰਾਂ ਮੋਹ ਭੰਗ ਹੋਇਆ ਹੈ।

ਭਾਜਪਾ ਵੱਲੋਂ ਆਪਣੇ ਆਪ ਨੂੰ ਹਾਲਤਾਂ ਮੁਤਾਬਕ ਢਾਲ ਲੈਣ ਦੇ ਪੈਂਤੜੇ ਨੇ ਅਤੇ ਨਾਲ ਹੀ ਘੱਟ ਗਿਣਤੀਆਂ ਵਿਰੁੱਧ ਕੀਤੀ ਜਾਂਦੀ ਰਾਜਕੀ-ਗੱਠਜੋੜ ਵਾਲੀ ਹਿੰਸਾ ਨੇ ਅਣਐਲਾਨੇ 'ਹਿੰਦੂਤਵੀ ਰਾਸ਼ਟਰਵਾਦ' ਦੇ ਨਿਰਮਾਣ ਵਿੱਚ ਯੋਗਦਾਨ ਪਾਇਆ ਹੈ। ਸੰਘ ਪਰਵਾਰ ਨੇ ਮੁਸਲਮਾਨਾਂ ਨੂੰ ਹਿੰਦੂ ਬਹੁਗਿਣਤੀ ਲਈ ਖ਼ਤਰੇ ਵਜੋਂ ਪੇਸ਼ ਕਰਕੇ 'ਸੱਭਿਆਚਾਰਕ ਸੁਰੱਖਿਆਵਾਦ' ਦਾ ਬਿਰਤਾਂਤ ਸਿਰਜਣ ਵਿੱਚ ਵੀ ਸਫਲਤਾ ਹਾਸਲ ਕਰ ਲਈ ਹੈ। ਇਸ ਵੱਲੋਂ ਸਮਾਜਕ-ਧਾਰਮਕ ਸਫਬੰਦੀ ਕਰਨ ਲਈ ਯੂਰਪ ਦੀਆਂ ਸੱਜੇ-ਪੱਖੀ ਪਾਰਟੀਆਂ ਵੱਲੋਂ ਵਰਤੇ ਗਏ ਬਿਰਤਾਂਤਾਂ ਦਾ ਹੀ ਸਹਾਰਾ ਲਿਆ ਗਿਆ ਹੈ। ਸਾਰੇ ਭਾਰਤ ਦੀਆਂ ਸਮੁੱਚੀਆਂ ਜਮਹੂਰੀ ਸ਼ਕਤੀਆਂ ਨੂੰ ਫਿਰਕਾਪ੍ਰਸਤੀ ਦੀਆਂ ਤਾਕਤਾਂ ਨਾਲ ਲੜਨ ਲਈ ਅਣਥੱਕ ਯਤਨ ਕਰਨੇ ਹੋਣਗੇ, ਤਦ ਹੀ ਹਿੰਦੂਤਵੀ ਅਤੇ ਮੁਸਲਿਮ ਜਿਹਾਦੀ ਤਾਕਤਾਂ ਨੂੰ ਪਛਾੜਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਹੀ ਖਰੇ ਜਮਹੂਰੀ ਭਾਰਤ ਦੀ ਸਿਰਜਣਾ ਹੋ ਸਕਦੀ ਹੈ।

**# ਸੰਪਰਕ : 94170-73831**

# ਜਦੋਂ ਉਹ ਵਾਪਸ ਆਵੇਗੀ...



**ਵਿਸ਼ਵਾ ਮਿੱਤਰ ਬੰਮੀ**

ਮੇਰੀ ਪਤਨੀ ਨੂੰ ਜਦੋਂ ਕੈਂਸਰ ਹੋਣ ਬਾਰੇ ਹਸਪਤਾਲ ਵਿਚ ਪਤਾ ਲੱਗਾ ਤਾਂ ਡਾਕਟਰ ਨੇ ਇੱਕ ਪਾਸੇ ਲਿਜਾ ਕੇ ਮੈਨੂੰ ਦੱਸ ਦਿੱਤਾ ਕਿ ਇਹ ਹੁਣ ਵੱਧ ਤੋਂ ਵੱਧ ਗਿਆਰਾਂ ਸਾਲ ਜੀਏਗੀ। ਇਲਾਜ ਤਾਂ ਕਰਵਾਉਣਾ ਹੀ ਸੀ। ਡਾਕਟਰ ਮਾਹਰ ਸਨ ਅਤੇ ਪਤਨੀ ਵੀ ਹੌਸਲੇ ਵਾਲੀ ਸੀ, ਇਸ ਲਈ ਹੱਡੀਆਂ ਅਤੇ ਲਿੰਫ ਦੇ ਛੇ-ਸੱਤ ਵਾਰ ਅਪਰੇਸ਼ਨ ਹੋਏ, ਟੀਕੇ ਲੱਗੇ, ਜਿਨ੍ਹਾਂ ਨਾਲ ਸਿਰ ਦੇ ਵਾਲ ਪਹਿਲੇ ਦਿਨ ਹੀ ਝੜ ਗਏ ਅਤੇ ਰੇਡੀਏਸ਼ਨਾਂ ਵੀ ਹੁੰਦੀਆਂ ਰਹੀਆਂ। ਇੱਕ ਚੂਲਾ ਵੀ ਖਸਤਾ ਹੋ ਕੇ ਟੁੱਟ ਗਿਆ ਅਤੇ ਨਵਾਂ ਪਵਾਇਆ, ਇਸ ਪ੍ਰਕਾਰ ਸਾਢੇ ਸੋਲਾਂ ਸਾਲ ਜ਼ਿੰਦਗੀ ਮਿਲ ਗਈ। ਸਾਨੂੰ ਹਰ ਸਾਲ ਦਵਾਈਆਂ ਦੇ ਬਿੱਲਾਂ ਦੀ ਪ੍ਰਤੀਪੂਰਤੀ ਲਈ ਸਰਕਾਰੀ ਹਸਪਤਾਲ ਅੰਮ੍ਰਿਤਸਰ ਦੇ ਮੈਡੀਕਲ ਸੁਪਰਡੈਂਟ ਕੋਲੋਂ ਕਰੋਨਿਕ ਬੀਮਾਰੀ ਦਾ ਸਰਟੀਫਿਕੇਟ ਲੈਣਾ ਪੈਂਦਾ ਸੀ।

ਜਦੋਂ ਅਸੀਂ ਪੰਦਰਵੇਂ ਸਾਲ ਕਰੋਨਿਕ ਬੀਮਾਰੀ ਦਾ ਸਰਟੀਫਿਕੇਟ ਲੈਣ ਗਏ ਤਾਂ ਮੈਡੀਕਲ ਸੁਪਰਡੈਂਟ ਨਵਾਂ ਆ ਚੁੱਕਿਆ ਸੀ। ਪਤਨੀ ਦੀ ਰਿਪੋਰਟ ਵੇਖ ਕੇ ਉਸ ਨੇ ਕਿਹਾ ਕਿ ਕੈਂਸਰ ਸ਼ੁਰੂ ਹੋਣ ਦੀ ਤਰੀਕ ਗਲਤ ਲਿਖੀ ਹੋਈ ਹੈ। ਪਹਿਲਾਂ ਇਹ ਠੀਕ ਕਰਵਾ ਕੇ ਲਿਆਓ। ਮੈਂ ਕਿਹਾ, 'ਜਨਾਬ ਤਰੀਕ ਬਿਲਕੁਲ ਠੀਕ ਹੈ, 13 ਅਪ੍ਰੈਲ 1993 ਵਿਸਾਖੀ ਦਾ ਦਿਨ ਸੀ, ਜਦੋਂ ਅਸੀਂ ਪਹਿਲੀ ਵਾਰ ਕੈਂਸਰ ਹਸਪਤਾਲ ਗਏ ਸੀ।'

ਮੈਡੀਕਲ ਸੁਪਰਡੈਂਟ ਨੇ ਕਿਹਾ ਕਿ ਇਹ ਅਸੰਭਵ ਹੈ, ਕੋਈ ਇਸ ਕੈਂਸਰ ਦਾ ਮਰੀਜ ਗਿਆਰਾਂ ਸਾਲ ਤੋਂ ਵੱਧ ਜੀਵਤ ਨਹੀਂ ਰਹਿ ਸਕਦਾ। ਮੈਂ ਕਿਹਾ ਕਿ ਹਸਪਤਾਲ ਦੇ ਡਾਕਟਰ ਵੀ ਪੂਰੀ ਲਗਨ ਨਾਲ ਕੰਮ ਕਰ ਰਹੇ ਅਤੇ ਹਨ ਅਤੇ ਪਤਨੀ ਵੀ ਹੌਸਲੇ ਵਾਲੀ ਹੈ, ਇਸ ਲਈ ਹੁਣ ਤੱਕ ਜਿਉਂਦੀ ਹੈ। ਨਾਲ ਹੀ ਪਤਨੀ ਨੇ ਵੀ ਕਹਿ ਦਿੱਤਾ ਕਿ ਇਹਨਾ (ਭਾਵ ਪਤੀ) ਨੇ ਵੀ ਮੇਰੀ ਬੜੀ ਸੇਵਾ ਕੀਤੀ ਅਤੇ ਮੈਨੂੰ ਹਰ ਵਕਤ ਹੌਸਲੇ ਵਿਚ ਰੱਖਿਆ। ਅੰਤ ਮੈਡੀਕਲ ਸੁਪਰਡੈਂਟ ਨੇ ਕਰੋਨਿਕ ਸਰਟੀਫਿਕੇਟ ਜਾਰੀ ਕਰ ਦਿੱਤਾ।

ਸਰਟੀਫਿਕੇਟ ਲੈ ਕੇ ਅਸੀ ਬਾਹਰ ਆ ਗਏ। ਅਜੇ ਦਸ-ਬਾਰਾਂ ਕਦਮ ਹੀ ਗਏ ਸੀ ਕਿ ਮੈਡੀਕਲ ਸੁਪਰਡੈਂਟ ਦਾ ਸੇਵਾਦਾਰ ਦੌੜਦਾ ਹੋਇਆ ਸਾਡੇ ਕੋਲ ਆਇਆ ਅਤੇ ਕਿਹਾ ਕਿ ਤੁਹਾਨੂੰ ਸਾਹਬ ਜੀ ਬੁਲਾਉਂਦੇ ਹਨ। ਅਸੀ ਵਾਪਸ ਤੁਰ ਪਏ, ਪਰ ਮਨ ਵਿਚ ਡਰ ਸੀ ਕਿ ਕਿਤੇ ਸਰਟੀਫਿਕੇਟ ਵਾਪਸ ਨਾ ਮੰਗ ਲਵੇ। ਜਦੋਂ ਅਸੀਂ ਕਮਰੇ ਵਿਚ ਵੜੇ ਤਾਂ ਸੁਪਰਡੈਂਟ ਸਾਹਿਬ ਨੇ ਕਿਹਾ ਕਿ ਕੁਰਸੀਆਂ 'ਤੇ ਬੈਠੋ ਅਤੇ ਮੇਰੇ ਨਾਲ ਚਾਹ ਪੀਓ। ਐਨੀ ਦੇਰ ਨੂੰ ਚਾਹ ਅਤੇ ਸਮੋਸੇ ਵੀ ਆ ਗਏ। ਸਾਨੂੰ ਖਾਣ ਲਈ ਕਹਿ ਕੇ ਬੋਲਿਆ, 'ਇੱਕ ਭਲੇ ਦਾ ਕੰਮ ਕਰਨਾ ਹੈ।' ਹੁਣ ਸਾਡਾ ਡਰ ਖਤਮ ਹੋ ਚੁੱਕਿਆ ਸੀ। ਮੈਂ ਕਿਹਾ ਕਿ ਜੇਕਰ ਸਾਡੀ ਸਮਰਥਾ ਵਿਚ ਹੋਇਆ ਤਾਂ ਜ਼ਰੂਰ ਕਰਾਂਗੇ। ਉਸ ਨੇ ਫੇਰ ਕਿਹਾ, 'ਜਲੰਧਰ ਵਿੱਚ ਪੰਜ ਕੈਂਸਰ ਦੀਆਂ ਮਰੀਜ਼ ਹਨ, ਜੋ ਕਿ ਹੌਸਲਾ ਢਾਹ ਚੁੱਕੀਆਂ ਹਨ। ਜੇਕਰ ਤੁਸੀਂ ਉਹਨਾਂ ਨੂੰ ਜਾ ਕੇ ਹੌਸਲਾ ਦਿਓ ਅਤੇ ਕਹੋ ਕਿ ਮੈਂ ਪੰਦਰਵੇਂ ਸਾਲ ਤੱਕ ਜੀਅ ਰਹੀ ਹਾਂ, ਅਜੇ ਹੋਰ ਵੀ ਜਿਊਣ ਦੀ ਆਸ ਹੈ ਤਾਂ ਸ਼ਾਇਦ ਉਹਨਾਂ ਦੀ ਉਮਰ ਕੁਝ ਹੋਰ ਸਾਲ ਹੋਰ ਵਧ ਜਾਏ।' ਪਤਨੀ ਨੇ ਕਿਹਾ ਕਿ ਇਹ ਕੰਮ ਤਾਂ ਅਸੀ ਜ਼ਰੂਰ ਕਰਾਂਗੇ। ਅਸੀ ਮੰਦਰਾਂ, ਗੁਰਦੁਆਰਿਆਂ ਵਿੱਚ ਦਾਨ ਦੇਣ ਨਹੀਂ ਜਾਂਦੇ ਹਨ, ਇਹ ਭਲੇ ਵਾਲਾ ਕੰਮ ਜ਼ਰੂਰ ਕਰਾਂਗੇ।

ਕਾਰ ਅਸੀ ਪਹਿਲਾਂ ਹੀ ਮਜਬੂਰੀ ਵਿਚ ਖਰੀਦੀ ਹੋਈ ਸੀ, ਕਿਉਂਕਿ ਚੂਲੇ ਦੇ ਅਪਰੇਸ਼ਨ ਤੋਂ ਬਾਅਦ ਡਾਕਟਰਾਂ ਦਾ ਕਹਿਣਾ ਸੀ ਕਿ ਆਪਣੀ ਕਾਰ ਖਰੀਦੋ, ਡਰਾਈਵਰ ਕਾਰ ਨੂੰ ਤੇਜ਼ ਨਾ ਚਲਾਏ ਅਤੇ ਸਪੀਡ ਬਰੇਕਰਾਂ ਤੋਂ ਧਿਆਨ ਨਾਲ ਟਪਾਏ। ਡਰਾਈਵਰ ਨਾਲ ਗੱਲ ਕੀਤੀ ਕਿ ਹੁਣ ਤੂੰ ਐਤਵਾਰ ਛੁੱਟੀ ਨਹੀਂ ਕਰਨੀ ਅਤੇ ਅਸੀ ਉਸ ਨੂੰ ਕੰਮ ਵੀ ਦੱਸਿਆ ਤਾਂ ਉਹ ਵੀ ਖੁਸ਼ੀ-ਖੁਸ਼ੀ ਮੰਨ ਗਿਆ। ਹਰ ਐਤਵਾਰ ਕਾਰ ਬਾਹਰ ਕੱਢਣੀ, ਰਸਤੇ ਵਿੱਚੋਂ ਕੋਈ ਫਰੂਟ ਖਰੀਦਣਾ ਅਤੇ ਕਿਸੇ ਦੱਸੇ ਹੋਏ ਘਰ ਜਾ ਕੇ ਘੰਟੀ ਵਜਾਉਣੀ। ਅੰਦਰੋਂ ਅਵਾਜ਼ ਆਉਣੀ ਕਿ ਕੌਣ ਹੈ? ਪਤਨੀ ਨੇ ਮਰੀਜ਼ ਦਾ ਨਾਂਅ ਲੈ ਕੇ ਕਹਿਣਾ ਕਿ ਉਸ ਨੂੰ ਮਿਲਣਾ ਹੈ। ਆਤੰਕਵਾਦ ਅਜੇ ਪੂਰੀ ਤਰਾਂ ਖਤਮ ਨਹੀਂ ਹੋਇਆ ਸੀ ਅਤੇ ਲੋਕ ਅਣਜਾਣ ਵਿਅਕਤੀ ਲਈ ਦਰਵਾਜ਼ਾ ਵੀ ਛੇਤੀ ਨਹੀਂ ਖੋਲ੍ਹਦੇ ਸਨ। ਪਤਨੀ ਨੇ ਫੇਰ ਬੋਲਣਾ ਕਿ ਮੈਂ ਵੀ ਕੈਂਸਰ ਦੀ ਮਰੀਜ਼ ਹਾਂ ਅਤੇ ਕਹਿਣਾ ਇਸ ਘਰ ਵਿਚ ਜਿਹੜੀ ਕੈਂਸਰ ਦੀ ਮਰੀਜ਼ ਹੈ, ਉਸ ਨੂੰ ਮਿਲਣ ਲਈ ਸਾਨੂੰ ਵੱਡੇ ਡਾਕਟਰ ਨੇ ਭੇਜਿਆ ਹੈ। ਕੁਝ ਦੇਰ ਬਾਅਦ ਦਰਵਾਜ਼ਾ ਖੁੱਲ੍ਹਦਾ ਅਤੇ ਸਾਨੂੰ ਮਰੀਜ਼ ਔਰਤ ਕੋਲ ਲੈ ਕੇ ਜਾਂਦੇ। ਔਰਤ ਨੂੰ ਪੁੱਛਣਾ ਕਿ ਕੀ ਹਾਲ ਹੈ ਤਾਂ ਅੱਗੋਂ ਅਫਸੋਸਿਆ ਜਿਹਾ ਜੁਆਬ ਹੋਣਾ, 'ਕੀ ਹਾਲ ਦੱਸਾਂ, ਮੌਤ ਉਡੀਕਦੀ ਪਈ ਹਾਂ।' ਉਸ ਨੂੰ ਹੌਸਲਾ ਦੇਣਾ ਅਤੇ ਪਤਨੀ ਨੇ ਕਹਿਣਾ ਕਿ ਮੈਂ ਪੰਦਰਵੇਂ ਸਾਲ ਵਿਚ ਜੀਅ ਰਹੀ ਹਾਂ ਅਤੇ ਡਾਕਟਰ ਕਹਿੰਦੇ ਹਨ ਕਿ ਹੌਸਲੇ ਵਿਚ ਰਹਿਣ ਨਾਲ ਮੈਂ ਅਜੇ ਹੋਰ ਜੀਆਂਗੀ। ਮਰੀਜ਼ ਨੇ ਕੁਝ ਹੌਸਲੇ ਵਿਚ ਆਉਣਾ, ਉਸ ਨੂੰ ਫਰੂਟ ਦੇਣੇ ਅਤੇ ਘਰ ਵਾਲਿਆਂ ਨੂੰ ਕਹਿਣਾ ਕਿ ਇਸ ਨੂੰ ਹਰ ਵਕਤ ਖੁਸ਼ ਰੱਖੋ, ਇੱਕਲੀ ਨਾ ਛੱਡੋ। ਅਸੀ ਚਾਹ ਪੀ ਕੇ ਜਦੋਂ ਤੁਰਨਾ ਤਾਂ ਉਹਨਾਂ ਵਿਚੋਂ ਕਿਸੇ ਨੇ ਪੁੱਛਣਾ ਕਿ ਫੇਰ ਕਦੋਂ ਆਓਗੇ ਅਤੇ ਕਹਿਣਾ ਕਿ ਆਓ ਜ਼ਰੂਰ ਭਾਵੇਂ ਫਲ ਨਾ ਲੈ ਕੇ ਆਓ। ਅਸੀ ਕਹਿਣਾ ਕਿ ਇੱਕ ਮਹੀਨੇ ਬਾਅਦ ਫੇਰ ਚੱਕਰ ਲੱਗੇਗਾ, ਕਿਉਂਕਿ ਚਾਰ ਹੋਰ ਮਰੀਜ਼ ਵੀ ਹਨ। ਕਿਸੇ ਘਰ ਵਿੱਚੋਂ ਤੁਰਨ ਲੱਗਿਆਂ ਇਹ ਵੀ ਕਿਹਾ ਜਾਂਦਾ ਕਿ ਜੇਕਰ ਚਾਰ ਮਰੀਜ਼ ਹੋਰ ਹਨ ਤਾਂ ਪੰਜਵੇਂ ਦਿਨ ਫੇਰ ਆ ਸਕਦੇ ਹੋ। ਪਤਨੀ ਨੇ ਦੱਸਣਾ ਕਿ ਉਹ ਇੱਕ ਸਕੂਲ ਵਿੱਚ ਅਧਿਆਪਕਾ ਹੈ ਅਤੇ ਉਥੇ ਵੀ ਡਿਊਟੀ ਦੇਣੀ ਹੁੰਦੀ ਹੈ।

ਇਹ ਸਿਲਸਲਾ ਚਲਦਾ ਰਿਹਾ ਅਤੇ ਕਈ ਵਾਰ ਮਰੀਜ਼ ਨੇ ਵੀ ਫੋਨ ਕਰਕੇ ਸਾਡੇ ਘਰ ਆ ਜਾਣਾ। ਅਖੀਰ ਸਾਢੇ ਸੋਲਾਂ ਸਾਲ ਬਾਅਦ ਪਤਨੀ ਚੋਲਾ ਛੱਡ ਗਈ। ਉਸ ਤੋਂ ਪਹਿਲਾਂ ਸੋਲ੍ਹਵੇਂ ਸਾਲ ਬਾਅਦ ਉਹ ਕਾਰ ਵਿਚ ਬੈਠ ਕੇ ਕਿਤੇ ਨਹੀਂ ਜਾ ਸਕਦੀ ਸੀ। ਹਸਪਤਾਲ ਵਿਚ ਲਿਜਾਣ ਲਈ ਵੀ ਐਂਬੂਲੈਂਸ ਹੀ ਬੁਲਾਉਂਦੇ ਸੀ, ਜਿਸ ਵਿੱਚ ਉਹ ਲੇਟ ਕਰ ਜਾਂਦੀ ਸੀ। ਉਧਰੋਂ ਮਰੀਜ਼ਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ ਕਿ ਮਹੀਨਾ ਛੱਡ ਕੇ ਦੋ ਮਹੀਨੇ ਹੋ ਗਏ ਤੁਸੀ ਆਏ ਨਹੀਂ। ਉਹਨਾਂ ਦਾ ਹੌਸਲਾ ਕਾਇਮ ਰੱਖਣ ਲਈ ਮੈਂ ਇੱਕ ਝੂਠ ਬੋਲਦਾ, 'ਪਤਨੀ ਆਪਣੇ ਬੇਟੇ ਕੋਲ ਆਸਟ੍ਰੇਲੀਆ ਗਈ ਹੋਈ ਹੈ, ਜਦੋਂ ਉਹ ਵਾਪਸ ਆਵੇਗੀ, ਅਸੀ ਜ਼ਰੂਰ ਆਵਾਂਗੇ।"

***# ਸੰਪਰਕ : 94176-32228***

# ਖੇਤੀਬਾੜੀ ਲਈ ਨਹਿਰੀ ਪਾਣੀ ਦੀ ਮੰਗ ਸਮੇਂ ਦੀ ਲੋੜ



**ਪ੍ਰੋ. ਗੁਰਵੀਰ ਸਿੰਘ ਸਰੌਦ**

ਖੇਤੀ ਪ੍ਰਧਾਨ ਸੂਬਾ ਪੰਜਾਬ ਦੀ ਭੂਗੋਲਿਕ ਵਿਲੱਖਣਤਾ, ਪੱਧਰਾ ਮੈਦਾਨੀ ਇਲਾਕਾ, ਸਿੰਚਾਈ ਦੇ ਵਿਕਸਤ ਸਾਧਨਾਂ ਵਜੋਂ ਦੇਸ਼ ਦਾ 1.5 ਫੀਸਦੀ ਹਿੱਸਾ ਹੋਣ ਦੇ ਬਾਵਜੂਦ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾਉਂਦਾ ਆ ਰਿਹਾ ਹੈ। ਜਲਵਾਯੂ ਪਰਿਵਰਤਨ ਤੇ ਰਸਾਇਣਕ ਖਾਦਾਂ ਦੀ ਦੁਰਵਰਤੋਂ ਕਾਰਨ ਸੂਬੇ ਦਾ ਖੇਤੀਬਾੜੀ ਢਾਂਚਾ ਦਿਨੋਂ-ਦਿਨ ਗਹਿਰੀਆਂ ਮੁਸ਼ਕਿਲਾਂ ਵਿੱਚ ਘਿਰਦਾ ਜਾ ਰਿਹਾ ਹੈ। ਕੁਦਰਤੀ ਸੋਮਿਆਂ ਪ੍ਰਤੀ ਸੰਜੀਦਗੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਜੇਕਰ ਅੰਨ ਭੰਡਾਰ ਦੀ ਲਾਲਸਾ ਪ੍ਰਾਪਤੀ ਲਈ ਕੁਦਰਤੀ ਸੋਮਿਆਂ ਨਾਲ ਖਿਲਵਾੜ ਜਾਰੀ ਰਿਹਾ ਤਾਂ ਉਹ ਸਮਾਂ ਦੂਰ ਨਹੀਂ, ਜਦੋਂ ਕੁਦਰਤੀ ਸੋਮੇ ਸਾਡੀ ਪਹੁੰਚ ਤੋਂ ਦੂਰ ਹੋ ਜਾਣਗੇ।

ਹਰੀ ਕ੍ਰਾਂਤੀ ਤੋਂ ਬਾਅਦ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਦੁਰਵਰਤੋਂ ਨੇ ਬੇਸ਼ੱਕ ਫ਼ਸਲਾਂ ਦੇ ਉਤਪਾਦਨ ਵਿੱਚ ਹੈਰਾਨੀਜਨਕ ਪ੍ਰਾਪਤੀ ਦਰਜ ਕੀਤੀ, ਪ੍ਰੰਤੂ ਧਰਤੀ, ਹਵਾ ਤੇ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੱਤਾ, ਪਰ ਧਰਤੀ ਹੇਠਲੇ ਪੀਣਯੋਗ ਪਾਣੀ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਫਸਲੀ ਝਾੜ ਲਈ ਧਰਤੀ ਦਾ ਸੀਨਾ ਪਾੜ-ਪਾੜ ਪਾਣੀ ਨੂੰ ਖਤਮ ਹੋਣ ਦੀ ਉਡੀਕ ਨਹੀਂ ਕਰ ਸਕਦੇ, ਭਵਿੱਖਤ ਵਾਤਾਵਰਨ ਸੰਕਟ ਤੋਂ ਸੂਬੇ ਦੇ ਆਮ ਲੋਕ, ਕਿਸਾਨ ਤੇ ਕਿਸਾਨ ਜਥੇਬੰਦੀਆਂ ਚੰਗੀ ਤਰ੍ਹਾਂ ਵਾਕਫ਼ ਹੋ ਚੁੱਕੀਆਂ ਹਨ। ਹਾਲ ਹੀ 'ਚ ਸੂਬੇ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਰਤੀ ਕਿਸਾਨ ਯੂਨੀਅਨ ਜਥੇਬੰਦੀ ਤੇ ਕਿਸਾਨਾਂ ਦੇ ਸਾਥ ਨਾਲ ਇਕ ਮੁਹਿੰਮ ਦਾ ਆਗਾਜ਼ ਹੋਇਆ ਹੈ, ਜਿਸ ਦੀ ਮੁੱਖ ਮੰਗ ਨਹਿਰੀ ਪਾਣੀ ਨੂੰ ਵਾਹੀਯੋਗ ਜ਼ਮੀਨਾਂ ਤੱਕ ਪਹੁੰਚਦਾ ਕਰਵਾਉਣਾ ਹੈ। ਬੀਤੇ ਦਿਨੀਂ ਜਥੇਬੰਦੀ ਤੇ ਕਿਸਾਨੀ ਵੱਲੋਂ ਧੂਰੀ, ਮਾਲੇਰਕੋਟਲਾ ਤੇ ਸ਼ੇਰਪੁਰ ਇਲਾਕੇ ਦੇ ਨਹਿਰੀ ਪਾਣੀ ਤੋਂ ਵਾਂਝੇ ਕਰੀਬ 50 ਪਿੰਡਾਂ ਦੇ ਲੋਕਾਂ ਨੇ ਟਰੈਕਟਰਾਂ, ਗੱਡੀਆਂ, ਮੋਟਰ ਸਾਈਕਲਾਂ 'ਤੇ ਰੋਸ ਮਾਰਚ ਕੱਢਣ ਉਪਰੰਤ ਮੁੱਖ ਮੰਤਰੀ ਪੰਜਾਬ ਦੇ ਧੂਰੀ ਦਫਤਰ ਅੱਗੇ ਧਰਨਾ ਦਿੱਤਾ ਤੇ ਮੰਗ ਪੱਤਰ ਰਾਹੀਂ ਪਿੰਡਾਂ ਨੂੰ ਖੇਤੀ ਸਿੰਚਾਈ ਲਈ ਨਹਿਰੀ ਪਾਣੀ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਨਹਿਰੀ ਵਿਭਾਗ ਦੇ ਅਧਿਕਾਰੀਆਂ ਤੋਂ ਸਬੰਧਤ 50 ਤੋਂ ਵੱਧ ਪਿੰਡਾਂ ਦਾ ਸਰਵੇ ਕਰਕੇ 15 ਦਿਨਾਂ 'ਚ ਰਿਪੋਰਟ ਪੇਸ਼ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਜੋ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਮੁੱਚੇ ਸੂਬੇ ਲਈ ਲੋਕ ਹਿੱਤ ਵਿੱਚ ਵੀ ਹੈ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ 1960-61 ਦੌਰਾਨ ਪੰਜਾਬ ਵਿੱਚ ਟਿਊਬਵੈੱਲਾਂ ਦੀ ਗਿਣਤੀ ਸਿਰਫ਼ 7445 ਸੀ। 2000-01 ਵਿੱਚ ਇਹ ਗਿਣਤੀ ਵਧ ਕੇ 10.73 ਲੱਖ ਹੋ ਗਈ। ਵਰਤਮਾਨ ਸਮੇਂ ਇਹ ਗਿਣਤੀ ਲੱਗਭੱਗ 15 ਲੱਖ ਦੇ ਕਰੀਬ ਹੋ ਚੁੱਕੀ ਹੈ। ਸ਼ੁਰੂਆਤੀ ਦੌਰ ਵਿਚ ਮੋਨੋਬਲਾਕ ਮੋਟਰਾਂ ਧਰਤੀ ਤੋਂ ਥੋੜ੍ਹੀ ਡੂੰਘਾਈ ਤੋਂ ਪਾਣੀ ਖਿੱਚਦੀਆਂ ਸਨ ਪਰ ਮੌਜੂਦਾ ਸਮੇਂ ਮਹਿੰਗੀਆਂ ਸਬਮਰਸੀਬਲ ਮੋਟਰਾਂ ਲਗਪਗ 200 ਫੁੱਟ ਡੂੰਘਾਈ ਤੋਂ ਪਾਣੀ ਕੱਢ ਰਹੀਆਂ ਹਨ।

"ਪੰਜਾਬ ਖੇਤੀਬਾੜੀ ਯੂਨੀਵਰਸਿਟੀ" ਵੱਲੋਂ ਕੀਤੀ ਗਈ ਖੋਜ ਮੁਤਾਬਿਕ ਸੂਬੇ ਵਿੱਚ ਪਾਣੀ ਦਾ ਪੱਧਰ ਹਰ ਸਾਲ 1 ਤੋਂ 3 ਮੀਟਰ ਡੂੰਘਾ ਹੁੰਦਾ ਜਾ ਰਿਹਾ ਹੈ। ਸੂਬੇ ਦੀਆਂ 148 ਬਲਾਕਾਂ ਵਿੱਚੋਂ 118 ਡਾਰਕ ਜ਼ੋਨ ਵਿੱਚ ਚਲੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 109 ਬਲਾਕ ਜਿਨ੍ਹਾਂ ਵਿੱਚੋਂ ਜ਼ਿਆਦਾ ਪਾਣੀ ਕੱਢਿਆ ਜਾ ਰਿਹਾ ਹੈ। 2 ਬਲਾਕਾਂ ਨੂੰ ਗਰਾਊਂਡ ਵਾਟਰ ਸੈੱਲ ਨੇ ਕ੍ਰੀਟੀਕਲ ਜ਼ੋਨ ਤੇ 5 ਬਲਾਕਾਂ ਨੂੰ ਕ੍ਰਿਟੀਕਲ ਸ਼੍ਰੇਣੀ ਵਿਚ ਰੱਖਿਆ ਹੈ। "ਕੇਂਦਰੀ ਭੂ ਜਲ ਬੋਰਡ" ਨੂੰ ਸੂਬੇ ਦੇ 9 ਜ਼ਿਲ੍ਹਿਆਂ ਤੇ 18 ਬਲਾਕਾਂ ਵਿਚ ਨਵੇਂ ਟਿਊਬਵੈੱਲ ਲਾਉਣ 'ਤੇ ਪਾਬੰਦੀ ਲਗਾਉਣ ਲਈ ਮਜਬੂਰ ਹੋਣਾ ਪਿਆ ਹੈ। "ਸੈਂਟਰਲ ਗਰਾਊਂਡ ਵਾਟਰ" 2019 ਦੀ ਰਿਪੋਰਟ ਅਨੁਸਾਰ ਸੂਬੇ ਵਿੱਚ ਸਿਰਫ਼ 17 ਸਾਲ ਦਾ ਜ਼ਮੀਨੀ ਪਾਣੀ ਬਚਿਆ ਹੈ। ਪੰਜਾਬ ਵਿੱਚ ਧਰਤੀ ਹੇਠ 320 ਬਿਲੀਅਨ ਕਿਊਬਕ ਮੀਟਰ ਪਾਣੀ ਹੈ ਤੇ ਹਰ ਸਾਲ 37 ਬਿਲੀਅਨ ਕਿਊਬਿਕ ਮੀਟਰ ਪਾਣੀ ਬਾਹਰ ਕੱਢ ਰਹੇ ਹਾਂ। ਇਸ ਦੇ ਮੁਕਾਬਲੇ ਸਿਰਫ਼ 20 ਬਿਲੀਅਨ ਕਿਊਬਿਕ ਮੀਟਰ ਪਾਣੀ ਜ਼ਮੀਨ ਵਿੱਚ ਵਾਪਸ ਰੀਚਾਰਜ ਹੋ ਰਿਹਾ ਹੈ। ਇਸ ਤਰ੍ਹਾਂ ਅਸੀਂ 17 ਬਿਲੀਅਨ ਕਿਊਬਿਕ ਪਾਣੀ ਜ਼ਿਆਦਾ ਧਰਤੀ ਵਿੱਚੋਂ ਕੱਢ ਰਹੇ ਹਾਂ। ਵਾਹੀਯੋਗ ਜ਼ਮੀਨਾਂ ਲਈ ਲੱਗਭੱਗ 73 ਪ੍ਰਤੀਸ਼ਤ ਧਰਤੀ ਹੇਠਲੇ ਪਾਣੀ ਤੇ 27 ਪ੍ਰਤੀਸ਼ਤ ਨਹਿਰੀ ਪਾਣੀ 'ਤੇ ਨਿਰਭਰ ਕਰਦੇ ਹਾਂ।

ਰਾਜ ਵਿੱਚ 1980 ਤੋਂ 90 ਤੱਕ ਨਹਿਰੀ ਸਿੰਚਾਈ ਵਾਲੇ ਖੇਤਰ ਵਿੱਚ ਵਾਧਾ ਹੋਇਆ, ਪਰ 1990-91 ਤੋਂ 2018-19 ਤੱਕ ਮਹੱਤਵਪੂਰਨ ਕਮੀ ਦਰਜ ਕੀਤੀ ਗਈ। ਹਾਲੇ ਵੀ ਸੂਬੇ ਦੇ ਅਜਿਹੇ ਜ਼ਿਲ੍ਹੇ ਹਨ, ਜਿੱਥੇ ਨਹਿਰੀ ਪਾਣੀ ਦੀ ਕੋਈ ਪਹੁੰਚ ਨਹੀਂ ਹੈ। ਸਿੰਚਾਈ ਲਈ ਪੇਂਡੂ ਖੇਤਰ ਵਿੱਚ ਵਿਛਾਈਆਂ ਡਰੇਨਾਂ, ਸੂਏ, ਕੱਸੀਆਂ ਵੀ ਸਾਫ ਸਫਾਈ ਨਾ ਹੋਣ ਕਾਰਨ ਪੂਰਾ ਪਾਣੀ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹਨ। ਸੂਬੇ ਦੇ ਧਰਤੀ ਹੇਠਲੇ ਪਾਣੀ ਦੇ ਖੌਫਨਾਕ ਭਵਿੱਖ ਨੂੰ ਦੇਖਦਿਆਂ ਪਾਣੀ ਦੇ ਮਸਲੇ ਪ੍ਰਤੀ ਸਰਕਾਰ ਨੂੰ ਸੰਜੀਦਗੀ ਵਰਤਣੀ ਪਵੇਗੀ। ਐੱਸ.ਵਾਈ.ਐੱਲ ਦੇ ਮਸਲੇ ਪ੍ਰਤੀ ਆਪਣੀ ਦਾਅਵੇਦਾਰੀ ਵਰਤਮਾਨ ਸਮੇਂ ਦੇ ਹਾਲਾਤ ਨੂੰ ਦੇਖਦੇ ਹੋਇਆਂ ਪੇਸ਼ ਕਰਨੀ ਹੋਵੇਗੀ।

ਕੇਂਦਰ ਰਾਵੀ ਤੇ ਬਿਆਸ ਦਰਿਆਵਾਂ ਦੇ ਵਹਿਣ ਵਾਲੇ ਕੁੱਲ ਪਾਣੀ ਦਾ ਪ੍ਰਤੀ ਸਾਲ (1955 ਵੰਡ ਅਨੁਸਾਰ) 15.85 ਮਿਲੀਅਨ ਏਕੜ ਫੁੱਟ (ਐੱਮ.ਏ.ਐੱਫ.) ਮੁਲੰਕਣ ਕਰਦਾ ਹੈ। ਇਹ ਪਾਣੀ ਤਿੰਨ ਰਾਜਾਂ ਨੂੰ ਵੰਡਿਆ ਜਾਂਦਾ ਹੈ। ਰਾਜਸਥਾਨ ਨੂੰ 8 ਐੱਮ.ਏ.ਐੱਫ., ਪੰਜਾਬ ਨੂੰ 7.20 ਐੱਮ. ਏ.ਐੱਫ. ਤੇ ਜੰਮੂ ਕਸ਼ਮੀਰ ਨੂੰ 0.65 ਐੱਮ.ਏ.ਐੱਫ. ਦੀ ਵੰਡ ਕੀਤੀ ਗਈ। 1966 ਵਿੱਚ ਹਰਿਆਣਾ ਬਣਨ ਤੋਂ ਬਾਅਦ ਪੰਜਾਬ ਨੂੰ ਆਪਣੇ ਹਿੱਸੇ 7.20 ਐੱਮ. ਏ. ਐੱਫ. ਵਿੱਚੋਂ 3.5 ਐੱਮ. ਏ. ਐੱਫ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ। 2020 ਤੱਕ ਰਾਵੀ ਤੇ ਬਿਆਸ ਦਰਿਆਵਾਂ ਵਿੱਚ ਪਾਣੀ ਦੀ ਉਪਲੱਬਧਤਾ 1955 ਸਮੇਂ 15.85 ਐੱਮ.ਏ. ਐੱਫ. ਤੋਂ ਘਟ ਕੇ 13.38 ਐੱਮ. ਏ. ਐੱਫ. ਰਹਿ ਗਈ ਹੈ। ਬਟਵਾਰੇ ਤੋਂ ਬਾਅਦ ਪਾਕਿਸਤਾਨ ਨਾਲ ਜੋ ਪਾਣੀ ਦਾ ਸਮਝੌਤਾ ਹੋਇਆ ਸੀ, ਉਸ ਵਿੱਚ ਪੰਜਾਬ ਲਈ ਪਾਣੀ ਦੀ ਜ਼ਰੂਰਤ ਨੂੰ ਵੱਧ ਦਰਸਾਉਣ ਲਈ ਰਾਜਸਥਾਨ ਨੂੰ ਇਸ ਵਿੱਚ ਸ਼ਾਮਲ ਕਰ ਲਿਆ ਗਿਆ, ਭਾਵੇਂ ਕਿ ਉਹ ਰਿਪੇਰੀਅਨ ਸਟੇਟ ਨਹੀਂ ਸੀ, ਨਾ ਹੈ। ਅੰਕੜਿਆਂ ਮੁਤਾਬਕ ਦਰਿਆਈ ਪਾਣੀ ਦਾ ਅੱਧੇ ਤੋਂ ਵੱਧ ਹਿੱਸਾ 8 ਮਿਲੀਅਨ ਏਕੜ ਫੁੱਟ ਰਾਜਸਥਾਨ ਨੂੰ ਗੈਰਕਾਨੂੰਨੀ ਤੌਰ 'ਤੇ ਦਿੱਤਾ ਜਾ ਰਿਹਾ ਹੈ। ਸੰਵਿਧਾਨ ਅਨੁਸਾਰ ਵਗਦੇ ਪਾਣੀਆਂ ਦਾ ਮਸਲਾ ਰਾਜ ਦੇ ਦਾਇਰੇ ਵਿੱਚ ਆਉਂਦਾ ਹੈ। ਇਕ ਤੋਂ ਵੱਧ ਰਾਜਾਂ ਦਰਮਿਆਨ ਟਕਰਾਅ ਦੀ ਸਥਿਤੀ ਵਿੱਚ ਕੇਂਦਰ ਸਰਕਾਰ ਟ੍ਰਿਬਿਊਨਲ ਬਣਾ ਸਕਦੀ ਹੈ। ਪੰਜਾਬ ਦਾ ਰਿਪੇਰੀਅਨ ਸੰਬੰਧ ਸਿਰਫ਼ ਹਿਮਾਚਲ ਪ੍ਰਦੇਸ਼ ਤੇ ਮਾਮੂਲੀ ਜਿਹਾ ਜੰਮੂ ਕਸ਼ਮੀਰ ਨਾਲ ਹੈ। ਪੰਜਾਬ ਦੇ ਕੁਦਰਤੀ ਸੋਮੇ ਪਾਣੀ ਵਿੱਚੋਂ ਧੱਕੇ ਨਾਲ ਬਿਨਾਂ ਕੋਈ ਮੁੱਲ ਦਿੱਤੇ ਮੁਫਤ ਵਿੱਚ ਗੈਰ ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਦੇ ਕੇ ਆਰਥਿਕ ਪੱਖੋਂ ਕੰਗਾਲ ਹੀ ਨਹੀਂ, ਬਲਕਿ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈੱਲਾਂ 'ਤੇ ਨਿਰਭਰ ਬਣਾ ਕੇ ਕਰਜ਼ਈ ਤੇ ਧਰਤੀ ਹੇਠਲੇ ਪਾਣੀ ਨੂੰ ਖਤਮ ਹੋਣ ਦੇ ਕੰਢੇ 'ਤੇ ਲਿਜਾ ਖੜ੍ਹਾ ਕਰ ਦਿੱਤਾ ਹੈ।

"ਡੈਮ ਸੇਫਟੀ" ਐਕਟ 2021 ਵੀ ਰਾਜ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਰਿਹਾ ਹੈ, ਕਿਉਂਕਿ ਐਕਟ ਮੁਤਾਬਕ ਮੁਲਕ ਭਰ ਦੇ ਡੈਮਾਂ ਦੀ ਨਿਗਰਾਨੀ, ਪੜਤਾਲ, ਸੰਭਾਲ ਤੇ ਚਲਾਉਣ ਲਈ ਇਹ ਕਾਨੂੰਨ ਬਣਿਆ ਹੈ। ਭਾਵ ਮੁਲਕ ਦੇ ਡੈਮ ਦੇ ਪਾਣੀ ਬਾਰੇ ਫੈਸਲਾ ਕੇਂਦਰ ਕਰੇਗਾ। "ਸੈਂਟਰਲ ਵਾਟਰ ਕਮਿਸ਼ਨ" ਅਨੁਸਾਰ ਮੁਲਕ ਵਿੱਚ 5202 ਡੈਮ ਜੋ 15 ਮੀਟਰ ਦੀ ਉਚਾਈ ਤੱਕ ਹਨ। ਉਨ੍ਹਾਂ ਨੂੰ ਨੈਸ਼ਨਲ ਕਮੇਟੀ ਆਨ ਡੈਮ ਸੇਫਟੀ ਕੰਟਰੋਲ ਕਰੇਗੀ। ਇਸ ਤੋਂ ਪਹਿਲਾਂ ਇਹ ਸੂਬਿਆਂ ਦਾ ਅਧਿਕਾਰ ਖੇਤਰ ਸੀ। ਇਸ ਤੋਂ ਸਹਿਜੇ ਹੀ ਕੇਂਦਰ ਦਾ ਪਾਣੀਆਂ 'ਤੇ ਕੰਟਰੋਲ ਜ਼ਾਹਿਰ ਹੋ ਜਾਂਦਾ ਹੈ।

ਉਪਰੋਕਤ ਵਿਚਾਰ-ਚਰਚਾ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਵਰਤਮਾਨ ਸਮੇਂ ਧਰਤੀ ਹੇਠਲੇ ਪਾਣੀ ਨਾਲ ਜ਼ਮੀਨਾਂ ਦੀ ਸਿੰਚਾਈ ਦੀ ਨਿਰਭਰਤਾ ਘਟਾਉਣੀ ਪਵੇਗੀ। ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੀਣਯੋਗ ਪਾਣੀ ਮੁਹੱਈਆ ਕਰਵਾਉਣਾ ਚਾਹੁੰਦੇ ਹਾਂ। ਪੰਜਾਬ ਦੇਸ਼ ਦੀ ਅਨਾਜ ਦੀ ਟੋਕਰੀ ਹੈ ਤਾਂ ਸੂਬੇ ਨੂੰ ਖਾਧ ਪਦਾਰਥਾਂ ਦੀ ਪ੍ਰਾਪਤੀ ਲਈ ਵੱਧ ਤੋਂ ਵੱਧ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਪਵੇਗਾ। ਜੋ ਡ੍ਰੇਨਾਂ, ਸੂਏ, ਕੱਸੀਆਂ, ਨਹਿਰਾਂ ਨਾਲ ਜੋੜ ਕੇ ਪਹਿਲਾਂ ਤੋਂ ਹੀ ਬਣੀਆਂ ਹੋਈਆਂ ਹਨ, ਉਨ੍ਹਾਂ ਦੀ ਸਾਫ-ਸਫਾਈ ਤੇ ਜੋ ਬਲਾਕ ਨਹਿਰੀ ਪਾਣੀ ਦੀਆਂ ਲਾਈਨਾਂ ਤੋਂ ਬਿਲਕੁਲ ਸੱਖਣੇ ਹਨ, ਉੱਥੇ ਵੀ ਨਹਿਰੀ ਪਾਣੀ ਦੀ ਵਿਉਂਤਬੰਦੀ ਉਲੀਕੀ ਜਾਵੇ। ਇੱਥੇ ਇਹ ਵੀ ਗੱਲ ਵਿਚਾਰਨਯੋਗ ਹੈ ਕਿ ਸਿਰਫ ਨਹਿਰੀ ਪਾਣੀ ਹੀ ਸਮੁੱਚੇ ਜਲ ਸੰਕਟ ਦੀ ਪੂਰਤੀ ਨਹੀਂ ਹੈ। ਧਰਤੀ ਹੇਠਲੇ ਪਾਣੀ ਦੀ ਵਰਤੋਂ ਘਟਾਉਣ ਦੇ ਨਾਲ-ਨਾਲ ਖੇਤੀਬਾੜੀ ਸਿੰਚਾਈ ਤੌਰ-ਤਰੀਕਿਆਂ ਨੂੰ ਵੀ ਬਦਲਣਾ ਪਵੇਗਾ। ਖੁੱਲ੍ਹੀ ਸਿੰਚਾਈ ਤੋਂ ਇਲਾਵਾ ਡ੍ਰਿੱਪ ਸਿਸਟਮ, ਫੁਹਾਰਾ ਸਿਸਟਮ, ਬੈੱਡ ਪ੍ਰਣਾਲੀ ਅਨੇਕਾਂ ਹੀ ਵਿਧੀਆਂ ਹਨ, ਜਿਨ੍ਹਾਂ ਰਾਹੀਂ ਵਾਧੂ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ। ਸਭ ਤੋਂ ਅਹਿਮ ਮੀਂਹ ਵਾਲੇ ਪਾਣੀ ਨੂੰ ਨਿੱਜੀ ਪੱਧਰ 'ਤੇ ਸੁਰੱਖਿਅਤ ਕਰਨਾ ਹੋਵੇਗਾ ਤਾਂ ਜੋ ਲੋੜ ਪੈਣ 'ਤੇ ਪਾਣੀ ਦੀ ਵਰਤੋਂ ਖੇਤਾਂ ਵਿੱਚ ਸਿੰਚਾਈ ਲਈ ਹੋ ਸਕੇ। ਟਿਕਾਊ ਖੇਤੀ ਵੱਲ ਮੁੜ ਮੁੜਨਾ ਪਵੇਗਾ। ਰਵਾਇਤੀ ਫਸਲਾਂ ਤੋਂ ਖੇਤੀ ਵਿਭਿੰਨਤਾ ਅਪਨਾਉਣੀ ਪਵੇਗੀ। ਝੋਨੇ ਦੀਆਂ ਰਵਾਇਤੀ ਕਿਸਮਾਂ ਪਾਣੀ ਤੇ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ, ਸੋ ਇਨ੍ਹਾਂ ਫਸਲਾਂ ਦੇ ਬਦਲ ਵੀ ਅਪਨਾਉਣੇ ਪੈਣਗੇ, ਤਾਂ ਜੋ ਭਵਿੱਖ 'ਚ ਕੁਦਰਤੀ ਸਰੋਤਾਂ ਨੂੰ ਬਚਾਇਆ ਜਾਵੇ ਤੇ ਨਿਰਵਿਘਨ ਸੂਬਾ ਦੇਸ਼ ਲਈ ਅਨੁਕੂਲ ਅੰਨ ਭੰਡਾਰ ਉਤਪਾਦਨ ਪੈਦਾ ਕਰਦਾ ਰਹੇ।

***ਸੰਪਰਕ: 94179-71451***

28-OCT-PAGE-5.qxd 10/27/2022 8:55 PM Page 1



# ਸਾਡੀ ਲੜਾਈ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ : ਉਗਰਾਹਾਂ

## ਪੱਕੇ ਮੋਰਚੇ ਦੇ 19ਵੇਂ ਦਿਨ ਵੱਡੀ ਗਿਣਤੀ 'ਚ ਕਿਸਾਨ ਔਰਤਾਂ ਤੇ ਭਰਾਵਾਂ ਨੇ ਭਰੀ ਹਾਜ਼ਰੀ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਪੱਕੇ ਮੋਰਚੇ ਦੇ ਉਨੀਵੇਂ ਦਿਨ ਵਿੱਚ ਵੱਡੀ ਗਿਣਤੀ 'ਚ ਕਿਸਾਨ ਔਰਤਾਂ ਤੇ ਕਿਸਾਨਾਂ ਨੇ ਹਾਜ਼ਰੀ ਲਵਾਈ। ਅੱਜ ਦੀ ਸਟੇਜ ਤੋਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ 29 ਅਕਤੂਬਰ ਦੇ ਇਕੱਠ ਸਬੰਧੀ ਕਿਹਾ ਕਿ ਇਹ ਲੜਾਈ ਨਿੱਜੀਕਰਨ ਦੀ ਨੀਤੀ ਦੇ ਨਾਲ ਹੈ। ਉਨ੍ਹਾ ਸੰਬੋਧਨ ਕਰਦਿਆਂ ਕਿਹਾ ਕਿ ਸਾਡੀਆਂ ਮੌਜੂਦਾ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਨਿੱਜੀਕਰਨ ਦੀ ਨੀਤੀ ਦਾ ਕੁਹਾੜਾ ਸਾਡੇ ਕਿਰਤੀ ਲੋਕਾਂ 'ਤੇ ਵਰ੍ਹਾ ਰਹੀਆਂ ਹਨ। ਸਰਕਾਰ ਨਿੱਜੀਕਰਨ ਦੀ ਨੀਤੀ 'ਤੇ ਚਲਦੀ ਹੋਈ ਪਹਿਲਾਂ ਲੋਕਾਂ ਦੀ ਸਹੂਲਤ ਖਾਤਰ ਬਣੇ ਪਬਲਿਕ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਦੇ ਰਹੀ ਹੈ, ਪਰ ਹੁਣ ਉਸੇ ਕੜੀ ਵਿੱਚ ਅੱਗੇ ਵਧਦਿਆਂ ਖ਼ੁਰਾਕੀ ਵਸਤੂਆਂ ਦਾ ਪੂਰਾ ਅਧਿਕਾਰ ਵੀ ਕਾਰਪੋਰੇਟ ਤੇ ਨਿੱਜੀ ਹੱਥਾਂ ਵਿੱਚ ਦੇ ਰਹੀ ਹੈ। ਉਦਾਹਰਣ ਵਜੋਂ ਕਿਸਾਨ ਆਪਣੇ ਖੇਤ ਵਿੱਚ ਸਰ੍ਹੋਂ ਤਾਂ ਪੈਦਾ ਕਰ ਸਕਦਾ ਹੈ, ਪਰ ਆਪਣੇ ਘਰ ਵਿੱਚ ਕੋਹਲੂ ਲਾ ਕੇ ਉਸ ਵਿੱਚੋਂ ਤੇਲ ਕੱਢ ਕੇ ਬਾਜ਼ਾਰ ਵਿੱਚ ਨਹੀਂ ਵੇਚ ਸਕਦਾ ਹੈ। ਇਸੇ ਤਰ੍ਹਾਂ ਹੋਰ ਖ਼ੁਰਾਕੀ ਵਸਤੂਆਂ 'ਤੇ ਵੀ ਨਿੱਜੀਕਰਨ ਦੀ ਨੀਤੀ ਰਾਹੀਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਇਸ ਦੇ ਉਲਟ ਨਿੱਜੀਕਰਨ ਦੀ ਨੀਤੀ ਰਾਹੀਂ ਕਾਰਪੋਰੇਟ ਘਰਾਣਿਆਂ ਨੂੰ ਤੁਹਾਡਾ ਕੱਚਾ ਮਾਲ ਲੁਟਾ ਕੇ ਉਸ ਨੂੰ ਪਕਾ ਕੇ ਵੱਡੇ ਮੁਨਾਫ਼ੇ ਕਮਾਉਣ ਲਈ ਖੁੱਲ੍ਹੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਭਾਰਤ ਮਾਲਾ ਪ੍ਰਾਜੈਕਟ ਤਹਿਤ ਕੱਢੀਆਂ ਜਾ ਰਹੀਆਂ ਸੜਕਾਂ 'ਤੇ ਬੋਲਦਿਆਂ ਕਿਹਾ ਕਿ ਜਿਸ ਵਿੱਚ ਦਸ ਹਜ਼ਾਰ ਏਕੜ ਕਰੀਬ ਕਿਸਾਨਾਂ ਦੀ ਜ਼ਮੀਨ ਸਸਤੇ ਭਾਵਾਂ 'ਤੇ ਖੋਹ ਕੇ ਸੜਕ ਬਣਾਉਣ ਵਾਸਤੇ ਦਿੱਤੀ ਜਾ ਰਹੀ ਹੈ, ਕਿਸਾਨਾਂ ਨੂੰ ਜ਼ਮੀਨ ਦੇ ਉਚਿਤ ਮੁੱਲ ਦੇਣ ਵਿੱਚ ਵਿਤਕਰਾ ਕੀਤਾ ਜਾ ਰਿਹਾ ਹੈ। ਸਵਾਲ 'ਕੱਲਾ ਪੈਸੇ ਦਾ ਨਹੀਂ, ਸਗੋਂ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਦਾਹਰਨ ਲਈ ਬਠਿੰਡਾ ਵਿਖੇ ਛਾਉਣੀ ਬਣਾਉਣ ਲਈ ਬਹੁਤ ਸਾਰੇ ਪਿੰਡਾਂ ਦੀ ਜ਼ਮੀਨ ਐਕਵਾਇਰ ਕੀਤੀ ਗਈ, ਜਿਸ ਵਿੱਚ ਪਿੰਡ ਮਹਿਣਾ ਦੀ ਸਾਰੀ ਜ਼ਮੀਨ ਆਉਣ ਕਰਕੇ ਪਿੰਡ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ ਹੈ। ਇਸ ਤੋਂ ਵੀ ਅੱਗੇ ਪੰਜਾਬ ਵਿੱਚ ਜ਼ਮੀਨਾਂ ਦੀ ਕਾਣੀ ਵੰਡ ਹੋਣ ਕਰਕੇ ਆਮਦਨ ਦੇ ਵਸੀਲੇ ਪਹਿਲਾਂ ਹੀ ਘੱਟ ਹਨ, ਇਹ ਆਮਦਨ ਦੇ ਵਸੀਲੇ ਵੀ ਕਿਸਾਨਾਂ ਦੇ ਖੋਹੇ ਜਾ ਰਹੇ ਹਨ ਤੇ ਦਸ ਹਜ਼ਾਰ ਏਕੜ ਜ਼ਮੀਨ ਤਾਂ ਸਿੱਧੀ ਸੜਕਾਂ ਹੇਠ ਰੋਕੀ ਜਾਣੀ ਹੈ ਤੇ ਇਸ ਤੋਂ ਇਲਾਵਾ ਇਨੀਂ ਹੀ ਹੋਰ ਪਾਸੇ ਆਉਣ ਨਾਲ ਪੰਜਾਬ ਵਿੱਚ ਅੰਨ ਦਾ ਸੰਕਟ ਹੋਰ ਵਧੇਗਾ ਤੇ ਫਿਰ ਅੰਨ 'ਤੇ ਕਬਜ਼ਾ ਕਰਕੇ ਭੁੱਖ ਨਾਲ ਮਰਨ ਲਈ ਮਜਬੂਰ ਕਰਨਾ ਹੈ। ਅੱਜ ਦੀ ਸਟੇਜ ਤੋਂ ਧਰਮਕੋਟ ਬਲਾਕ ਦੇ ਪ੍ਰਧਾਨ ਡਾ. ਗੁਰਦੇਵ ਸਿੰਘ ਕਿਸ਼ਨਪੁਰਾ, ਮੁਕਤਸਰ ਜ਼ਿਲ੍ਹੇ ਤੋਂ ਮਲਕੀਤ ਸਿੰਘ ਅਘੜ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮਾਨਸਾ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਨਿਭਾਈ।

# ਕੈਬਨਿਟ ਮੰਤਰੀ ਵੱਲੋਂ ਪੀ ਐੱਮ ਏ ਵਾਈ ਸਕੀਮ ਤਹਿਤ 45 ਯੋਗ ਲਾਭਪਾਤਰੀਆਂ ਨੂੰ ਸੈਂਕਸ਼ਨ ਪੱਤਰ ਜਾਰੀ



ਫਕਰਸਰ ਵਿਖੇ ਲਾਭਪਾਤਰੀਆਂ ਨੂੰ ਸੈਂਕਸ਼ਨ ਪੱਤਰ ਜਾਰੀ ਕਰਦੇ ਹੋਏ ਕੈਬਨਿਟ ਮੰਤਰੀ ਡਾ. ਬਲਜੀਤ ਕੌਰ।

**ਮਲੋਟ (ਗੁਰਮੀਤ ਸਿੰਘ ਮੱਕੜ)**

ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਨੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਫਕਰਸਰ ਵਿਖੇ 28 ਤੇ ਪਿੰਡ ਥੇਹੜੀ ਵਿਖੇ 17 ਯੋਗ ਲਾਭਪਾਤਰੀਆਂ ਨੂੰ ਪੀ.ਐੱਮ.ਏ.ਵਾਈ. (ਜੀ) ਸਕੀਮ ਅਧੀਨ ਨਵੇਂ ਮਕਾਨ ਦੀ ਉਸਾਰੀ ਲਈ ਸੈਂਕਸ਼ਨ ਪੱਤਰ ਜਾਰੀ ਕੀਤੇ ਗਏ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸਰਕਾਰ ਵੱਲੋਂ ਲੋੜਵੰਦ ਵਿਅਕਤੀਆਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇਂ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜੋ ਲੋਕਾਂ ਨਾਲ ਵਾਅਦੇ ਕੀਤੇ ਗਏ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ ਜਲਦੀ ਸੁਵਿਧਾ ਕੈਂਪ ਲਗਵਾ ਕੇ ਬੁਢਾਪਾ, ਵਿਧਵਾ, ਅੰਗਹੀਣ ਤੇ ਆਸ਼ਰਿਤ ਯੋਗ ਲਾਭਪਾਤਰੀਆਂ ਦੇ ਫਾਰਮ ਭਰ ਕੇ ਪੈਨਸ਼ਨਾਂ ਲਗਵਾਈਆਂ ਜਾਣਗੀਆਂ। ਇਸ ਮੌਕੇ ਡਾ. ਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੀ.ਐੱਮ.ਏ.ਵਾਈ. ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲੀ ਕਿਸ਼ਤ 30 ਹਜ਼ਾਰ ਰੁਪਏ, ਦੂਸਰੀ ਕਿਸ਼ਤ 72 ਹਜ਼ਾਰ ਰੁਪਏ, ਤੀਸਰੀ ਕਿਸ਼ਤ 18 ਹਜ਼ਾਰ ਰੁਪਏ ਕੁੱਲ 1,20000/- ਰੁਪਏ ਦਿੱਤੇ ਜਾਣੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੀ.ਐੱਮ.ਏ.ਵਾਈ. (ਜੀ) ਸਕੀਮ ਅਧੀਨ, ਜਿਨ੍ਹਾਂ ਲਾਭਪਾਤਰੀਆਂ ਨੂੰ ਸੈਕਸ਼ਨ ਪੱਤਰ ਜਾਰੀ ਕਰ ਦਿੱਤੇ ਗਏ ਹਨ, ਉਹ ਆਪਣੇ ਘਰਾਂ ਦਾ ਕੰਮ ਜਲਦੀ ਸ਼ੁਰੂ ਕਰ ਲੈਣ ਤਾਂ ਜੋ ਉਨ੍ਹਾਂ ਨੂੰ ਅਗਲੀ ਕਿਸ਼ਤ ਜਲਦੀ ਤੋਂ ਜਲਦੀ ਜਾਰੀ ਕੀਤੀ ਜਾ ਸਕੇ ਅਤੇ ਹੋਰ ਯੋਗ ਲਾਭਪਾਤਰੀਆਂ ਨੂੰ ਇਹ ਸਕੀਮ ਦਾ ਲਾਭ ਦਿੱਤਾ ਜਾ ਸਕੇ। ਇਸ ਮੌਕੇ ਬੀ.ਡੀ.ਪੀ.ਓ. ਗਿੱਦੜਬਾਹਾ ਨੇ ਸਮੂਹ ਲਾਭਪਾਤਰੀਆਂ ਨੂੰ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਸਬੰਧੀ ਕਿਹਾ ਤਾਂ ਜੋ ਉਨ੍ਹਾਂ ਨੂੰ ਕਿਸ਼ਤਾਂ ਸਮੇਂ ਸਿਰ ਜਾਰੀ ਕੀਤੀਆਂ ਜਾ ਸਕਣ।

# ਵਧੀਕ ਮੁੱਖ ਸਕੱਤਰ ਵੱਲੋਂ ਅਨਾਜ ਮੰਡੀ ਖੰਨਾ 'ਚ ਝੋਨੇ ਦੀ ਖਰੀਦ ਦਾ ਜਾਇਜ਼ਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਹੁਣ ਤੱਕ 84,48,507 ਮੀਟਰਕ ਟਨ ਝੋਨਾ ਆਇਆ ਤੇ ਇਸ ਝੋਨੇ ਵਿੱਚੋਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ 81,80,888 ਮੀਟਰਕ ਟਨ ਝੋਨੇ ਦੀ ਖਰੀਦ ਵੀ ਕੀਤੀ ਜਾ ਚੁੱਕੀ ਹੈ ਅਤੇ ਹੁਣ ਤੱਕ ਕਿਸਾਨਾਂ ਨੂੰ ਝੋਨੇ ਦੀ 11,531 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਇਹ ਪ੍ਰਗਟਾਵਾ ਪੰਜਾਬ ਸਰਕਾਰ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਨੇ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿੱਚ ਝੋਨੇ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਤੇ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ ਵੀ ਸ਼ਾਮਲ ਸਨ। ਸ੍ਰੀ ਅਗਰਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਸਹੂਲਤ ਲਈ ਚੱਲ ਰਹੇ ਝੋਨੇ ਦੇ ਸੀਜ਼ਨ ਵਿੱਚ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਦੀ ਉਪਜ ਦੇ ਇੱਕ-ਇੱਕ ਦਾਣੇ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਖਰੀਦ ਕੇ ਉਸ ਦੀ ਲਿਫਟਿੰਗ ਨੂੰ ਯਕੀਨੀ ਬਣਾਏਗੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ ਕਿ ਕਿਸਾਨਾਂ ਦੀ ਫ਼ਸਲ ਅਨਾਜ ਮੰਡੀਆਂ ਵਿੱਚੋਂ ਤੁਰੰਤ ਚੁੱਕ ਲਈ ਜਾਵੇ ਤੇ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵੇਲੇ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਕਿਸਾਨਾਂ ਤੋਂ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 48 ਘੰਟਿਆਂ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ ਤੇ ਝੋਨੇ ਦੀ ਢੋਆ ਢੋਆਈ ਅਤੇ ਸਟੋਰੇਜ ਵਿੱਚ ਵੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਵਧੀਕ ਮੁੱਖ ਸਕੱਤਰ ਸ੍ਰੀ ਅਗਰਵਾਲ ਇਸ ਤੋਂ ਬਾਅਦ ਪਿੰਡ ਲਿਬੜਾ (ਖੰਨਾ) ਦੇ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਵਿੱਚ ਗਏ ਤੇ ਜਾ ਕੇ ਦੇਖਿਆ ਕਿ ਇਹ ਕਿਸਾਨ ਦੂਸਰੇ ਕਿਸਾਨਾਂ ਲਈ ਪ੍ਰੇਰਣਾ ਸਰੋਤ ਹਨ ਤੇ ਕਿਸਾਨਾਂ ਵੱਲੋਂ ਪਿਛਲੇ ਸਾਲਾਂ ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲਾਏ ਬਿਨਾਂ ਫਸਲਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ ਤੇ ਪਰਾਲੀ ਨੂੰ ਜ਼ਮੀਨ ਵਿੱਚ ਹੀ ਰਲਾ ਕੇ ਜਿੱਥੇ ਵਾਤਾਵਰਨ ਸਾਫ ਰੱਖਣ ਵਿੱਚ ਯੋਗਦਾਨ ਪਾਇਆ ਹੈ, ਉੱਥੇ ਹੀ ਆਪਣੇ ਖੇਤਾਂ ਦੀ ਮਿੱਟੀ ਨੂੰ ਹੋਰ ਉਪਜਾਊ ਬਣਾਇਆ ਹੈ ਅਤੇ ਕਿਸਾਨਾਂ ਵੱਲੋਂ ਫਸਲੀ ਵਿਭਿੰਨਤਾ ਅਪਣਾਉਣ ਵਿੱਚ ਵੀ ਮੋਹਰੀ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਪਿੰਡ ਘੁੰਗਰਾਲੀ ਰਾਜਪੂਤਾ (ਖੰਨਾ) ਵਿਖੇ ਫਾਰਮ ਗੈਸ ਪ੍ਰਾਈਵੇਟ ਲਿਮਟਿਡ ਦਾ ਦੌਰਾ ਕੀਤਾ, ਜਿੱਥੇ ਝੋਨੇ ਦੀ ਪਰਾਲੀ ਤੋਂ ਬਾਇਓ ਸੀ.ਐੱਨ.ਜੀ ਤਿਆਰ ਹੁੰਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਮਨਜੀਤ ਕੌਰ, ਤਹਿਸੀਲਦਾਰ ਸ੍ਰੀ ਨਵਦੀਪ ਭੋਗਲ, ਮੁੱਖ ਖੇਤੀਬਾੜੀ ਅਫਸਰ ਡਾ. ਅਮਨਜੀਤ ਸਿੰਘ, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ (ਪੂਰਬੀ) ਸ੍ਰੀਮਤੀ ਸਿਫਾਲੀ ਚੋਪੜਾ, ਜ਼ਿਲ੍ਹਾ ਮੰਡੀ ਅਫਸਰ ਲੁਧਿਆਣਾ ਸ੍ਰੀ ਬੀਰ ਇੰਦਰ ਸਿੰਘ ਸਿੱਧੂ, ਖੇਤੀਬਾੜੀ ਅਫਸਰ ਖੰਨਾ ਡਾ. ਜਸਵਿੰਦਰਪਾਲ ਸਿੰਘ, ਖੇਤੀਬਾੜੀ ਅਫਸਰ ਲੁਧਿਆਣਾ ਡਾ. ਜਗਦੇਵ ਸਿੰਘ, ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਖੰਨਾ ਸ੍ਰ. ਹਰਬੰਸ ਸਿੰਘ ਰੋਸਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਿਸਾਨ ਮੌਜੂਦ ਸਨ।

## ਕਾਤਰਾਂ

### 500 ਲਿਟਰ ਲਾਹਣ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਵੈਰੋਕੇ ਦੀ ਪੁਲਸ ਨੇ 500 ਲਿਟਰ ਲਾਹਣ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਪਿੰਡ ਚੱਕ ਬਲੋਚਾਂ (ਮਹਾਲਮ) ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਚੱਕ ਬਲੋਚਾਂ ਨਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਨਜਾਇਜ਼ ਸ਼ਰਾਬ ਸਣੇ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਬਲਵਿੰਦਰ ਸਿੰਘ ਨੂੰ 500 ਲਿਟਰ ਲਾਹਣ ਸਣੇ ਕਾਬੂ ਕੀਤਾ ਹੈ। ਪੁਲਸ ਨੇ ਧਾਰਾ 61-1-14 ਐਕਸਾਈਜ਼ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

### ਖੇਤਰੀ ਯੁਵਕ ਤੇ ਲੋਕ ਮੇਲਾ ਅੱਜ ਤੋਂ

**ਸੰਗਰੂਰ (ਪ੍ਰਵੀਨ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਖੇਤਰੀ ਯੁਵਕ ਤੇ ਲੋਕ ਮੇਲਾ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ 28 ਅਕਤੂਬਰ ਤੋਂ 31 ਅਕਤੂਬਰ ਤੱਕ ਕੀਤਾ ਜਾ ਰਿਹਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ (ਪ੍ਰੋ.) ਸੁਖਬੀਰ ਸਿੰਘ, ਡਾ. ਹਰਦੀਪ ਸਿੰਘ ਕੋ-ਆਰਡੀਨੇਟਰ ਨੇ ਦੱਸਿਆ ਕਿ 28 ਅਕਤੂਬਰ ਨੂੰ ਸਵੇਰ ਦੇ ਸੈਸ਼ਨ ਵਿੱਚ ਪੰਜਾਬ ਦੇ ਖੇਡਾਂ ਤੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵਿਸ਼ੇਸ਼ ਮਹਿਮਾਨ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਜਤਿੰਦਰ ਜੋਰਵਾਲ ਆਈ.ਏ.ਐੱਸ. ਹੋਣਗੇ। ਸ਼ਾਮ ਦੇ ਸੈਸ਼ਨ ਵਿੱਚ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਤੇ ਵਿਸ਼ੇਸ਼ ਮਹਿਮਾਨ ਮਹਿੰਦਰ ਸਿੰਘ ਸਿੱਧੂ ਚੇਅਰਮੈਨ ਸੀਡ ਕਾਰਪੋਰੇਸ਼ਨ ਪੰਜਾਬ ਹੋਣਗੇ।

### ਸਰਹੰਦ ਫੀਡਰ ਦੀ ਰੀਲਾਇਨਿੰਗ ਲਈ ਹੋਵੇਗੀ ਨਹਿਰ ਦੀ ਬੰਦੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਕੈਨਾਲ ਮੰਡਲ ਅਬੋਹਰ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਸੁਖਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਸਰਹੰਦ ਫੀਡਰ ਦੀ ਰੀਲਾਇਨਿੰਗ ਦੇ ਕੰਮ ਕੀਤੇ ਜਾਣੇ ਹਨ, ਜਿਸ ਲਈ 30 ਨਵੰਬਰ 2022 ਤੋਂ 3 ਜਨਵਰੀ 2023 ਤੱਕ (ਦੋਨੋ ਦਿਨ ਸ਼ਾਮਲ) ਸਰਹੰਦ ਫੀਡਰ ਨਹਿਰ ਦੀ ਬੰਦੀ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਜਲ ਸਰੋਤ ਵਿਭਾਗ ਚੰਡੀਗੜ੍ਹ ਦੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸ੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ. ਵੱਲੋਂ ਨਾਰਦਰਨ ਇੰਡੀਆ ਕੈਨਾਲ ਤੇ ਡਰੇਨਜ ਐਕਟ 1873 (ਐਕਟ 8 ਆਫ਼ 1973) ਅਧੀਨ ਜਾਰੀ ਰੂਲਾਂ ਦੇ ਰੂਲ 63 ਅਧੀਨ ਸੂਚਿਤ ਕੀਤਾ ਹੈ ਕਿ ਮੌਸਮ ਅਤੇ ਫ਼ਸਲਾਂ ਦੇ ਹਾਲਾਤ ਨੂੰ ਮੁੱਖ ਰੱਖਦਿਆਂ ਉਕਤ 35 ਦਿਨਾਂ ਦੌਰਾਨ ਸਰਹੰਦ ਫੀਡਰ ਨਹਿਰ ਦੀ ਬੰਦੀ ਹੋਵੇਗੀ।

### ਨੈਸ਼ਨਲ ਯੋਗਾਸਨ ਸਪੋਰਟਸ ਚੈਂਪੀਅਨਸ਼ਿਪ ਅੱਜ ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਯੋਗ ਫੈਡਰੇਸ਼ਨ ਆਫ ਇੰਡੀਆ ਦੀ ਸਰਪ੍ਰਸਤੀ ਹੇਠ ਪੰਜਾਬ ਯੋਗਾ ਐਸੋਸੀਏਸ਼ਨ ਵੱਲੋਂ 28 ਤੋਂ 31 ਅਕਤੂਬਰ ਤੱਕ ਦਾਸ ਐਂਡ ਬਰਾਊਨ ਵਰਲਡ ਸਕੂਲ ਵਿਖੇ ਸਬ ਜੂਨੀਅਰ ਤੇ ਜੂਨੀਅਰ ਨੈਸ਼ਨਲ ਯੋਗਾਸਨ ਸਪੋਰਟਸ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ, ਜਿਸ ਵਿੱਚ 1200 ਤੋਂ ਵੱਧ ਵਿਦਿਆਰਥੀ ਤੇ 100 ਤੋਂ ਵੱਧ ਯੋਗ ਵਿਦਿਆਰਥੀ ਅਧਿਕਾਰੀ ਹਿੱਸਾ ਲੈਣਗੇ। ਐੱਸ ਡੀ ਐੱਮ ਰਣਜੀਤ ਸਿੰਘ ਭੁੱਲਰ ਨੇ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਪੰਜਾਬ ਯੋਗਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਨਿਰੁਧ ਗੁਪਤਾ ਨੇ ਦੱਸਿਆ ਕਿ ਇਹ ਫਿਰੋਜ਼ਪੁਰ ਦੀ ਖ਼ੁਸ਼ਕਿਸਮਤੀ ਹੈ ਕਿ ਦੇਸ਼ ਭਰ ਵਿੱਚੋਂ ਇੰਨੀ ਵੱਡੀ ਗਿਣਤੀ ਵਿੱਚ ਯੋਗੀ ਇੱਕ ਮੰਚ 'ਤੇ ਇਕੱਠੇ ਹੋਣਗੇ। ਉਨ੍ਹਾ ਕਿਹਾ ਕਿ ਹਰ ਰਾਜ ਤੋਂ ਪੁੱਜਣ ਵਾਲੇ ਵਿਦਿਆਰਥੀਆਂ ਤੇ ਯੋਗਾ ਰੈਫਰੀ ਦੇ ਰਹਿਣ-ਸਹਿਣ ਅਤੇ ਖਾਣੇ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਯੋਗਾ ਫੈਡਰੇਸ਼ਨ ਦੇ ਚੇਅਰਮੈਨ ਅਸ਼ੋਕ ਅਗਰਵਾਲ, ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ, ਡਾ. ਗੁਰਨਾਮ ਸਿੰਘ ਫਰਮਾਹ, ਮਨਜੀਤ ਸਿੰਘ ਢਿੱਲੋਂ, ਇੰਦੂ ਅਗਰਵਾਲ ਅਭਿਨਵ ਜੋਸ਼ੀ, ਵਿਸ਼ਾਲ ਗੋਇਲ, ਸੰਜੋੜਾਅ, ਚੰਦਰ ਕਾਂਤ, ਰਮਨ ਕੁਮਾਰ, ਯੋਗੀਰਾਜ ਐੱਨ ਰਾਮਨਲਿੰਗਮ ਤੇ ਹੋਰ ਹਾਜ਼ਰ ਸਨ।

### ਆਰਮੀ ਅਗਨੀਵੀਰ ਭਰਤੀ ਰੈਲੀ ਪਹਿਲੀ ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਫੌਜ ਵਿੱਚ ਅਗਨੀਵੀਰ ਦੀ ਭਰਤੀ ਲਈ ਰੈਲੀ 1 ਨਵੰਬਰ ਤੋਂ 16 ਨਵੰਬਰ 2022 ਤੱਕ ਕੈਪਟਨ ਸੁੰਦਰ ਸਿੰਘ ਸਟੇਡੀਅਮ ਫਿਰੋਜ਼ਪੁਰ ਛਾਉਣੀ ਵਿਖੇ ਹੋਵੇਗੀ, ਜਿਸ ਵਿੱਚ ਫਿਰੋਜ਼ਪੁਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਬਠਿੰਡਾ ਜ਼ਿਲ੍ਹਿਆਂ ਦੇ ਰਜਿਸਟਰਡ ਪ੍ਰਾਰਥੀ, ਜਿਨ੍ਹਾਂ ਨੂੰ ਐਡਮਿਟ ਕਾਰਡ ਜਾਰੀ ਹੋਇਆ ਹੈ, ਹਿੱਸਾ ਲੈ ਸਕਣਗੇ। ਇਹ ਜਾਣਕਾਰੀ ਡਾਇਰੈਕਟਰ ਭਰਤੀ ਕਰਨਲ ਸੌਰਭ ਚਰਨ ਨੇ ਦਿੱਤੀ ਹੈ। ਉਨ੍ਹਾ ਦੱਸਿਆ ਕਿ ਇਸ ਭਰਤੀ ਰੈਲੀ ਵਿੱਚ ਸੈਨਾ ਦੀ ਹਰ ਸ਼੍ਰੇਣੀ ਲਈ ਭਰਤੀ ਕੀਤੀ ਜਾਵੇਗੀ, ਜਿਸ ਵਿੱਚ ਅਗਨੀਵੀਰ ਜਨਰਲ ਡਿਊਟੀ/ਤਕਨੀਕੀ/ਕਲਰਕ/ਸਟੋਰਕੀਪਰ ਤੇ ਟਰੇਡਜ਼ਮੈਨ ਦੀ ਭਰਤੀ ਹੋਵੇਗੀ। ਸਾਰੇ ਉਮੀਦਵਾਰ ਆਪਣੇ ਜ਼ਰੂਰੀ ਅਸਲ ਦਸਤਾਵੇਜ਼ ਨਾਲ ਲੈ ਕੇ ਆਉਣ। ਇਸ ਭਰਤੀ ਲਈ ਨੌਜਵਾਨਾਂ ਦੀ ਐਂਟਰੀ 8 ਨੰਬਰ ਚੂੰਗੀ, ਫਰੀਦਕੋਟ ਰੋਡ, ਆਰਮੀ ਗੇਟ ਰਾਹੀਂ ਕੀਤੀ ਜਾਵੇਗੀ।

# ਲਾਲੀ ਨੂੰ ਜਾਨੋਂ ਮਾਰਨ ਦੀਆਂ ਮਿਲੀਆਂ ਧਮਕੀਆਂ

*ਲਾਲੀ ਵੱਲੋਂ ਚਿੱਟਾ ਵੇਚਣ ਵਾਲਿਆਂ ਦੇ ਘਰ ਅੱਗੇ ਧਰਨਾ ਦੇਣ ਦਾ ਐਲਾਨ*



**ਗੁਰੂਹਰਸਹਾਏ (ਦੀਪਕ ਵਧਾਵਨ)**-ਆਪਣੀ ਦੁਨੀਆ ਭਗਤ ਸਿੰਘ ਰਾਜ ਦਰਬਾਰ ਦੇ ਸੀਨੀਅਰ ਆਗੂ ਆਗੂ ਲਾਲੀ ਜੀਵਾਂ ਅਰਾਈ ਨੇ ਚਿੱਟਾ ਵੇਚਣ ਵਾਲਿਆਂ ਵੱਲੋਂ ਉਸ ਨੂੰ ਗੋਲੀ ਮਾਰ ਕੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਇਲਜ਼ਾਮ ਲਾਏ ਹਨ ਤੇ ਪੁਲਸ ਸਟੇਸ਼ਨ ਗੁਰੂਹਰਸਹਾਏ ਵਿਖੇ ਇੱਕ ਦਰਖਾਸਤ ਦੇ ਕੇ ਧਮਕੀ ਦੇਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਸੰਬੰਧ ਵਿੱਚ ਇੱਕ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ। ਪਾਰਟੀ ਦੇ ਆਗੂ ਲਾਲੀ ਜੀਵਾਂ ਅਰਾਈ ਨੇ ਦੱਸਿਆ ਕਿ ਪਿੰਡ ਦੇ ਹੀ ਕੁਝ ਵਿਅਕਤੀ ਸ਼ਰ੍ਹੇਆਮ ਚਿੱਟੇ ਦਾ ਨਸ਼ਾ ਵੇਚਦੇ ਹਨ ਤੇ ਉਨ੍ਹਾਂ ਦੀ ਪਾਰਟੀ ਨੇ ਨਸ਼ਾ ਬੰਦ ਕਰਾਉਣ ਲਈ ਪੁਲਸ ਪ੍ਰਸ਼ਾਸਨ ਦੇ ਖ਼ਿਲਾਫ਼ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਸੀ। ਆਗੂ ਨੇ ਦੱਸਿਆ ਕਿ ਵੀਰਵਾਰ ਨੂੰ ਪਿੰਡ ਦੇ ਹੀ ਉਕਤ ਚਿੱਟੇ ਦਾ ਨਸ਼ਾ ਵੇਚਣ ਵਾਲੇ ਵਿਅਕਤੀ ਉਸ ਦੇ ਘਰ ਆਏ ਤੇ ਆਉਂਦਿਆਂ ਹੀ ਚਿੱਟੇ ਦੇ ਖਿਲਾਫ਼ ਧਰਨਾ ਲਾਉਣ ਦੀ ਇਵਜ਼ ਵਿੱਚ ਉਸ ਨੂੰ ਗੋਲੀ ਮਾਰ ਕੇ ਮਾਰ ਦੇਣ ਦੀ ਧਮਕੀ ਦੇ ਕੇ ਗਏ ਹਨ, ਜਿਸ ਦੇ ਸਬੰਧ ਵਿੱਚ ਪੁਲਸ ਸਟੇਸ਼ਨ ਵਿਖੇ ਲਿਖਤੀ ਦਰਖਾਸਤ ਦੇ ਦਿੱਤੀ ਗਈ ਹੈ। ਆਗੂ ਨੇ ਕਿਹਾ ਕਿ ਸ਼ਨੀਵਾਰ ਨੂੰ ਉਕਤ ਚਿੱਟਾ ਵੇਚਣ ਵਾਲੇ ਵਿਅਕਤੀਆਂ ਦਾ ਪਰਦਾਫ਼ਾਸ਼ ਕਰਨ ਲਈ ਧਮਕੀਆਂ ਦੇਣ ਵਾਲੇ ਵਿਅਕਤੀਆਂ ਦੇ ਘਰ ਅੱਗੇ ਧਰਨਾ ਲਾਇਆ ਜਾਵੇਗਾ। ਇਸ ਮੌਕੇ ਲਹੌਰਾ ਸਿੰਘ, ਜੈ ਪ੍ਰਕਾਸ਼ ਗੁਪਤਾ ਸਮੇਤ ਅਨੇਕਾਂ ਆਗੂ ਹਾਜ਼ਰ ਸਨ।

# ਪਰੋਜੋਨ ਕੰਪਨੀ ਦੇ ਨਾਂਅ 'ਤੇ ਮਾਰੀ ਸਾਢੇ 23 ਲੱਖ ਦੀ ਠੱਗੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਰੋਜੋਨ ਕੰਪਨੀ ਦੇ ਨਾਮ 'ਤੇ ਸਾਢੇ 23 ਲੱਖ ਰੁਪਏ ਉਧਾਰ ਲੈ ਕੇ ਦੋ ਵਿਅਕਤੀਆਂ ਨਾਲ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 7 ਵਿਅਕਤੀਆਂ ਖਿਲਾਫ 406, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ ਯੂ ਆਈ ਡੀ 14961 ਮਿਤੀ 11 ਅਗਸਤ 2022 ਤੇ 361 ਡੀ ਪੀ ਆਈ ਐੱਸ ਪੀ ਐੱਲ ਮਿਤੀ 21 ਅਗਸਤ 2022 ਕੁਮਾਰ ਵੈਸ਼ਨੂੰ ਢਾਂਬਾ ਕੈਂਟ ਫਿਰੋਜ਼ਪੁਰ ਰਾਹੀਂ ਪ੍ਰਿਥੀ ਲਾਲ ਪਾਂਡੇ ਪੁੱਤਰ ਸਕਲਦੀਪ ਪਾਂਡੇ ਵਾਸੀ ਸਾਯਮ ਵਿਲਾ ਗਰੀਨ ਨਵਾਂ ਨੋਇਡਾ, ਅਹਿਮਦਾਬਾਦ (ਗੁਜਰਾਤ) ਨੇ ਦੱਸਿਆ ਕਿ ਦੋਸ਼ੀਆਨ ਦੀਪ ਮੋਰ ਪੁੱਤਰ ਸੁਰਿੰਦਰ ਸਿੰਘ, ਮਨੀਸ਼ ਮੋਰ ਪੁੱਤਰ ਸੁਰਿੰਦਰ ਸਿੰਘ ਵਾਸੀਅਨ ਨੇੜੇ ਟਰਾਂਸਫਾਰਮ ਲਾਰਸੋਲੀ ਸੋਨੀਪਤ (ਹਰਿਆਣਾ), ਰਾਧੇ ਸ਼ਾਮ ਪੁੱਤਰ ਚੰਦਰ ਭਾਨ ਸਿੰਘ ਵਾਸੀ ਨੇੜੇ ਗੁੱਗਾ ਮੈਡੀ ਸਾਇਨੀਕ ਠਨੇੜੇ ਬਬਾਯਲ ਅੰਬਾਲਾ ਕੈਂਟ, ਨਵੀਨ ਕੁਮਾਰ ਪੁੱਤਰ ਰਾਜੀਵ ਕੁਮਾਰ ਵਾਸੀ ਸ/ਓ ਅਮਿਤ ਕੁਮਾਰ ਪਾਇਲਟ ਪਲਾਟ ਨੰਬਰ 111-ਏ ਦਵਾਰਕਾ ਬਲਾਕ ਨਵੀਂ ਦਿੱਲੀ, ਸੰਦੀਪ ਪਿਆਸੀ ਪੁੱਤਰ ਮਹਿੰਦਰ ਪ੍ਰਸਾਦ ਪਿਆਸੀ ਵਾਸੀ ਲੱਕੀ ਗਾਰਡਨ ਨੇੜੇ ਪਾਰਸ ਨਗਰ ਬਬਯਾਲ ਅੰਬਾਲਾ ਕੈਂਟ, ਇੰਦਰਦੀਪ ਸਿੰਘ ਐੱਮ ਡੀ ਪੁੱਤਰ ਜਸਵਿੰਦਰ ਸਿੰਘ ਵਾਸੀ 123101 ਨੇੜੇ ਕੋਚਰ ਮਾਰਕੀਟ ਏਰੀਆ ਮਾਡਲ ਗ੍ਰਾਮ ਡਵੀਜ਼ਨ 5 ਪੁਲਸ ਕਮਿਸ਼ਨਰੇਟ ਲੁਧਿਆਣਾ ਤੇ ਬਸੰਤੀ ਦੇਵੀ ਨੈਸ਼ਨਲ ਆਈ ਡੀ 959122515597 ਨੇ ਹਮ-ਮਸ਼ਵਰਾ ਹੋ ਕੇ ਪ੍ਰਾਰਥੀ ਨਾਲ 21 ਲੱਖ ਰੁਪਏ ਪਰੋਜੋਨ ਕੰਪਨੀ ਦੇ ਨਾਮ 'ਤੇ ਅਤੇ 2 ਲੱਖ 50 ਹਜ਼ਾਰ ਰੁਪਏ ਨਵੀਨ ਕੁਮਾਰ ਪੁੱਤਰ ਰਾਜੀਵ ਕੁਮਾਰ ਵੱਲੋਂ ਉਧਾਰ ਲੈ ਕੇ ਠੱਗੀ ਮਾਰੀ ਹੈ। ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਪੜਤਾਲ ਉਪਰੰਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਭਾਕਿਯੂ (ਏਕਤਾ) ਸਿੱਧੂਪੁਰ ਦਾ ਧਰਨਾ 17ਵੇਂ ਦਿਨ ਨੂੰ ਟੱਪਿਆ



**ਮਾਨਸਾ (ਪਰਮਦੀਪ ਰਾਣਾ)**-ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੀ ਅਗਵਾਈ ਵਿੱਚ ਜੁਝਾਰੂ ਲੋਕਾਂ ਦਾ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਚੱਲ ਰਿਹਾ ਧਰਨਾ ਸਤਾਰਵੇਂ ਦਿਨ ਵੀ ਜਾਰੀ ਰਿਹਾ, ਪਰ ਸਰਕਾਰ ਵੱਲੋਂ ਲਗਾਤਾਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਅਤੇ ਇਸ ਇਕੱਠ ਵਿੱਚ ਵੱਡੀ ਗਿਣਤੀ ਵਿੱਚ ਕਿਰਤੀ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਸੱਤਾ ਦੇ ਨਸ਼ੇ ਵਿੱਚ ਕਿਰਤੀ ਲੋਕਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ, ਪਰ ਸੰਘਰਸ਼ੀ ਲੋਕ ਆਪਣੇ ਹੱਕਾਂ ਨੂੰ ਲੈ ਕੇ ਜਾਗ ਪਏ ਹਨ ਅਤੇ ਮੰਗਾਂ ਦੀ ਪੂਰਤੀ ਤੱਕ ਟਿਕ ਕੇ ਘਰ ਨਹੀਂ ਬੈਠਣਗੇ। ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਮੰਗ ਕੀਤੀ ਕਿ ਸਰਕਾਰ ਜਲਦ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈੱਡ ਐਂਟਰੀਆਂ ਬੰਦ ਕਰੇ, ਗੁਲਾਬੀ ਸੁੰਡੀ ਤੇ ਚਿੱਟੇ ਮੱਛਰ ਨਾਲ ਨੁਕਸਾਨੇ ਨਰਮੇ ਦਾ ਮੁਆਵਜ਼ਾ, ਬੇ-ਮੌਸਮੀ ਬਰਸਾਤ ਕਾਰਨ ਹੋਏ ਫਸਲੀ ਨੁਕਸਾਨ ਤੇ ਢਹੇ ਘਰਾਂ ਦੀ ਗਿਰਦਾਵਰੀ ਕਰਵਾ ਕੇ ਯੋਗ ਮੁਆਵਜ਼ਾ ਦੇਣ ਦਾ ਪ੍ਰਬੰਧ ਕਰੇ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਸਰਕਾਰ ਰੈੱਡ ਐਂਟਰੀਆਂ ਲਾਉਣਾਂ ਬੰਦ ਨਹੀਂ ਕਰਦੀ ਤਾਂ ਜਥੇਬੰਦੀ ਵੱਲੋਂ ਉਸ ਦਾ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਦੇਵ ਸਿੰਘ ਭੈਣੀ ਬਾਘਾ, ਜਗਦੇਵ ਸਿੰਘ ਕੋਟਲੀ, ਰਾਜ ਸਿੰਘ ਖਾਰਾ, ਲਾਭ ਸਿੰਘ ਬੁਰਜ, ਬਲਵਿੰਦਰ ਸਿੰਘ, ਗੁਰਮੇਲ ਸਿੰਘ ਚਕੇਰੀਆਂ, ਗੁਰਵਿੰਦਰ ਸਿੰਘ ਰਾਠੀ, ਮਿੱਠੂ ਸਿੰਘ ਪੇਰੋਂ, ਰੂਪ ਸ਼ਰਮਾ, ਲਾਭ ਸਿੰਘ ਖਿਆਲਾ ਆਦਿ ਨੇ ਸੰਬੋਧਨ ਕੀਤਾ।

# ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਪ੍ਰਭਾਤ ਫੇਰੀਆਂ ਦਾ ਦੌਰ ਜਾਰੀ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਗੁਰਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੂਲਟ ਲੌਂਗੋਵਾਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਪ੍ਰਭਾਤ ਫੇਰੀਆਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ ਤੇ ਮਹਾਨ ਨਗਰ ਕੀਰਤਨ ਅਤੇ ਢਾਡੀ ਦਰਬਾਰ ਕਰਵਾਇਆ ਜਾਵੇਗਾ।



ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਜੰਟ ਸਿੰਘ ਤੇ ਪੂਰਨ ਸਿੰਘ ਦੂੱਲਟ ਨੇ ਦੱਸਿਆ ਕਿ ਇਹ ਪ੍ਰਭਾਤ ਫੇਰੀਆਂ 26 ਅਕਤੂਬਰ ਤੋਂ ਸ਼ੁਰੂ ਹੋ ਚੁੱਕੀਆਂ ਹਨ, ਜੋਕਿ 7 ਨਵੰਬਰ ਤੱਕ ਜਾਰੀ ਰਹਿਣਗੀਆਂ ਤੇ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸੰਗਤਾਂ ਸ਼ਰਧਾਪੂਰਵਕ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਭਾਤ ਫੇਰੀਆਂ ਦੌਰਾਨ ਕੀਰਤਨ ਦੀ ਸੇਵਾ ਬਾਬਾ ਕੁਲਵੰਤ ਸਿੰਘ ਦੇ ਜਥੇ ਵੱਲੋਂ ਕੀਤੀ ਜਾ ਰਹੀ ਹੈ ਤੇ ਅਗਾਮੀ 8 ਨਵੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਵਿਸ਼ਾਲ ਨਗਰ ਕੀਰਤਨ ਵੀ ਸਜਾਇਆ ਜਾਵੇਗਾ ਤੇ 9 ਨਵੰਬਰ ਨੂੰ ਦਿਨ ਸਮੇਂ ਦੀਵਾਨ ਸਜਾਏ ਜਾਣਗੇ ਅਤੇ ਇਸ ਦੌਰਾਨ ਸਵੇਰੇ 10 ਤੋਂ 12 ਵਜੇ ਤੱਕ ਦਸਤਾਰ ਤੇ ਲੰਮੇ ਕੇਸ ਮੁਕਾਬਲੇ ਵੀ ਕਰਵਾਏ ਜਾਣਗੇ ਅਤੇ 10 ਨਵੰਬਰ ਨੂੰ ਆਸਾ ਕੀ ਵਾਰ ਸਵੇਰੇ 5 ਤੋਂ 7 ਵਜੇ ਤੱਕ ਹੋਵੇਗਾ।

# 11 ਗਰੀਬ ਤੇ ਬੇਸਹਾਰਾ ਲੜਕੀਆਂ ਦੇ ਵਿਆਹ ਸੇਵਾ ਭਾਵਨਾ ਨਾਲ ਕੀਤੇ ਜਾਣਗੇ : ਬਾਬਾ ਹਰਜਿੰਦਰ ਸਿੰਘ



ਬਾਬਾ ਹਰਜਿੰਦਰ ਸਿੰਘ ਤੇ ਹੋਰ ਪਤਵੰਤੇ ਸਮਾਗਮ ਸਬੰਧੀ ਪੋਸਟਰ ਜਾਰੀ ਕਰਦੇ।

**ਜਲਾਲਾਬਾਦ (ਜੀਤ ਕੁਮਾਰ)**

ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ ਫਿਰੋਜਸ਼ਾਹ (ਰਜਿ.) ਵੱਲੋਂ ਸੱਚ ਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ 11 ਗਰੀਬ ਤੇ ਬੇਸਹਾਰਾ ਲੜਕੀਆਂ ਦੀਆਂ ਸਮੂਹਕ ਸ਼ਾਦੀਆਂ 4 ਦਸੰਬਰ 2022 ਨੂੰ ਪਿੰਡ ਫਿਰੋਜਸ਼ਾਹ ਵਿਖੇ ਬੜੀ ਹੀ ਸ਼ਰਧਾ ਭਾਵਨਾ ਨਾਲ ਕਰਨ ਲਈ ਹੋਣ ਜਾ ਰਹੇ 19ਵੇਂ ਸਾਲਾਨਾ ਧਾਰਮਿਕ ਸਮਾਗਮ ਦੇ ਸਬੰਧ ਵਿੱਚ ਡਾ. ਬਹਾਲ ਚੰਦ ਕਲੀਨਿਕ ਜਲਾਲਾਬਾਦ ਵਿਖੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫਿਰੋਜਸ਼ਾਹ ਵੱਲੋਂ ਇਥੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪੋਸਟਰ ਜਾਰੀ ਕੀਤਾ ਗਿਆ ਤੇ ਇਸ ਸਮਾਗਮ ਸਬੰਧੀ ਮੀਟਿੰਗ ਕਰਕੇ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਬਾਬਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਲੜਕੀਆਂ ਦੀਆਂ ਸ਼ਾਦੀਆਂ ਕਰਨ ਵਾਲੇ ਲੋੜਵੰਦ ਮਾਤਾ-ਪਿਤਾ 1 ਨਵੰਬਰ ਤੋਂ 25 ਨਵੰਬਰ 2022 ਤੱਕ ਆਪਣੇ ਨਾਮ ਦਰਜ ਕਰਵਾ ਸਕਦੇ ਹਨ। ਲੜਕੀ ਦੀ ਉਮਰ 18 ਸਾਲ ਹੋਣੀ ਚਾਹੀਦੀ ਹੈ। ਸਮਾਗਮ ਦੇ ਦੌਰਾਨ ਸਮੂਹਿਕ ਅਨੰਦ ਕਾਰਜ ਕਰਨ ਸਮੇਂ ਵਿਆਹ ਵਾਲੀਆਂ ਲੜਕੀਆਂ ਨੂੰ ਲੋੜੀਂਦਾ ਦਾਜ ਰੂਪੀ ਸਾਮਾਨ ਜਿਵੇਂ ਕਿ ਪੇਟੀ, ਬੈੱਡ, ਬਿਸਤਰੇ, ਕੁਰਸੀਆਂ, ਮੇਜ, ਮੰਜਿਆਂ ਦਾ ਜੋੜਾ, ਸਟੈਂਡ ਵਾਲਾ ਪੱਖਾ, ਲੜਕੇ ਨੂੰ ਘੜੀ, ਲੜਕੀ ਨੂੰ ਪਜੇਬਾਂ ਤੇ ਸੂਟ ਕੱਪੜੇ ਆਦਿ ਵੀ ਦਿੱਤੇ ਜਾਣਗੇ। ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਨੇ ਉਕਤ ਲੋੜਵੰਦ ਲੜਕੀਆਂ ਦੇ ਵਿਆਹ ਕਰਨ ਵਿੱਚ ਇਲਾਕਾ ਵਾਸੀਆਂ ਨੂੰ ਸਹਿਯੋਗ ਕਰਨ ਦਾ ਸੰਦੇਸ਼ ਦਿੱਤਾ ਤਾਂ ਜੋ ਇਸ ਧਾਰਮਿਕ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨਵਾਲਾ, ਸੁਰਿੰਦਰ ਜੈਲਦਾਰ, ਸਾਬਕਾ ਸਰਪੰਚ ਸਤਨਾਮ ਸਿੰਘ ਫਲੀਆਂਵਾਲਾ, ਹੈਪੀ ਸੀਬੇਵਾਲਾ, ਬੱਬੂ ਢੰਡੀਆਂ, ਜਗਮੀਤ ਕੜਾਹੀ ਪੰਨੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਲਾਲਾਬਾਦ ਦੀ ਐੱਸ.ਐੱਮ.ਸੀ. ਦੇ ਚੇਅਰਮੈਨ ਇਕਬਾਲ ਸਿੰਘ ਨਾਇਰ, ਮਨੂੰ ਛਾਬੜਾ ਆਦਿ ਮੌਜੂਦ ਸਨ।

# ਸਮਾਜ ਸੇਵਕ ਤਰਸੇਮ ਸਟਾਰ ਤੇ ਉਨ੍ਹਾ ਦੀ ਜੀਵਨ ਸਾਥਣ ਦੀ ਸੜਕ ਹਾਦਸੇ 'ਚ ਮੌਤ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਮੰਡੀ ਕਾਲਾਂਵਾਲੀ ਦੇ ਸਮਾਜ ਸੇਵਕ ਤੇ ਨਗਰ ਪਾਲਕਾ ਦੇ ਸਾਬਕਾ ਪ੍ਰਧਾਨ ਤਰਸੇਮ ਬਾਂਸਲ ਉਰਫ਼ ਤਰਸੇਮ ਸਟਾਰ ਅਤੇ ਉਨ੍ਹਾਂ ਦੀ ਪਤਨੀ ਦੀ ਬਠਿੰਡਾ ਤੋਂ ਆਉਂਦੇ ਸਮੇਂ ਰਸਤੇ ਵਿੱਚ ਕਾਰ ਦੇ ਇੱਕ ਦਰੱਖਤ ਨਾਲ ਟਕਰਾਉਣ ਕਾਰਨ ਮੌਤ ਹੋ ਗਈ, ਜਦਕਿ ਉਨ੍ਹਾਂ ਦੀ ਬੇਟੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਤਰਸੇਮ ਸਟਾਰ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪਰਵਾਰਕ ਮੈਂਬਰਾਂ ਸਮੇਤ ਮੰਡੀ ਕਾਲਾਂਵਾਲੀ ਵਾਸੀਆਂ ਵਿੱਚ ਮਾਤਮ ਛਾਅ ਗਿਆ। ਦੱਸਿਆ ਜਾ ਰਿਹਾ ਹੈ ਕਿ ਸਮਾਜ ਸੇਵਕ ਤਰਸੇਮ ਬਾਂਸਲ ਆਪਣੇ ਭਤੀਜੇ ਦੇ ਵਿਆਹ ਲਈ ਪਰਵਾਰ ਸਮੇਤ ਬਠਿੰਡਾ ਵਿਖੇ ਦੋ ਕਾਰਾਂ ਵਿੱਚ ਖਰੀਦਦਾਰੀ ਕਰਨ ਗਏ ਤੇ ਖਰੀਦਦਾਰੀ ਕਰਨ ਤੋਂ ਬਾਅਦ ਉਹ ਆਪਣੀ ਪਤਨੀ ਤੇ ਬੇਟੀ ਸਮੇਤ ਇੱਕ ਕਾਰ ਵਿੱਚ ਕਾਲਾਂਵਾਲੀ ਵੱਲ ਆ ਰਿਹਾ ਸੀ। ਇਸੇ ਦੌਰਾਨ ਰਫ਼ਤਾਰ ਤੇਜ਼ ਹੋਣ ਕਾਰਨ ਕਾਰ ਰਸਤੇ ਵਿੱਚ ਇੱਕ ਦਰੱਖਤ ਨਾਲ ਜ਼ੋਰਦਾਰ ਢੰਗ ਨਾਲ ਟਕਰਾ ਗਈ। ਘਟਨਾ ਤੋਂ ਬਾਅਦ ਤਰਸੇਮ ਬਾਂਸਲ ਤੇ ਉਸ ਦੀ ਪਤਨੀ ਦੀ ਥਾਂ 'ਤੇ ਹੀ ਮੌਤ ਹੋ ਗਈ। ਜਦਕਿ ਉਸ ਦੀ ਬੇਟੀ ਆਦਿਤੀ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਤੇ ਬਠਿੰਡਾ ਦੇ ਹਸਪਤਾਲ ਵਿੱਚ ਦਾਖਲ ਕੀਤਾ ਗਿਆ, ਜਿੱਥੇ ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮੰਡੀ ਕਾਲਾਂਵਾਲੀ ਵਾਸੀਆਂ ਨੇ ਦੱਸਿਆ ਕਿ ਸਾਬਕਾ ਨਗਰ ਕੌਂਸਲ ਪ੍ਰਧਾਨ ਤਰਸੇਮ ਬਾਂਸਲ ਦਾ ਸ਼ਹਿਰ ਦੇ ਹਰ ਵਰਗ ਨਾਲ ਬਹੁਤ ਪਿਆਰ ਸੀ। ਉਨ੍ਹਾਂ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸ਼ੁਭਚਿੰਤਕਾਂ ਦੀ ਵੱਡੀ ਭੀੜ ਉਨ੍ਹਾਂ ਦੇ ਪਰਵਾਰ ਨੂੰ ਦਿਲਾਸਾ ਦਿੰਦੇ ਹੋਏ ਉਨ੍ਹਾਂ ਦੇ ਅੰਤਮ ਸੰਸਕਾਰ ਵਿੱਚ ਸ਼ਾਮਲ ਹੋਈ।

# ਪੰਜਾਬ 'ਵਰਸਿਟੀ ਦੇ ਯੁਵਕ ਮੇਲੇ 'ਚ ਸਰਕਾਰੀ ਕਾਲਜ ਦਾ ਰਿਹਾ ਸ਼ਾਨਦਾਰ ਪ੍ਰਦਰਸ਼ਨ



ਯੁਵਕ ਮੇਲੇ ਦੌਰਾਨ ਵਿਦਿਆਰਥੀ ਕਾਲਜ ਸਟਾਫ਼ ਨਾਲ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਯੂਨੀਵਰਸਿਟੀ ਦੇ ਮੁਕਤਸਰ ਜ਼ੋਨ ਦਾ ਸਲਾਨਾ ਯੁਵਕ ਮੇਲਾ (ਯੂਥ-ਫੈਸਟੀਵਲ) 2022 ਦਸ਼ਮੇਸ਼ ਕਾਲਜ ਬਾਦਲ ਵਿਖੇ ਹੋਇਆ, ਜਿਸ ਵਿੱਚ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਸਤਵੰਤ ਕੌਰ ਦੀ ਅਗਵਾਈ ਹੇਠ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵੰਨਗੀਆਂ ਵਿੱਚ 26 ਇਨਾਮ ਜਿੱਤੇ, ਜਿਨ੍ਹਾਂ ਵਿੱਚ ਮੁਹਾਵਰੇਦਾਰ ਵਾਰਤਾਲਾਪ ਵਿੱਚ ਪਹਿਲਾ ਸਥਾਨ (ਵਿਅਕਤੀਗਤ ਪਹਿਲਾ ਸਥਾਨ : ਨਿਸ਼ਾ ਰਾਣੀ ਬੀਏਭਾਗ ਦੂਜਾ) ਟੋਕਰੀ ਬਣਾਉਣ ਦੇ ਮੁਕਾਬਲੇ ਵਿੱਚ (ਸਿਕੰਦਰ ਸਿੰਘ, ਬੀਏਭਾਗ ਦੂਜਾ) ਪਹਿਲਾ, ਸਥਾਨ, ਰੱਸਾ ਵੱਟਣ ਦੇ ਮੁਕਾਬਲੇ ਵਿੱਚ (ਜਸਵੀਰ ਸਿੰਘ, ਬੀਏ ਭਾਗ ਪਹਿਲਾ) ਪਹਿਲਾ ਸਥਾਨ, ਮਹਿੰਦੀ ਵਿੱਚ (ਮੀਨਾ ਬੀਏ ਭਾਗ ਦੂਜਾ) ਪਹਿਲਾ ਸਥਾਨ, ਮਿੱਟੀ ਦੇ ਖਿਡੌਣੇ ਵਿੱਚ (ਹੀਨਾ, ਬੀ.ਏ ਭਾਗ ਦੂਜਾ) ਪਹਿਲਾ ਸਥਾਨ, ਭੰਡ ਪਹਿਲਾ ਸਥਾਨ (ਵਿਅਕਤੀਗਤ ਪਹਿਲਾ ਸਥਾਨ : ਕੁਲਵਿੰਦਰ ਸਿੰਘ ਬੀ.ਏ ਭਾਗ ਦੂਜਾ) ਤਬਲਾ ਪਹਿਲਾ ਸਥਾਨ (ਮਨਪ੍ਰੀਤ ਸਿੰਘ ਬੀਏ ਭਾਗ ਪਹਿਲਾ) ਇਸ ਦੇ ਨਾਲ ਹੀ ਲੁੱਡੀ (ਲੜਕੀਆਂ) ਦੂਜਾ ਸਥਾਨ, ਨਾਲਾਮੇਕਿੰਗ (ਜਸ਼ਨਪ੍ਰੀਤ ਕੌਰ ਬੀਏ ਭਾਗ ਦੂਜਾ) ਦੂਜਾ ਸਥਾਨ, ਸਕਿੱਟ ਵਿੱਚ ਵਿਅਕਤੀਗਤ ਦੂਜਾ ਸਥਾਨ, (ਨਿਸਾਠਾ) ਭੰਗੜੇ ਵਿੱਚ ਵਿਅਕਤੀਗਤ ਦੂਜਾ ਸਥਾਨ, (ਅਰਸ਼ਪ੍ਰੀਤ ਸਿੰਘ, ਬੀਏ ਭਾਗ ਤੀਜਾ), ਭੰਗੜਾ ਤੀਜਾ ਸਥਾਨ, ਨਾਟਕ ਤੀਜਾ ਸਥਾਨ, ਕਲੀ ਗਾਇਨ ਤੀਜਾ ਸਥਾਨ, ਪੀੜੀ ਮੇਕਿੰਗ (ਅਰਸ਼ਦੀਪ ਸਿੰਘ ਬੀਏ ਭਾਗ ਦੂਜਾ) ਤੀਜਾ ਸਥਾਨ, ਕਵਿਤਾ ਉਚਾਰਣ (ਕੋਮਲ ਬੀਏ ਭਾਗ ਪਹਿਲਾ) ਤੀਜਾ ਸਥਾਨ, ਵਿਰਾਸਤੀ ਕੁਇਜ਼ ਤੀਜਾ ਸਥਾਨ, ਕਵਿਤਾ ਲੇਖਣ (ਹਰਪ੍ਰੀਤ ਸਿੰਘ, ਪੀਜੀਡੀਸੀਏ) ਤੀਜਾ ਸਥਾਨ, ਪੋਸਟਰ ਮੇਕਿੰਗ ਵਿੱਚ (ਗੁਰਸਾਹਿਬ ਸਿੰਘ, ਬੀਏਭਾਗ ਦੂਜਾ) ਤੀਜਾ ਸਥਾਨ, ਫੁਲਕਾਰੀ (ਸੁਮਨਦੀਪ ਕੌਰ ਪੀਜੀਡੀਸੀਏ) ਤੀਜਾ ਸਥਾਨ, ਦਸੂਤੀ (ਕਿਰਨਦੀਪ ਕੌਰ, ਬੀ.ਕਾਮ ਭਾਗ ਤੀਜਾ) ਤੀਜਾ ਸਥਾਨ, ਸਲਾਈਆਂ (ਵੀਰਪਾਲ ਕੌਰ ਬੀਏ ਭਾਗ ਦੂਜਾ) ਤੀਜਾ ਸਥਾਨ, ਨਾਟਕ ਵਿੱਚ ਵਿਅਕਤੀਗਤ ਤੀਜਾ ਸਥਾਨ (ਨਵਦੀਪ ਸਿੰਘ, ਬੀਏ ਭਾਗ ਦੂਜਾ) ਹਾਸਲ ਕੀਤਾ।

ਪ੍ਰਿੰਸੀਪਲ ਸਤਵੰਤ ਕੌਰ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਿਧਾਈ ਦਿੱਤੀ। ਪ੍ਰਦਰਸ਼ਨ ਦੀ ਸ਼ਲਾਘਾ ਕਰਦੇ ਹੋਇਆ ਪ੍ਰਿੰਸੀਪਲ ਸਤਵੰਤ ਕੌਰ ਨੇ ਕਿਹਾ ਕਿ ਸਾਡੀ ਸੰਸਥਾ ਵਿਦਿਆਰਥੀਆ ਦੇ ਰੌਸ਼ਨ ਭਵਿੱਖ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਸਿਹਰਾ ਸਾਰੇ ਮਿਹਨਤੀ ਟੀਮ ਇੰਚਾਰਜਾਂ ਦੇ ਸਿਰ 'ਤੇ ਹੈ।

# ਮੇਰਾ ਇੱਕ ਪੁੱਤ ਚਿੱਟੇ ਨਾਲ ਮਰ ਗਿਐ ਤੇ ਦੂਜੇ ਦੀ ਤਿਆਰੀ ਆ : ਅਰੂੜ ਸਿੰਘ

## ਕੈਬਨਿਟ ਮੰਤਰੀ ਸਰਾਰੀ ਨੂੰ ਧੰਨਵਾਦੀ ਦੌਰੇ ਸਮੇਂ ਲੋਕਾਂ ਸੁਣਾਈਆਂ ਖਰੀਆਂ-ਖਰੀਆਂ



ਪਿੰਡ ਚੁਪਾਤੀ ਵਿਖੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੇ ਧੰਨਵਾਦੀ ਦੌਰੇ ਸਮੇਂ ਨਸ਼ੇ ਸਬੰਧੀ ਬੋਲਦਾ ਹੋਇਆ ਪਿੰਡ ਵਾਸੀ ਅਰੂੜ ਸਿੰਘ।

**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ 'ਤੇ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਨੂੰ ਕੈਬਨਿਟ ਮੰਤਰੀ ਬਨਣ ਦਾ ਮਾਣ ਪ੍ਰਾਪਤ ਹੋਇਆ ਤਾਂ ਲੋਕਾਂ ਵਿੱਚ ਆਸ ਦੀ ਇੱਕ ਨਵੀਂ ਕਿਰਨ ਜਾਗੀ ਕਿ ਹੁਣ ਜਿੱਥੇ ਪੰਜਾਬ ਵਿੱਚੋਂ ਨੌਜਵਾਨਾਂ ਨੂੰ ਘੁਣ ਵਾਂਗ ਲੱਗੇ ਚਿੱਟੇ ਦੇ ਨਸ਼ੇ ਦਾ ਖਾਤਮਾ ਹੋਵੇਗਾ, ਉਥੇ ਖਾਸ ਕਰਕੇ ਹਲਕਾ ਗੁਰੂ ਹਰ ਸਹਾਏ ਤੇ ਇਸ ਦੇ ਨਾਲ ਲਗਦੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਲੋਕਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਹੋਣਗੇ। ਸਰਕਾਰ ਬਣੀ ਨੂੰ ਸੱਤ ਮਹੀਨਿਆਂ ਦੇ ਕਰੀਬ ਸਮਾਂ ਹੋ ਗਿਆ ਹੈ, ਪਰ ਇਸ ਸਰਹੱਦੀ ਖੇਤਰ ਵਿੱਚ ਨਸ਼ਿਆਂ ਦਾ ਬੋਲਬਾਲਾ ਪਹਿਲਾਂ ਤੋਂ ਵੀ ਜ਼ਿਆਦਾ ਹੈ, ਜਿਸ ਦੀ ਪ੍ਰਤੱਖ ਉਦਾਹਰਨ ਫੌਜਾ ਸਿੰਘ ਸਰਾਰੀ ਕੈਬਨਿਟ ਮੰਤਰੀ ਪੰਜਾਬ ਦੇ ਧੰਨਵਾਦੀ ਦੌਰੇ ਸਮੇਂ ਬਲਾਕ ਮਮਦੋਟ ਦੇ ਪਿੰਡ ਚਪਾਤੀ ਵਿਖੇ ਵੇਖਣ ਨੂੰ ਮਿਲੀ। ਹੋਇਆ ਇਸ ਤਰ੍ਹਾਂ ਕਿ ਕੈਬਨਿਟ ਮੰਤਰੀ ਪੰਜਾਬ ਫੌਜਾ ਸਿੰਘ ਸਰਾਰੀ ਵੱਲੋਂ ਆਪਣੇ ਸਮਰਥਕਾਂ ਤੇ ਅਫਸਰ ਸਾਹਿਬਾਨਾਂ ਨੂੰ ਨਾਲ ਲੈ ਕੇ ਆਪਣੇ ਹਲਕੇ ਦੇ ਪਿੰਡਾਂ ਵਿੱਚ ਧੰਨਵਾਦੀ ਦੌਰਾ ਕੀਤਾ ਜਾ ਰਿਹਾ ਸੀ ਤੇ ਇਸੇ ਦੇ ਚੱਲਦਿਆਂ ਜਦ ਉਹ ਬਲਾਕ ਮਮਦੋਟ ਅਧੀਨ ਆਉਂਦੇ ਹਲਕਾ ਗੁਰੂ ਹਰਸਹਾਏ ਦੇ ਪਿੰਡ ਚਪਾਤੀ ਪਹੁੰਚੇ ਤਾਂ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਗ਼ਰੀਬ ਤੇ ਮੱਧ ਵਰਗ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪਿਛਲੇ ਰਵਾਇਤੀ ਲੀਡਰਾਂ ਵਾਂਗ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਉੱਪਰ ਅਰਬਾਂ ਰੁਪਏ ਦਾ ਕਰਜ਼ਾ ਥੋਪਿਆ ਗਿਆ ਸੀ, ਇਸ ਕਰਕੇ ਪੰਜਾਬ ਨੂੰ ਲੀਹ 'ਤੇ ਲਿਆਉਣ ਲਈ ਅਜੇ ਟਾਈਮ ਲੱਗੇਗਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਲੋਕਾਂ ਦਾ ਭਵਿੱਖ ਸੁਨਹਿਰਾ ਬਣੇਗਾ। ਕੈਬਨਿਟ ਮੰਤਰੀ ਦਾ ਭਾਸ਼ਣ ਸੁਣਨ ਉਪਰੰਤ ਸਮੂਹ ਅਫ਼ਸਰ ਸਾਹਿਬਾਨ ਦੀ ਮੌਜੂਦਗੀ ਵਿੱਚ ਪਿੰਡ ਦੇ ਕੁਝ ਲੋਕਾਂ ਨੇ ਸਟੇਜ ਉੱਪਰ ਬੋਲਦਿਆਂ ਆਖਿਆ ਕਿ ਸਰਾਰੀ ਸਾਹਿਬ ਤੁਸੀਂ ਪੰਜਾਬ ਵਿੱਚ ਨਸ਼ਾ ਖਤਮ ਕਰਨ ਨੂੰ ਲੈ ਕੇ ਸਰਕਾਰ ਬਣਾਈ ਸੀ, ਪਰ ਇਸ ਇਲਾਕੇ ਵਿੱਚ ਨਸ਼ਾ ਤੇ ਪਹਿਲਾਂ ਦੇ ਮੁਕਾਬਲੇ ਹੋਰ ਵਧਦਾ ਜਾ ਰਿਹਾ ਹੈ, ਜਿਸ ਨਾਲ ਰੋਜ਼ਾਨਾ ਹੀ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਰਹੇ ਹਨ। ਪਿੰਡ ਚਪਾਤੀ ਦੇ ਵਿਅਕਤੀ ਅਰੂੜ ਸਿੰਘ ਨੇ ਕੈਬਨਿਟ ਮੰਤਰੀ ਦੇ ਸਾਹਮਣੇ ਖੜੇ ਹੋ ਕੇ ਭਰੇ ਮਨ ਨਾਲ ਕਿਹਾ ਕਿ ਮੇਰਾ ਇੱਕ ਬੱਚਾ ਤਾਂ ਚਿੱਟੇ ਨਾਲ ਖਤਮ ਹੋ ਗਿਆ ਹੈ ਤੇ ਦੂਜਾ ਜਾਣ ਦੀ ਤਿਆਰੀ ਵਿੱਚ ਹੈ ਅਤੇ ਪਿੰਡ ਚਪਾਤੀ ਸਮੇਤ ਆਸ-ਪਾਸ ਦੇ ਪਿੰਡਾਂ ਵਿੱਚ ਨਸ਼ਾ ਸ਼ਰੇਆਮ ਵਿਕਦਾ ਹੈ ਤੇ ਸਭ ਨੂੰ ਪਤਾ ਹੈ ਕਿ ਕੌਣ ਕੌਣ ਵੇਚਦਾ ਹੈ। ਉਸ ਦੀ ਇਹ ਗੱਲ ਸੁਣਦਿਆਂ ਹੀ ਆਸ-ਪਾਸ ਖੜੇ ਮੁਲਾਜ਼ਮ ਹੱਕੇ ਬੱਕੇ ਰਹਿ ਗਏ।

ਇਸ ਮੌਕੇ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਹੁਣ ਪੁਲਸ ਵੱਲੋਂ ਵੱਡੇ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ, ਜਿਸ ਨਾਲ ਚਿੱਟੇ ਵਰਗੇ ਨਸ਼ੇ ਦੀ ਸਪਲਾਈ ਲਾਈਨ ਤੋੜਨ ਵਿੱਚ ਸਫ਼ਲਤਾ ਮਿਲ ਰਹੀ ਹੈ। ਉਨ੍ਹਾ ਕਿਹਾ ਕਿ ਹਰ ਕੰਮ ਕਰਨ ਲਈ ਸਮਾਂ ਲੱਗਦਾ ਹੈ ਤੇ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸਾਡੀ ਸਾਰੀ ਟੀਮ ਪੰਜਾਬ ਵਿੱਚੋਂ ਨਸ਼ਾ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਵਚਨਬੱਧ ਹੈ ਤੇ ਬਹੁਤ ਜਲਦੀ ਪੰਜਾਬ ਨਸ਼ਾ ਮੁਕਤ ਹੋਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਵੜੈਚ ਬੀਡੀਪੀਓ ਮਮਦੋਟ, ਬਚਨ ਸਿੰਘ ਐੱਸ ਐੱਚ ਓ ਲੱਖੋ ਕੇ ਬਹਿਰਾਮ, ਸੀਨੀਅਰ ਆਗੂ ਅੰਗਰੇਜ਼ ਸਿੰਘ ਵਾਰਵਲ, ਕਾਮਰੇਡ ਹੰਸਾ ਸਿੰਘ ਪ੍ਰਧਾਨ ਬਾਰਡਰ ਸੰਘਰਸ਼ ਕਮੇਟੀ ਪੰਜਾਬ, ਰੇਸ਼ਮ ਸਿੰਘ ਸਰਪੰਚ ਹਜ਼ਾਰਾ ਸਿੰਘ ਵਾਲਾ, ਕੁਲਦੀਪ ਸਿੰਘ ਸੀਨੀਅਰ ਆਪ ਆਗੂ, ਬਲਵੰਤ ਸਿੰਘ ਨੰਬਰਦਾਰ ਜਤਾਲਾ, ਡਾ. ਸੁਖਬੀਰ ਸਿੰਘ ਸੀਨੀਅਰ ਆਗੂ ਆਪ, ਸੁਖਵਿੰਦਰ ਸਿੰਘ ਸਰਪੰਚ ਘੋੜਾ ਚੱਕ ਆਦਿ ਹਾਜ਼ਰ ਸਨ।

# ਗੁਰੂ ਨਾਨਕ ਸਰਾਏ ਨੂੰ ਖਾਲੀ ਕਰਾਉਣ ਲਈ ਮਰਨ ਵਰਤ ਜਾਰੀ



**ਸੰਗਰੂਰ (ਪ੍ਰਵੀਨ)**-ਮਹਾਂਬੀਰ ਚੌਕ ਵਿਖੇ ਬਣੀ ਗੁਰੂ ਨਾਨਕ ਸਰਾਏ ਜਿਹੜੀ ਕਿ ਮੁਸਾਫਿਰਾਂ ਦੇ ਠਹਿਰਨ ਲਈ ਬਣਾਈ ਗਈ ਸੀ, ਉਥੇ ਪਿਛਲੇ ਲੰਮੇਂ ਸਮੇਂ ਤੋਂ ਨਸ਼ਾ ਛੁਡਾਊ ਕੇਂਦਰ ਦੇ ਨਾਂਅ 'ਤੇ ਇਸ ਸਰਾਏਂ 'ਤੇ ਕਬਜ਼ਾ ਜਮਾਇਆ ਹੋਇਆ ਹੈ। ਇਸ ਸਰਾਏ ਨੂੰ ਸਿਵਲ ਹਸਪਤਾਲ ਸੰਗਰੂਰ ਤੇ ਹੋਮੀ ਭਾਬਾ ਕੈਂਸਰ ਹਸਪਤਾਲ ਵਿੱਚ ਇਲਾਜ ਕਰਾਉਣ ਆ ਰਹੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਠਹਿਰਨ ਲਈ ਸਭ ਤੋਂ ਨੇੜੇ ਅਤੇ ਢੁਕਵੀਂ ਥਾਂ ਹੈ। ਇਸ ਸਰਾਏ ਨੂੰ ਖਾਲੀ ਕਰਾਉਣ ਲਈ ਪਿਛਲੇ ਲੰਮੇਂ ਸਮੇਂ ਤੋਂ ਲੋਕ ਭਲਾਈ ਸੰਘਰਸ਼ ਸੁਸਾਇਟੀ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਭਿੰਡਰ ਤੇ ਨੋਬਲ ਹੈਲਪਿੰਗ ਹੈਂਡਜ਼ ਫਾਊਂਡੇਸ਼ਨ ਦੇ ਆਗੂ ਸਤਿੰਦਰ ਸੈਣੀ ਦੀ ਅਗਵਾਈ ਹੇਠ ਚੱਲ ਰਿਹਾ ਮਰਨ ਵਰਤ ਸ਼ੁਰੂ ਕੀਤਾ ਹੋਇਆ, ਜਿਹੜਾ ਅੱਜ 7ਵੇਂ ਦਿਨ ਵਿੱਚ ਸ਼ਾਮਲ ਹੋ ਗਿਆ ਹੈ। ਅਜੇ ਤੱਕ ਪ੍ਰਸ਼ਾਸਨਕ ਅਧਿਕਾਰੀਆਂ ਜਾਂ ਰਾਜਨੀਤਕ ਸੱਤਾਧਾਰੀ ਪਾਰਟੀ ਵੱਲੋਂ ਇਨ੍ਹਾਂ ਮਰਨ ਵਰਤ 'ਤੇ ਬੈਠੇ ਵਿਅਕਤੀਆਂ ਦੀ ਕੋਈ ਗੱਲ ਸੁਣੀ ਨਹੀਂ ਗਈ। ਇਹ ਸੰਘਰਸ਼ ਦਿਨ ਪ੍ਰਤੀ ਦਿਨ ਜ਼ੋਰ ਫੜਦਾ ਜਾ ਰਿਹਾ ਹੈ। ਫਰੀਡਮ ਫਾਇਟਰ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਹਰਿੰਦਰ ਸਿੰਘ ਖਾਲਸਾ ਨੇ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਸ਼ਾ ਛੁਡਾਊ ਕੇਂਦਰ ਦੀ ਆੜ ਵਿੱਚ ਗੁਰੂ ਨਾਨਕ ਸਰਾਏ 'ਤੇ ਕਬਜ਼ਾ ਜਮਾਈ ਬੈਠੇ ਲੋਕਾਂ ਪਾਸ ਸਿਰਫ ਦੋ ਮਰੀਜ਼ ਦਾਖਲ ਹਨ, ਜਦੋਂਕਿ ਇਸ ਸਰਾਏ ਦੀ ਕੰਧ ਦੇ ਪਰਲੇ ਪਾਸੇ ਸਿਵਲ ਹਸਪਤਾਲ ਸੰਗਰੂਰ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਜਿੱਥੇ ਮਾਹਰ ਡਾਕਟਰ ਡਿਊਟੀ ਦਿੰਦੇ ਹਨ, ਵਿਖੇ ਵੀ ਨਸ਼ਾ ਛੁਡਾਊ ਕੇਂਦਰ ਚੱਲ ਰਿਹਾ ਹੈ। ਫਿਰ ਇਸ ਸਰਾਏ 'ਤੇ ਅਣ-ਅਧਿਕਾਰਤ ਕਬਜ਼ਾ ਜਮਾ ਕੇ ਰੱਖਣ ਦਾ ਕੀ ਅਰਥ ਹੈ। ਉਨ੍ਹਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਰਨ ਵਰਤ 'ਤੇ ਬੈਠੇ ਇਨ੍ਹਾਂ ਦੋਵੇਂ ਵਿਅਕਤੀਆਂ ਵਿੱਚੋਂ ਕਿਸੇ ਨੂੰ ਕੋਈ ਸਰੀਰਕ ਜਾਂ ਜਾਨੀ ਨੁਕਸਾਨ ਹੋਇਆ ਤਾਂ ਉਸ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਫਤਿਹ ਪ੍ਰਭਾਕਰ, ਕ੍ਰਿਸ਼ਨ ਪੂਰੀ, ਹਰਮੇਲ ਸਿੰਘ, ਰਾਮ ਸਿੰਘ ਸੂਬੇਦਾਰ, ਬਲਜੀਤ ਸਿੰਘ, ਜਸਵੰਤ ਸਿੰਘ, ਗੁਰਬਚਨ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਸਮੱਰਥਕ ਹਾਜ਼ਰ ਸਨ।

page-6-28-Oct.-2022-(SM).qxd 10/27/2022 10:10 PM Page 1



# ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸਫਾਈ ਵਿਵਸਥਾ ਚਰਮਰਾਈ



ਸਿਰਸਾ (ਸੁਰਿੰਦਰ ਪਾਲ ਸਿੰਘ) ਸਫ਼ਾਈ ਕ੍ਰਮਚਾਰੀ ਆਪਣੀਆਂ ਮੰਗਾਂ ਨੂੰ ਲੈ ਕੇ ਕਈ ਦਿਨਾਂ ਤੋਂ ਧਰਨੇ ਅਤੇ ਹੜਤਾਲ 'ਤੇ ਹਨ, ਜਿਸ ਕਾਰਨ ਸ਼ਹਿਰ ਦੀ ਸਫਾਈ ਵਿਵਸਥਾ ਢਹਿ-ਢੇਰੀ ਹੋ ਗਈ ਹੈ। ਇਸੇ ਦੌਰਾਨ ਜਦੋਂ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਕੂੜਾ ਚੁੱਕਣ ਲਈ ਗੱਡੀ ਮੰਗਵਾਈ ਗਈ ਤਾਂ ਇਕੱਤਰ ਹੋਏ ਸਫ਼ਾਈ ਕ੍ਰਮਚਾਰੀਆਂ ਨੇ ਮੌਕੇ 'ਤੇ ਕੂੜਾ ਚੁੱਕਣ ਲਈ ਆਏ ਵਾਹਨ ਨੂੰ ਰੋਕ ਲਿਆ ਤੇ ਪ੍ਰਸਾਸ਼ਨ ਅਤੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਸਫ਼ਾਈ ਕ੍ਰਮਚਾਰੀਆਂ ਨੇ ਕਿਹਾ ਕਿ ਸਾਡੀਆਂ ਮੰਗਾਂ ਪੂਰੀਆਂ ਹੋਣ 'ਤੇ ਹੀ ਕੂੜਾ ਚੁੱਕਿਆ ਜਾਵੇਗਾ।

ਇਸ ਤੋਂ ਬਾਅਦ ਨਗਰ ਕੌਂਸਲ ਅਧਿਕਾਰੀ ਤੇ ਕੂੜੇ ਦਾ ਟਰੱਕ ਵਾਪਸ ਪਰਤ ਗਿਆ ਤੇ ਜ਼ਿਲ੍ਹਾ ਪ੍ਰਸਾਸਨ ਇੱਥੋਂ ਕੂੜਾ ਨਹੀਂ ਚੁੱਕ ਸਕਿਆ। ਸਿਰਸਾ ਵਿੱਚ ਮਿਊਂਸਪਲ ਕ੍ਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨੋਜ ਅਠਵਾਲ ਨੇ ਕਿਹਾ ਕਿ ਸਾਡੀ ਟੀਮ ਕੂੜੇ ਦੀ ਰਾਖੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਮੰਗਾਂ ਪੂਰੀਆਂ ਹੋਣ ਤੋਂ ਬਾਅਦ ਹੀ ਅਸੀਂ ਤੁਹਾਨੂੰ ਕੂੜਾ ਚੁੱਕਣ ਦੀ ਇਜਾਜ਼ਤ ਦੇਵਾਂਗੇ। ਉਨ੍ਹਾਂ ਕਿਹਾ ਕਿ ਸਫ਼ਾਈ ਕ੍ਰਮਚਾਰੀਆਂ ਦਾ ਦਿਨ-ਰਾਤ ਦਾ ਧਰਨਾ ਜਾਰੀ ਰਹੇਗਾ।

# ਛਾਤੀ ਦੇ ਕੈਂਸਰ ਦੀ ਜਾਂਚ ਸਬੰਧੀ ਸਟਾਫ਼ ਨੂੰ ਕਰਾਈ ਟ੍ਰੇਨਿੰਗ



ਮੋਗਾ (ਅਮਰਜੀਤ ਬੱਬਰੀ)=ਸਿਵਲ ਸਰਜਨ ਡਾ. ਐਸ.ਪੀ. ਸਿੰਘ ਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਰਾਜ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫ਼ਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਝੰਮਟ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਸਪਤਾਲ ਢੁੱਡੀਕੇ ਵਿਖੇ ਸਮੂਹ ਮੈਡੀਕਲ ਅਫ਼ਸਰ, ਐਲ.ਐਚ.ਵੀਜ਼, ਸੀ.ਐਚ.ਓਜ਼, ਏ.ਐਨ.ਐਮਜ਼ ਤੇ ਆਸ਼ਾ ਫੈਸਿਲੀਟੇਟਰਾਂ ਨੂੰ ਸਿਹਤ ਵਿਭਾਗ ਦੀ ਭਾਗੀਦਾਰ ਐਨ.ਜੀ.ਓ. ਸੰਸਥਾ ਨਿਰਮਾਈ ਹੈਲਥ ਕੇਅਰ ਦੇ ਸਟੇਟ ਕੋਆਰਡੀਨੇਟਰ ਸ਼੍ਰੀਮਤੀ ਤਰਨਜੀਤ ਕੌਰ ਵੱਲੋਂ ਛਾਤੀ ਦੇ ਕੈਂਸਰ ਦੀ ਜਾਂਚ ਸਬੰਧੀ ਟ੍ਰੇਨਿੰਗ ਕਰਾਈ ਗਈ।

ਇਸ ਮੌਕੇ ਬਲਾਕ ਐਜੂਕੇਟਰ ਲਖਵਿੰਦਰ ਸਿੰਘ ਤੇ ਸੀਨੀਅਰ ਮੈਡੀਕਲ ਅਫ਼ਸਰ ਰਾਜ ਕੁਮਾਰ ਵੀ ਮੌਜੂਦ ਸਨ। ਇਸ ਮੌਕੇ ਐਨ.ਜੀ.ਓ. ਸੰਸਥਾ ਨਿਰਮਾਈ ਹੈਲਥ ਕੇਅਰ ਦੇ ਸਟੇਟ ਕੋਆਰਡੀਨੇਟਰ ਸ਼੍ਰੀਮਤੀ ਤਰਨਜੀਤ ਕੌਰ ਨੇ ਕਿਹਾ ਕਿ ਜਿਨ੍ਹਾਂ ਵੀ ਔਰਤਾਂ ਦੀ ਛਾਤੀ ਵਿੱਚ ਦਰਦ, ਕੋਈ ਗੰਢ, ਕੋਈ ਰਿਸਾਵ ਜਾਂ ਛਾਤੀ ਵਿੱਚ ਕੋਈ ਵੀ ਹੋਰ ਪ੍ਰਾਬਲਮ ਹੈ, ਉਨ੍ਹਾਂ ਔਰਤਾਂ ਦੀ ਮੁਫ਼ਤ ਜਾਂਚ ਲਈ ਬਲਾਕ ਢੁੱਡੀਕੇ ਵਿੱਚ ਮੁਫਤ ਜਾਂਚ ਕੈਂਪ ਲਾਏ ਜਾਣਗੇ। ਜਾਂਚ ਦੌਰਾਨ ਜੇਕਰ ਕਿਸੇ ਵੀ ਔਰਤ ਨੂੰ ਛਾਤੀ ਦਾ ਕੈਂਸਰ ਦੇ ਲੱਛਣ ਪਾਏ ਜਾਂਦੇ ਹਨ ਉਸਦਾ ਮੁਫਤ ਇਲਾਜ ਕਰਾਇਆ ਜਾਵੇਗਾ।

# ਇਨਸਾਫ ਲੈਣ ਲਈ ਪੱਤਰਕਾਰ ਭਾਈਚਾਰਾ ਤੇ ਹਮਾਇਤੀ ਜਥੇਬੰਦੀਆਂ ਹੋਈਆਂ ਐੱਸ ਐੱਸ ਪੀ ਦਿਹਾਤੀ ਦਫਤਰ ਇਕੱਤਰ



ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ) ਬੀਤੇ ਦਿਨੀਂ ਜੰਡਿਆਲਾ ਗੁਰੂ ਵਿੱਚ ਪੱਤਰਕਾਰ ਜੀਵਨ ਸ਼ਰਮਾ ਨਾਲ ਜੋ ਗੁਰਜੀਤ ਸਿੰਘ ਵੱਲੋਂ ਗੁੰਡਾਗਰਦੀ ਕੀਤੀ ਗਈ ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਉਸ ਨੂੰ ਇਨਸਾਫ ਦਿਵਾਉਣ ਲਈ ਅੱਜ 27-10-2022 ਨੂੰ ਸਵੇਰੇ 11:30 ਵਜੇ ਵੱਖ ਵੱਖ ਪੱਤਰਕਾਰ ਯੂਨੀਅਨਾਂ ਦੇ ਆਗੂ ਅਤੇ ਹਮਾਇਤੀ ਜਥੇਬੰਦੀਆਂ ਦੇ ਆਗੂ ਐਸ ਐਸ ਪੀ ਦਫਤਰ ਅੰਮ੍ਰਿਤਸਰ ਦਿਹਾਤੀ ਇਕੱਠੇ ਹੋਏ। ਇਕੱਤਰ ਹੋਏ ਪੱਤਰਕਾਰਾਂ ਨੂੰ ਦੇਖ ਕੇ ਐਸ ਪੀ ਹੈਡਕੁਆਰਟਰ ਨੇ ਸੁਨੇਹਾ ਭੇਜਿਆ ਕੀ ਤੁਸੀਂ ਮੇਰੇ ਦਫਤਰ ਆ ਕੇ ਇੱਕ ਮੀਟਿੰਗ ਕਰ ਲਵੋ ਤਾਂ ਕੇ ਮਸਲੇ ਦਾ ਹੱਲ ਨਿਕਲ ਸਕੇ।

ਪੱਤਰਕਾਰ ਭਾਈਚਾਰੇ ਅਤੇ ਹਮਾਇਤੀ ਜਥੇਬੰਦੀਆਂ ਨੇ ਐਸ ਪੀ ਹੈਡਕੁਆਟਰ ਨਾਲ ਮੀਟਿੰਗ ਕੀਤੀ ਜਿਸ ਵਿੱਚ ਐੱਸ ਪੀ ਹੈਡਕੁਆਟਰ ਵੱਲੋਂ ਭਰੋਸਾ ਦਿਵਾਇਆ ਤੇ ਡੀ ਐਸ ਪੀ ਜੰਡਿਆਲਾ ਗੁਰੂ ਨੂੰ ਕਿਹਾ ਕਿ ਗੁਰਜੀਤ ਸਿੰਘ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮੀਟਿੰਗ ਤੋਂ ਬਾਅਦ ਪੱਤਰਕਾਰ ਭਾਈਚਾਰਾ ਇਕੱਠੇ ਹੋ ਕੇ ਡੀ ਐਸ ਪੀ ਜੰਡਿਆਲਾ ਗੁਰੂ ਨੂੰ ਮਿਲੇ।

ਡੀ.ਐਸ.ਪੀ ਨੇ ਪੱਤਰਕਾਰਾਂ ਦੀ ਗੱਲਬਾਤ ਸੁਣਦਿਆਂ ਕਿਹਾ ਕਿ ਇਸ ਮਸਲੇ ਦਾ ਜਲਦੀ ਤੋਂ ਜਲਦੀ ਹੱਲ ਕਰਵਾਇਆ ਜਾਵੇਗਾ ਤੇ ਗੁਰਜੀਤ ਸਿੰਘ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੱਤਰਕਾਰ ਭਾਈਚਾਰੇ ਨੇ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਸਾਨੂੰ ਇਨਸਾਫ ਨਹੀਂ ਦਿੰਦਾ ਤਾਂ ਅਸੀਂ ਅਗਲੇਰੀ ਮੀਟਿੰਗ ਕਰਕੇ ਤੇ ਜਥੇਬੰਦੀਆਂ ਨੂੰ ਨਾਲ ਲੈ ਇਕ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਉਸ ਸਮੇਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਬਲਬੀਰ ਸਿੰਘ ਮੂਧਲ, ਪੰਜਾਬ ਮੁਕਤੀ ਮੋਰਚਾ ਦੇ ਆਗੂ ਬਲਬੀਰ ਸਿੰਘ ਝਾਮਕਾ, ਕਰਾਂਤੀਕਾਰੀ ਪ੍ਰੈੱਸ ਕਲੱਬ ਪੰਜਾਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਫਰੀ, ਸੀਨੀਅਰ ਮੀਤ ਪ੍ਰਧਾਨ ਅਨਿਲ ਵਰਮਾ, ਜਗੀਰ ਸਿੰਘ ਭੋਗਪੁਰ ਜੁਆਇੰਟ ਸੈਕਟਰੀ, ਸੁਖਮਨ ਮੈਂਬਰ, ਰਿਪੋਟਰ ਐਸੋਸੀਏਸ਼ਨ ਪੰਜਾਬ ਦੇ ਸੈਕਟਰੀ ਜਤਿੰਦਰ ਸਿੰਘ ਸੋਢੀ, ਅੱਤਵਾਦੀ ਵਿਰੋਧੀ ਫਰੰਟ ਦੇ ਆਗੂ ਜਸਬੀਰ ਸਿੰਘ ਭੋਲਾ ਮਾਨਾਵਾਲਾ, ਗੁਰਪ੍ਰੀਤ ਕੌਰ ਆਮ ਆਦਮੀ ਪਾਰਟੀ ਵਾਇਸ ਪ੍ਰਧਾਨ ਮਹਿਲਾ ਵਿੰਗ ਜਲੰਧਰ, ਲੋਕ ਇਨਸਾਫ ਪ੍ਰੈੱਸ ਕਲੱਬ ਦੇ ਜਰਨਲ ਸਕੱਤਰ ਮਨਜੀਤ ਸਿੰਘ ਮਿੰਟੂ, ਸੰਦੀਪ ਸ਼ਰਮਾ, ਰਾਜਵੀਰ ਸਿੰਘ, ਨਿਰਮਲ ਸਿੰਘ ਮੱਲ੍ਹੀ, ਸਬੋਦ ਵਰਮਾ, ਮਨਦੀਪ ਸਿੰਘ ਅਜ਼ਾਦ ਪਹਿਰੇਦਾਰ ਅਖਬਾਰ, ਵਿਕਰਮਜੀਤ ਸਿੰਘ ਅੰਮਿਤਸਰ ਪ੍ਰਧਾਨ, ਪ੍ਰਧਾਨ ਗੋਲਡੀ, ਪੱਤਰਕਾਰ ਪਰਗਟ ਸਿੰਘ, ਅਸੀਸ ਲੱਕੀ ਮੌਜੂਦ ਹਨ

## ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵੱਲੋਂ ਡੇਰਾ ਮੁਖੀ ਦੀ ਪੈਰੋਲ ਦਾ ਜ਼ੋਰਦਾਰ ਵਿਰੋਧ

ਸਿਰਸਾ (ਸੁਰਿੰਦਰ ਪਾਲ ਸਿੰਘ) ਜਿਥੇ ਇਕ ਪਾਸੇ ਹਰਿਆਣਾ ਦੀ ਖੱਟਰ ਸਰਕਾਰ ਡੇਰਾ ਮੁਖੀ ਨੂੰ ਪੈਰੋਲ ਦੇਣ ਦੇ ਸੋਹਲੇ ਗਾ ਰਹੀ ਹੈ, ਉਥੇ ਹੀ ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਡੇਰਾ ਮੁਖੀ ਦੀ ਪੈਰੋਲ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਇਸ ਸੰਬਧੀ ਟਵਿੱਟਰ 'ਤੇ ਇਕ ਟਵੀਟ 'ਚ ਸਵਾਤੀ ਮਾਲੀਵਾਲ ਨੇ ਡੇਰਾ ਮੁਖੀ ਨੂੰ ਕਾਤਲ ਤੇ ਬਲਾਤਕਾਰੀ ਗਰਦਾਨਿਆ ਤੇ ਕਿਹਾ ਕਿ ਸ਼ਰਮ ਦੀ ਗੱਲ ਹੈ ਕਿ ਹਰਿਆਣਾ ਸਰਕਾਰ ਅਜਿਹੇ ਦੋਸ਼ੀ ਵਿਅਕਤੀ ਦੀ ਸ਼ਰਧਾ 'ਚ ਲੀਨ ਹੈ।

ਸਵਾਤੀ ਮਾਲੀਵਾਲ ਨੇ ਕਿਹਾ ਕਿ ਅਜਿਹੇ ਸੰਗੀਨ ਅਪਰਾਧੀ ਨੂੰ ਹਰਿਆਣਾ ਸਰਕਾਰ ਜਦੋਂ ਚਾਹੇ ਪੈਰੋਲ 'ਤੇ ਰਿਹਾਅ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੈਰੋਲ 'ਤੇ ਆ ਕੇ ਸਤਿਸੰਗ ਵਿੱਚ ਹਰਿਆਣਾ ਦੇ ਡਿਪਟੀ ਸਪੀਕਰ ਅਤੇ ਸੂਬੇ ਦੇ ਮੇਅਰ ਸ਼ਾਮਲ ਹੋਏ, ਜੋ ਸ਼ਰਮਨਾਕ ਵਰਤਾਰਾ ਹੈ। ਉਨ੍ਹਾਂ ਡੇਰਾ ਮੁਖੀ ਦੀ ਪੈਰੋਲ ਤੁਰੰਤ ਖਤਮ ਕਰਨ ਦੀ ਮੰਗ ਕੀਤੀ। ਉਨ੍ਹਾਂ ਅੱਗੇ ਲਿਖਿਆ ਕਿ ਅਦਾਲਤ ਨੇ ਗੁਰਮੀਤ ਸਿੰਘ ਨੂੰ ਬਲਾਤਕਾਰ ਤੇ ਕਤਲ ਦੇ ਜੁਰਮ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ ਅਜਿਹਾ ਪੈਰੋਲ ਤੇ ਆਇਆ ਖਤਰਨਾਕ ਵਿਅਕਤੀ ਜਦੋਂ ਭਾਸ਼ਣ ਸਮੇਤ ਗੀਤ ਸੁਣਾਉਂਦਾ ਹੈ ਤਾਂ ਹਰਿਆਣਾ ਸਰਕਾਰ ਦੇ ਨੇਤਾ ਤਾੜੀਆਂ ਵਜਾਉਂਦੇ ਹੋਏ ਸ਼ਰਧਾ ਵਿੱਚ ਲੀਨ ਹੋ ਜਾਂਦੇ ਹਨ।

ਉਨ੍ਹਾਂ ਕੌਮੀ ਮਹਿਲਾ ਕਮਿਸ਼ਨ ਵੱਲੋਂ ਧਾਰੀ ਚੁੱਪ 'ਤੇ ਵੀ ਗੰਭੀਰ ਸਵਾਲ ਖੜੇ ਕੀਤੇ। ਸਵਾਤੀ ਮਾਲੀਵਾਲ ਨੇ ਕਿਹਾ ਕਿ ਹਰਿਆਣਾ ਸਰਕਾਰ ਨੂੰ ਗੁਰਮੀਤ ਦੀ ਪੈਰੋਲ ਤੁਰੰਤ ਖਤਮ ਕਰਨੀ ਚਾਹੀਦੀ ਹੈ। ਦੂਜੇ ਪਾਸੇ ਸਵਾਤੀ ਮਾਲੀਵਾਲ ਦੇ ਰਾਮ ਰਹੀਮ ਖਿਲਾਫ਼ ਬਿਆਨ ਤੋਂ ਸਿੱਧ ਹੁੰਦਾ ਹੈ ਕਿ ਡੇਰੇ ਦੇ ਸਿਆਸੀ ਵਿੰਗ ਦਾ ਝੁਕਾਅ ਹੁਣ ਭਾਜਪਾ ਵੱਲ ਹੈ।

## ਅਣਪਛਾਤਿਆਂ ਵੱਲੋਂ ਘਰ 'ਚ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਕਸਬਾ ਮੱਲਾਂਵਾਲਾ ਦੇ ਵਾਰਡ ਨੰਬਰ 8 ਵਿੱਚ ਇਕ ਵਿਅਕਤੀ ਦੇ ਘਰ ਦੇ ਤਾਲੇ ਤੋੜ ਕੇ ਅਣਪਛਾਤੇ ਵਿਅਕਤੀਆਂ ਵੱਲੋਂ ਸੋਨੇ, ਚਾਂਦੀ ਦੇ ਜੇਵਰਾਤ ਤੇ ਨਕਦੀ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ 454, 380 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪਰਵੇਸ਼ ਕੁਮਾਰ ਪੁੱਤਰ ਸ਼ਾਮ ਸੁੰਦਰ ਵਾਸੀ ਵਾਰਡ ਨੰਬਰ 8 ਮੱਲਾਂਵਾਲਾ ਨੇ ਦੱਸਿਆ ਕਿ ਉਹ ਆਪਣੇ ਪਰਵਾਰ ਸਮੇਤ 25 ਅਕਤੂਬਰ 2022 ਨੂੰ ਆਪਣੇ ਘਰ ਨੂੰ ਤਾਲਾ ਲਗਾ ਕੇ ਕਿਤੇ ਬਾਹਰ ਗਏ ਸੀ। ਬਾਅਦ ਵਿੱਚ ਕਰੀਬ 3 ਵਜੇ ਦੁਪਹਿਰ ਕਿਸੇ ਅਣਪਛਾਤੇ ਵਿਅਕਤੀਆਂ ਨੇ ਘਰ ਦੀ ਛੱਤ ਉਪਰੋਂ ਘਰ ਅੰਦਰ ਦਾਖਲ ਹੋ ਕੇ ਕਮਰੇ ਦਾ ਤਾਲਾ ਤੋੜ ਕੇ ਸੋਨੇ ਚਾਂਦੀ ਦੇ ਜੇਵਰਾਤ, ਜਿਨ੍ਹਾਂ ਦੀ ਕੀਮਤ 12 ਲੱਖ 50 ਹਜ਼ਾਰ ਰੁਪਏ ਦੇ ਆਸ-ਪਾਸ ਬਣਦੀ ਹੈ ਅਤੇ 2 ਲੱਖ 50 ਹਜ਼ਾਰ ਰੁਪਏ ਨਗਦੀ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਅਵਨੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੇਂਦਰੀ ਜੇਲ੍ਹ 'ਚ ਹਵਾਲਾਤੀ ਕੋਲੋਂ ਮੋਬਾਇਲ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ ਹਵਾਲਾਤੀ ਕੋਲੋਂ ਇੱਕ ਮੋਬਾਇਲ ਫੋਨ ਬਰਾਮਦ ਕਰਕੇ ਉਸ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਅਜਮੇਰ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 7459 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 26 ਅਕਤੂਬਰ 2022 ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਵਾਰਡ ਨੰਬਰ 3 ਦੀ ਅਚਾਨਕ ਤਲਾਸ਼ੀ ਕੀਤੀ ਗਈ ਤਾਂ ਇਸ ਚੱਕੀ ਵਿੱਚ ਬੰਦ ਹਵਾਲਾਤੀ ਅਰਸ਼ਦੀਪ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਪਿੰਡ ਮਹਿਲ ਕਲਾਂ, ਥਾਣਾ ਮਹਿਲ ਕਲਾਂ ਹਾਲ ਪਿੰਡ ਬਖਤਗੜ੍ਹ, ਥਾਣਾ ਟੱਲੇਵਾਲ ਜ਼ਿਲ੍ਹਾ ਬਰਨਾਲਾ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੀ ਤਲਾਸ਼ੀ ਲੈਣ 'ਤੇ ਇਸ ਕੋਲੋਂ 1 ਮੋਬਾਇਲ ਫੋਨ ਮਾਰਕਾ ਉਪੋ ਟੱਚ ਸਕਰੀਨ ਰੰਗ ਨੇਵੀ ਬਲਿਓ ਸਮੇਤ ਸਿੰਮ ਕਾਰਡ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।


### Court Notice

In the Court of Ms. Mandeep Kaur, Civil Judge (Junior Division) 20, Jalandhar
CNR No. PBJL02-000565-2022 Next Date : 30-11-2022 CS/339/2022
Pee Pee Marketing Vs. Kapoor Mobile House
Publication issued to : (1) Kapoor Mobile (2) M/s Kapoor Mobile House Both R/o Hazipur Road, Chogra, Dasuya, Hoshiarpur, Phone-94172-61235
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 30-11-2022 at 10.00 a.m.
For details logon to https://highcourtchd.gov.in/?trs =district_notice&district Jalandhar
Civil Judge (Junior Division)-20 Jalandhar
Dated, this day of 26-10-2022

### Court Notice

In the Court of MS. Divya Sharma Judicial Magistrate-1st, Class Ludhiana
CNR No. PBLD03-045829-2019 Next Date 30-11-2022
Next Date, Purpose of case, ordered and Judgments as well as other case information is available on http://ecourts.gov.in
M/s Religare Finvest Limited Ltd. Vs Sudarshan Rice Mills.
Publication Issued to : Sudarshan Rice Mills
Address-At Vill. Kot Shamir Distt. Bathinda through its Director 02 Nardev Bansal 03 Rubi Bansal 04 Bhagwan Dass R/o House No. 24942 St. No. 2 Baba Deep Singh Bathinda.
Whereas it has proved to the satisfaction of this court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 30-11-2022 at 10.00 a.m. or within 30 days from the date of publication of this proclamation.
Take notice that in case of default on your part to appear as directed above the above said case will be heard and determined as per law in your absence.
For details logon to https://highcourtchd.gov.in/?trs=district_ notice&district=Ludhiana.
Judicial Magistrate, 1st Class, Ludhiana.

### Court Notice

In the Court of MS. Divya Sharma Judicial Magistrate-1st, Class Ludhiana
CNR No. PBLD03-045831-2019 Next Date 30-11-2022
Next Date, Purpose of case, ordered and Judgments as well as other case information is available on http://ecourts.gov.in
M/s Religare Finvest Limited Ltd Vs Indtec Electro Control
Publication issued to Indtec Electro Control
Address-Control E-22-23 Focal Point Phagwara Road, Hoshiarpur Through its Director Auth Singh Pardeep Gupta 02 Pardeep Gupta 03 Prateik Gupta 04 Geeta Gupta All R/o House No. 5 Chruch Road Civil Lines Hoshiarpur-146001.
Whereas it has proved to the satisfaction of this court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 30-11-2022 at 10.00 a.m. or within 30 days from the date of publication of this proclamation.
Take notice that in case of default on your part to appear as directed above the above said case will be heard and determined as per law in your absence.
For details logon to https://highcourtchd.gov.in/?trs =district_notice&district=Ludhiana.
Judicial Magistrate, 1st Class, Ludhiana.

### Court Notice

In the Court of MS. Divya Sharma Judicial Magistrate-1st, Class Ludhiana
CNR No. PBLD03-045833-2019 Next Date 30-11-2022
Next Date, Purpose of case, ordered and Judgments as well as other case information is available on http://ecourts.gov.in
M/s Religare Finvest Limited Ltd Vs Luxmi Saw Mills
Publication issued to Luxmi Saw Mills
Address : At Backside Gaushala Road, Mansa, Through its Dire Sing 02 Dharam Pal 03 Lachman Singh 04 Neelam Rani House No. 729 St. No. 9 Block No. 2 Ward No. 5 One Way Traffic Road Mansa.
Whereas it has proved to the satisfaction of this court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 30-11-2022 at 10.00 a.m. or within 30 days from the date of publication of this proclamation.
Take notice that in case of default on your part to appear as directed above the above said case will be heard and determined as per law in your absence.
For details logon to https://highcourtchd.gov.in/?trs=district_notice&district=Ludhiana.
Divya Sharma Judicial Magistrate, 1st Class, Ludhiana.

### Court Notice

In the Court of Gagandeep Singh Civil Judge (Junior Division) Amritsar.
CNR No. PBAS 02-002489-2021 Next Date : 11-11-2022
Punjab and Sind Bank, Branch Office Durgiana Mandir, Amritsar. Vs
Rajinder Pal Singh S/o Harbans Singh R/o H.No. 321, Green Avenue, Amritsar also At H.No. 1077, R.B. Estate, Loharka Road, Amritsar also At MS/ R.R Export Inside Jai Mills, Islamabad, Amritsar.
CS/1666/2021
Publication Issued to : 1 Rajinder Pal Singh S/o S. Harbans Singh R/o H.No. 321, Green Avenue, Amritsar also At H.No. 1077, R.B. Estate, Loharka Road, Amritsar also at MS/ RR Export Inside Jai Mills, Islamabad, Amritsar 2 Sh. Inderpal Singh S/o S. Rajinderpal Singh R/o H.No. 321, Green Avenue, Amritsar.
In above titled, case, the defendant(s)/respondent(s) could not be served. It is ordered that defendant(s)/respondent(s) should appear in person or through counsel on 11-11-2022 at 10.00 a.m.
For details logon to https://highcourtchd.gov.in/?trs=district._ notice&district=Amritsar.
Civil Judge (Junior Division) Amritsar.
Dated, this day of 21-10-2022.

### Court Notice

In the Court of Mandeep Kaur Principal Judge, Family Court, Amritsar
CNR No. PBAS01-006293-2020 Previous Date : 12-10-2022
Next Date : 23-11-2022
1 Sapna W/o Gaurav 2 Mahi (Minor) daughter of Gaurav, through Her Mother/Natural Guardian, who has got no Adverse Intrest Against the minor, both resident of House No. 19, Gali No. 1, Ram Enclave, Islamabad, Amritsar Vs
Gaurav S/o Kewal Krishan, R/o Shashi Niwas, Sunny Side, District Courts, Solan, Himachal Pradesh.
Exe 128 CR PC/105/2020
Publication Issued to : Gaurav Father Kewal Krishan R/o Shashi Niwas, Sunny Side, District Courts, Solan, Himachal Pradesh.
In above titled case, the defendant(s) Respondent (s) could not be served. It is ordered that defendant(s)/respondent(s) should appear in person or through counsel on 23-11-2022 at 10.00 a.m.
For details logon to https://highcourtchd.gov.in/?trs=district_notice &district=Amritsar.
Principal Judge, Family Court, Amritsar.
Dated, this day of 19-10-2022

### Court Notice

In the Court of Sh. Yogesh Gill Civil Judge (Junior Division), Gurdaspur.
CNR No. PBGD 02-002156-2019 Next Date : 17-11-2022
Malkit Singh Vs. Jasbir Singh
Publication Issued to : 7.3 Bhupinder Singh S/o Amar Singh S/o Lashman Singh R/o Village Balwanda, Post Office Chak Sharif, Tehsil and Distt. Gurdaspur. 7.5 Charanjit Kaur D/o Amar Singh S/o Lashman Singh R/o Village Balwanda, Post Office Chak Sharif, Tehsil and Distt. Gurdaspur 7.5 Swarni Kaur D/o Amar Singh S/o Lashman Singh R/o Village Balwanda P O Chak Sharif, Tehsil and Distt. Gurdaspur.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-11-2022 at 10.00 a.m.
For details logon to https://highcourtchd.gov.in/?trs =district=Gurdaspur
Civil Judge (Junior Division) Gurdaspur
Dated, this day of 20-10-2022




### ਨਿਲਾਮੀ ਨੋਟਿਸ

ਪਿੰਡ ਹੀਰ ਕੇ ਵਿਖੇ ਨਾ ਵਰਤੋਂਯੋਗ 18 ਇੰਚ ਆਰ.ਸੀ.ਸੀ ਕਰੀਬ 50 ਪਾਇਪਾਂ ਦੀ ਬੋਲੀ ਮਿਤੀ 3 ਨਵੰਬਰ 22 ਨੂੰ ਪੰਚਾਇਤ ਘਰ ਵਿਖੇ 10 ਵਜੇ ਕਰਵਾਈ ਜਾਵੇਗੀ, ਚਾਹਵਾਨ ਸੰਪਰਕ ਕਰ ਸਕਦੇ ਹਨ.
**ਸਰਪੰਚ ਲਖਵਿੰਦਰ ਸਿੰਘ**
**ਸੰਪਰਕ 6280783003**

### Public Notice

It is for general Information that I, Daljit Kaur Wife of Sarbjit Singh R/o Ward No. 05 Guru Nanak Nagar Bhogpur Tehsil & District Jalandhar, Punjab, 144201, declare that my name has been wrongly written as Kuljit Kaur on my husband Sarbjit Singh's Passport No. E0920340. My actual name is Daljit Kaur, which may be amended accordingly. (Parshotam)

I, Amrik Singh S/o Harbans Singh R/o Village Dadiana P.O Hariana, Tehsil & Distt. Hoshiarpur, Punjab & PSOC Hariana, Hoshiarpur & SR/LR No. 281831/2022 declare that my Original Sale Deed No. 3279 dated 15.10.1992 name of Daljit Singh s/o Piara Singh R/o H.No . 283, Sarhala Mundia, Tehsil and Distt. Hoshiarpur. has been Lost. If anybody found it please contact 9914224563.

### ਆਮ ਸੂਚਨਾ

ਮੈਂ, ਜਸਵਿੰਦਰ ਕੌਰ ਪਤਨੀ ਮੁਖਤਾਰ ਸਿੰਘ ਵਾਸੀ ਨਵਾਂ ਪਿੰਡ ਝਾਵਰ, ਡਾਕਖਾਨਾ ਜੀਵਨਵਾਲ ਬੱਬਰੀ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੇ ਦੋ ਪੋਤਰੇ ਬਲਕਰਨ ਦੀਪ ਸਿੰਘ ਅਤੇ ਇੰਦਰਬੀਰ ਸਿੰਘ ਉਰਫ ਪ੍ਰਿੰਸ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰਾ ਇਨ੍ਹਾਂ ਦੋਨਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ। (ਡੋਗਰਾ)

ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਗਣੇਸ਼ਾ ਸਿੰਘ ਵਾਸੀ ਪਿੰਡ ਸੀਚੇਵਾਲ ਦੇ ਨਾਂਅ ਉੱਪਰ ਚੱਲਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 43/105 (15 ਬੀ ਐੱਚ ਪੀ) ਸ੍ਰੀ ਕਿਰਪਾਲ ਸਿੰਘ ਉਰਫ ਪਾਲ ਸਿੰਘ ਪਿੰਡ ਸੀਚੇਵਾਲ ਦੇ ਨਾਂਅ ਉੱਪਰ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 10 ਦਿਨਾਂ ਦੇ ਅੰਦਰ-ਅੰਦਰ ਦਫਤਰ ਪਾਵਰਕਾਮ ਮਲਸੀਆਂ ਉਪ ਮੰਡਲ ਵਿੱਚ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਨਾਂਅ ਬਦਲੀ ਕਰ ਦਿੱਤਾ ਜਾਵੇਗਾ।
ਸਹਾਇਕ ਕਾਰਜਕਾਰੀ ਇੰਜੀਨੀਅਰ, ਪੀ ਐੱਸ ਪੀ ਸੀ ਐੱਲ ਮਲਸੀਆਂ

ਮੈਂ, ਜੋਰਾਬਰ ਸਿੰਘ ਪੁੱਤਰ ਗੁਰਬਖਸ਼ ਸਿੰਘ ਸੋਕਰ ਉਰਫ ਬਖਸ਼ੀ ਸਿੰਘ ਪੁੱਤਰ ਜੀਵਨ ਸਿੰਘ ਪੁੱਤਰ ਉਰਫ ਜਿਉਣਾ ਸਿੰਘ ਵਾਸੀ ਪਿੰਡ ਭੋਗਪੁਰ ਜ਼ਿਲ੍ਹਾ ਜਲੰਧਰ ਦਾ ਹਾਂ, ਜੋ ਕਿ ਮਾਲ ਰਿਕਾਰਡ ਵਾਕਿਆ ਪਿੰਡ ਭੋਗਪੁਰ ਜ਼ਿਲ੍ਹਾ ਜਲੰਧਰ ਵਿੱਚ ਮੇਰੇ ਪਿਤਾ ਦਾ ਨਾਂਅ ਬਖਸ਼ੀ ਸਿੰਘ ਪੁੱਤਰ ਜਿਉਣਾ ਸਿੰਘ ਦਰਜ ਹੈ, ਜਦਕਿ ਸਹੀ ਨਾਂਅ ਗੁਰਬਖਸ਼ ਸਿੰਘ ਪੁੱਤਰ ਜੀਵਨ ਸਿੰਘ ਹੈ। ਸਹੀ ਦਰਜ ਕੀਤਾ ਜਾਵੇ। (ਭਾਗਪੁਰ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਡੀ-372, ਤਿੰਨ ਹਾਰਸ ਪਾਵਰ ਜੋ ਕਿ ਸ੍ਰੀ ਦਾਰਾ ਸਿੰਘ ਪੁੱਤਰ ਸ੍ਰੀ ਊਧਮ ਸਿੰਘ ਵਾਸੀ ਪਿੰਡ ਸ਼ਹਿਜ਼ਾਦਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਪਿੰਡ ਸ਼ਹਿਜ਼ਾਦਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਗੁਰਮੁੱਖ ਸਿੰਘ ਪੁੱਤਰ ਸ੍ਰੀ ਗੁਰਦੇਵ ਸਿੰਘ ਅਤੇ ਗੁਰਦੇਵ ਸਿੰਘ ਪੁੱਤਰ ਵੱਸਣ ਸਿੰਘ ਵਾਸੀ ਪਿੰਡ ਬੱਲੋਵਾਲੀ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨ ਦੇ ਅੰਦਰ ਉਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ ਕਿਸ਼ੋਰ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 28/1616 ਐਕਸ ਪੰਜ ਹਾਰਸ ਪਾਵਰ ਜੋ ਕਿ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਗੁਰਦਿੱਤ ਸਿੰਘ ਵਾਸੀ ਪਿੰਡ ਕੋਟ ਹਿਰਦੇ ਰਾਮ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਪਿੰਡ ਰਾਮ ਦਿਵਾਲੀ ਹਿੰਦੂਆ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਗੁਰਬੀਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਪਿੰਡ ਚਵਿੰਡਾ ਦੇਵੀ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨ ਦੇ ਅੰਦਰ ਉਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ ਕਿਸ਼ੋਰ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਐੱਚ-1787, ਤਿੰਨ ਹਾਰਸ ਪਾਵਰ ਜੋ ਕਿ ਸ੍ਰੀ ਜੋਗਾ ਸਿੰਘ ਪੁੱਤਰ ਸ੍ਰੀ ਚੈਂਚਲ ਸਿੰਘ ਵਾਸੀ ਪਿੰਡ ਢੱਡੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲਦਾ ਸੀ, ਨੂੰ ਸ੍ਰੀਮਤੀ ਅਮਨਦੀਪ ਕੌਰ ਪਤਨੀ ਸ੍ਰੀ ਗੁਰਜੰਟ ਸਿੰਘ ਵਾਸੀ ਪਿੰਡ ਢੱਡੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। (ਕਮਲ ਕਿਸ਼ੋਰ)

### ਬੇਦਖਲੀ ਨੋਟਿਸ

ਮੈਂ, ਦਰਸ਼ਨ ਸਿੰਘ ਪੁੱਤਰ ਖੁਸ਼ੀਆ ਸਿੰਘ ਵਾਸੀ ਪਿੰਡ ਮਾਧੋਪੁਰ, ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਆਪਣੇ ਬੇਟੇ ਰਣਜੀਤ ਸਿੰਘ, ਉਸ ਦੀ ਪਤਨੀ ਰਾਜਵਿੰਦਰ ਕੌਰ ਅਤੇ ਬੱਚਿਆਂ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਜੇਕਰ ਕੋਈ ਲੈਣ-ਦੇਣ ਕਰੇਗਾ ਜਾਂ ਵਰਤਾਓ ਕਰੇਗਾ ਤਾਂ ਉਸ ਦਾ ਉਹ ਆਪ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਉਸ 'ਚ ਅਤੇ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ। (6244)

ਮੈਂ, ਸੁਰਜੀਤ ਸਿੰਘ ਪੁੱਤਰ ਸ. ਸੇਵਾ ਸਿੰਘ ਪਿੰਡ ਕਾਹਨੂੰਵਾਨ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਨੂੰਹ ਹਰਜੀਤ ਕੌਰ ਮੇਰੇ ਕਹਿਣੇ ਵਿਚ ਨਹੀਂ ਹਨ। ਇਨ੍ਹਾਂ ਨੂੰ ਮੈਂ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਕੇ ਪੀ)

ਮੈਂ, ਮਨਜੀਤ ਕੌਰ ਪਤਨੀ ਬਲਵਿੰਦਰ ਸਿੰਘ, ਗੱਗੜਭਾਣਾ (ਅੰਮ੍ਰਿਤਸਰ) ਆਪਣੇ ਲੜਕੇ ਸੁਖਜਿੰਦਰ ਸਿੰਘ ਨੂੰ ਕਹਿਣਿਉਂ ਬਾਹਰੀ ਹੋਣ ਕਾਰਣ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਅਠੌਲਾ)

ਮੈਂ, ਸ਼ਿਵ ਦੱਤ ਪੁੱਤਰ ਸ਼੍ਰੀ ਦੇਵ ਦੱਤ ਵਾਸੀ ਮਕਾਨ ਨੰ. 866,ਗਲੀ ਕੂਚਾ ਰੂਪ ਚੰਦ,ਮਜੀਠ ਮੰਡੀ,ਬਜ਼ਾਰ ਨਰਸਿੰਗ ਦਾਸ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਤੁਲ ਸ਼ਰਮਾ ਅਤੇ ਉਸਦੀ ਪਤਨੀ ਪ੍ਰਿਯਕਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀ ਔਲਾਦ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦਾ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ। (ਕੇ ਕੇ)

ਮੈਂ, ਅਵਤਾਰ ਸਿੰਘ ਪੁੱਤਰ ਸ਼੍ਰੀ ਰੇਸ਼ਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੁੱਟਰਾਂ ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਅਕਵਿੰਦਰ ਕੌਰ ਜੋ ਕਿ ਮੇਰੇ ਕਹਿਣੇ ਵਿੱਚ ਨਾ ਹੋਣ ਕਾਰਨ ਮੈਂ ਅਤੇ ਮੇਰੇ ਪਰਿਵਾਰ ਨੇ ਲੰਬੇ ਅਰਸੇ ਤੋਂ ਉਸ ਨਾਲੋ ਨਾਤਾ ਤੋੜ ਰੱਖਿਆ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖ਼ੁੱਦ ਜ਼ਿੰਮੇਵਾਰ ਹੋਵੇਗਾ। (ਪ੍ਰਸ਼ੋਤਮ)

ਮੈਂ, ਮਹਿੰਗਾ ਸਿੰਘ ਪੁੱਤਰ ਵੱਸਨ ਸਿੰਘ ਪਿੰਡ ਧਾਰੀਵਾਲ ਕਲਾਂ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਨੇ ਆਪਣੇ ਲੜਕੇ ਜਗਜੀਤ ਸਿੰਘ ਨੂੰ ਕਹਿਣੇ 'ਚੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹ ਆਪਣੇ ਚੰਗੇ-ਮਾੜੇ ਕੰਮ ਜਾਂ ਲੈਣ-ਦੇਣ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ, ਸੰਬੰਧਤ ਨੋਟ ਕਰਨ। (ਵਿੱਕੀ)

ਮੈਂ, ਸੁਰਜੀਤ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਕਾਹਨੂੰਵਾਨ (ਗੁਰਦਾਸਪੁਰ) ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਹਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। (ਕੇ ਪੀ)

ਮੈਂ, ਦਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਢੁੱਡੀਆਂਵਾਲ, ਕਪੂਰਥਲਾ, ਪੰਜਾਬ, ਭਾਰਤ ਦਾ ਰਹਿਣ ਵਾਲਾ ਹਾਂ ਅਤੇ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੋਮਲਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਕਰੀਬ 2 ਮਹੀਨੇ ਤੋਂ ਲੜ ਕੇ ਘਰੋਂ ਬਿਨਾਂ ਦੱਸੇ ਕਿਧਰੇ ਚਲਾ ਗਿਆ ਹੈ ਇਹ ਕਿ ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਕਿ ਮੇਰੇ ਲੜਕੇ ਵੱਲੋਂ ਕੀਤੇ ਜਾਣ ਵਾਲੇ ਕਾਨੂੰਨੀ ਅਤੇ ਗੈਰ-ਕਾਨੂੰਨੀ ਅਤੇ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਉਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ, ਚੰਦਰ ਮੋਹਨ ਪੁੱਤਰ ਰਤਨ ਚੰਦ ਵਾਸੀ ਮਕਾਨ ਨੰ:- 246, ਬਾਬੂ ਲਾਭ ਸਿੰਘ ਨਗਰ ਗਲੀ ਨੰ-11, ਜਲੰਧਰ, ਦਾ ਰਹਿਣ ਵਾਲਾ ਹਾਂ ਅਤੇ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਕੁਮਾਰ ਉਰਫ ਸੋਨੂੰ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਹ ਕਿ ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਕਿ ਮੇਰੇ ਲੜਕੇ ਵੱਲੋਂ ਕੀਤੇ ਜਾਣ ਵਾਲੇ ਕਾਨੂੰਨੀ ਅਤੇ ਗੈਰ-ਕਾਨੂੰਨੀ ਅਤੇ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਉਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ, ਚਮਨ ਲਾਲ ਪੁੱਤਰ ਕਿਸ਼ਨ ਚੰਦ ਵਾਸੀ ਮੁਹੱਲਾ ਕੱਚਾ ਪੱਕਾ ਵੇਹੜਾ, ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਅਤੇ ਇਸਦੀ ਪਤਨੀ ਪੱਲਵੀ (ਮੇਰੀ ਨੂੰਹ) ਅਤੇ ਇਨ੍ਹਾਂ ਦਾ ਇਕ ਬੱਚਾ ਵਰਿੰਦਰ (ਮੇਰਾ ਪੋਤਾ) ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਮਾਹਲ ਸਿੰਘ ਪੁੱਤਰ ਗੋਪਾਲ ਸਿੰਘ ਵਾਸੀ ਮਕਾਨ ਨੰ. ਬੀ-2-793, ਸਤਨਾਮ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਅਤੇ ਇਸ ਦੀ ਪਤਨੀ ਨਵਜੋਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਸੱਤਪਾਲ ਪੁੱਤਰ ਭਾਗ ਰਾਮ ਵਾਸੀ ਮਕਾਨ ਨੰਬਰ 52 ਧਨਾਲ ਖੁਰਦ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕਮਲਜੀਤ ਕੁਮਾਰ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਅਤੇ ਉਨ੍ਹਾਂ ਦਾ ਲੜਕਾ ਮਨਵੀਰ ਚੁੰਬਰ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। (ਆਰ)

ਮੈਂ, ਕਿਸ਼ਨ ਚੰਦ ਪੁੱਤਰ ਸੁਰੈਣਾ ਸਿੰਘ ਵਾਸੀ ਸਿੱਧਵਾ ਰੋਡ, ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਣ ਅਤੇ ਇਸਦੀ ਪਤਨੀ ਨਿੰਮੋ (ਮੇਰੀ ਨੂੰਹ) ਅਤੇ ਇਨ੍ਹਾਂ ਦੇ ਬੱਚੇ ਜੀਵਨ ਅਤੇ ਅਮਰਜੀਤ ਉਰਫ ਸ਼ੰਭੂ (ਮੇਰੇ ਪੋਤੇ), ਅਤੇ ਆਸ਼ਾ ਅਤੇ ਪੂਜਾ (ਮੇਰੀਆਂ ਪੋਤੀਆਂ) ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਅਰਸ਼ਦੀਪ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਮਕਾਨ ਨੰ. 10-ਏ, ਗਲੀ ਨੰ. 12, ਪਲਾਹ ਸਾਹਿਬ ਰੋਡ, ਗੁਰੂ ਅਮਰਦਾਸ ਐਵੇਨਿਊ, ਏਅਰਪੋਰਟ ਰੋਡ, ਅੰਮ੍ਰਿਤਸਰ ਨੇ ਆਪਣਾ ਨਾਂਅ ਬਦਲ ਕੇ ਅਕਾਸ਼ਦੀਪ ਸਿੰਘ ਰੱਖ ਲਿਆ ਹੈ।

ਮੈਂ, ਸੁਰਿੰਦਰਜੀਤ ਸਿੰਘ ਪੁੱਤਰ ਬਸੰਤ ਸਿੰਘ ਵਾਸੀ ਪਿੰਡ ਬੋਪਾਰਾਏ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਜੋ ਕਿ ਮੇਰਾ ਨਾਂਅ ਜੋਗਾ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਖਜਾਨ ਸਿੰਘ ਗਲਤੀ ਨਾਲ ਲਿਖਿਆ ਗਿਆ ਹੈ, ਜਦਕਿ ਸਹੀ ਨਾਂਅ ਸੁਰਿੰਦਰਜੀਤ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਖਜਾਨ ਸਿੰਘ ਹੈ।

ਮੈਂ, ਸੁਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਖਰਲ ਖੁਰਦ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਸਵੈ-ਘੋਸ਼ਣਾ ਕਰਦਾ ਹਾਂ ਕਿ ਮੇਰੇ ਪਿਤਾ ਦਾ ਨਾਂਅ ਜਮ੍ਹਾਂਬੰਦੀ ਵਿੱਚ ਗਲਵੰਤ ਸਿੰਘ ਅਤੇ ਕੁਲਵੰਤ ਸਿੰਘ ਚੱਲ ਰਿਹਾ ਹੈ। ਮੇਰੇ ਪਿਤਾ ਦਾ ਸਹੀ ਨਾਂਅ ਹਰਬੰਸ ਸਿੰਘ ਹੈ। ਸਹੀ ਕੀਤਾ ਜਾਵੇ। ਸੰਬੰਧਤ ਨੋਟ ਕਰਨ।

### Change of Name

I, Lakhwinder Singh Bhuller Son of Harchand Singh, Village Bhullarheri (Sangrur) have changed my name to Lakhwinder Singh. All note please.

I, Sukhpreet Kaur Bhuller W/o Lakhwinder Singh, Village Bhullarheri (Sangrur) have changed my name to Sukhpreet Kaur.All note please.

I, Subash Jain S/o Labhu Ram Jain R/o H.No.465, New Jawahar Nagar, Jalandhar have changed my name to Subhash Kumar Jain. Please note all concerned.

I, Pankaj S/o Varinder Kad R/o. H.No. BX-2/64,Trehna Gali,Mohalla Kot Kuljas Rai, Batala,Distt Gurdaspur. Have Changed my name from Pankaj to Pankaj Kad. (Shri Krishna)

I, Reeta Sood W/o Naresh Kumar Sood R/o H.No. 324, Golden City, Lane No. 9, Airport Road, Amritsar, Punjab have changed my name from Reeta Sood to Rita Sood. (Jagdish)

I, Harjit Kaur W/o Mukhtar Singh R/o 09, Raja Sansi, Amritsar, Punjab-143101 have changed my name from Harjit Kaur to Harjeet Kaur. (Jagdish)

I,Naresh Kumar Thakur S/o Ranjit Singh R/o H.No.301,Gali No.3,Chungi Wala Bazar, Amritsar,Punjab have changed my name from Naresh Kumar Thakur to Naresh Kumar. Concerned note. (KK)

I,Richa W/o Maninder Suri R/o H.No.01,Gali No.5,Pawan Nagar, Batala Road, Amritsar , Punjab have changed my name from Richa to Richa Suri.Concerned note. (KK)

I Satnam Kaur W/O Late Surinder Singh R/O Village Beas Pind,Tehsil Adampur Distt Jalandhar Have Declare That My Nephew ( Brother's Son) Is Residing At Present In Australia ,His Correct Name Is Didar Singh Alias Dara Singh.both Names Are Pertain To Be One And Same Person.

I, Hitherto Known As Kulwant Singh S/O Sarwan Singh Residing At Village Manakpur, Tehsil Shahkot, Distt. Jalandhar - 144702, Punjab, Indiahave Changed Myname And Shall Hereafter Be Known As Balwant Singh.

I Gagandeep S/O Madan Lal R/O Mahal, Distt. Jalandhar Want To Change My Name From Gagandeep To Gagandeep Randhawa

I, Joginder Kaur D/o Pritam Singh W/o Mukhtiar Singh R/o Vill. Sandhar Jagir, Po. Khalu, Distt. Kapurthala have changed my name to Harjinder Kaur. All Please Note.

I, Rajesh S/o Santokh Kumar R/o Gali No. 4, Guru Nanak Nagar, Kala Singha Road, Basti Sheikh, Jalandhar, Punjab have changed my name from Rajesh to Rajesh Kumar (Kumar as surname). All Please Note.

I, Jatin S/o Ramesh Chander R/o H.No.48, Ram Sharnam Colony, Basti Danishmanda, Jalandhar, Punjab have changed my name from Jatin to Jatin Loch (Loch as surname). All Please Note.

### Change of Name

I, Shakshi Khosla W/o Rajiv Khosla R/o H.No.2537, Street No.2, Near Joura Fatak, Dharampura Amritsar have changed my name from Shakshi Khosla to Sakshi Khosla.

I, Jessica Khera D/o Jaswinder Khera W/o Eshaan Mehra R/o 70, Lane No.7 West, Ranjit Vihar, Loharka Road, Amritsar have changed my name from Jessica Khera to Jessica Eshaan Mehra.

I, Sharnjeet Kaur W/o Sukhdev Singh R/o VPO Jhanjoti, Tehsil Ajnala District Amritsar have changed my name from Sharnjeet Kaur to Sharnjit Kaur.

I, Lovepreet Singh S/o Jaswant Singh R/o Village Rupowali Brahmna, PO Sialka Tehsil Baba Bakala, Amritsar have declare that Singh is my Surname and Lovepreet is my Given name.

I, Arshdeep Singh S/o Sakatar Singh R/o H.No.10-A,Lane No.12, Palah Sahib Road, Guru Amardass Avenue, Airport Road, Amritsar have changed my name from Arshdeep Singh to Akashdeep Singh.

I, Amarvir Singh S/o Amarjit Singh R/o 504-B, East Mohan Nagar, Near Sultanwind Gate, Amritsar have changed my name from Amarvir Singh to Amarvir Singh Grewal.

I, Anu Mehta Alias Anuradha Sodhi W/o Kawal Mehta R/o H.No.93, Tilak Nagar, Near Shivala Bhaiyan, Amritsar have changed my name from Anu Mehta Alias Anuradha Sodhi to Anu Mehta.

I, KAJAL Vohra W/o Abhishek Monga R/o H.No.818/9, Guru Nanak Gali, Borian Wala Bazar, Katra Karam Singh, Amritsar have changed my name to Kajal Monga.

I, Kanwalbir Singh Sandhu S/o Sucha Singh R/o V.P.O. Uggar Aulakh, Tehsil Ajnala District Amritsar have changed my name from Kanwalbir Singh Sandhu to Kanwalbir Singh.

I RIPANJIT SINGH S/O AMRIK SINGH R/O VPO JAGDEV KHURD TEHSIL AJNALA AMRITSAR HEREBY DECLARE THAT RIPANJIT IS MY GIVEN NAME AND SINGH IS SURNAME.

I, Nikita D/o Sanjay Kakkar R/o H.No. 30-B, Vijay Nagar, Jalandhar-144008 have changed my name from Nikita to Nandita Kakkar (same person) All Please Note.

I, Lovepreet Singh S/o Lakhwinder Singh Marok R/o VPO. Mithra, Teh.Phillaur, Jalandhar-144034 have changed my name to Lovepreet Singh Marok (surname as Marok) All Please Note.

I, Lakhwinder Singh S/o Nirmal Singh Marok R/o VPO. Mithra, Teh.Phillaur, Jalandhar-144034 have changed my name to Lakhwinder Singh Marok (surname as Marok) All Please Note.

I, Akash Chopra S/o Roop Lal R/o Reru Pind, Jalandhar, I have changed my name from Akash to Akash Chopra.

I, Ajay Khattar s/o Pardeep Kumar r/o 418, MIG Flat, Housing Board Colony, Urban Estate, Phase-1, Jalandhar, Punjab-144005 have changed my name as Ajay Singh Khattar. All Please Note.

I, Kamaljeet Kaur Kanda w/o Sunny Kumar r/o 249, New Baldev Nagar, Jalandhar have changed my name to Kamaljeet Kaur, after marriage. All Please Note.

I, Jinder Singh S/o Mohinder Singh R/o Vill.Haibatpur, Distt.Kapurthala declare that as per my birth certificate I have changed my name Sukhjinder Singh to Jinder Singh. All Please Note.

I Lata W/o Avinash Chander Bithel R/o House No. 245, Urban Estate, Phase-2 Dugri, Ludhiana have changed my name Lata to Lata Bithel. Both are same Person.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਵਿਖੇ 28 ਅਕਤੂਬਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਨਾਮਵਰ ਕੰਪਨੀਆਂ ਐੱਸ.ਬੀ.ਆਈ, ਪੁਖਰਾਜ, ਫਲਿਪ ਕਾਰਟ ਐਕਸਪ੍ਰੈਸ਼ਸ ਅਤੇ ਵੇਰਕਾ ਵੱਲੋਂ ਭਾਗ ਲਿਆ ਜਾਵੇਗਾ। ਇਸ ਪਲੇਸਮੈਂਟ ਕੈਂਪ ਵਿੱਚ ਕੰਪਨੀਆਂ ਵੱਲੋਂ ਇੰਸ਼ੋਰੈਂਸ, ਵੈਲਨੈਸ ਅਡਵਾਈਜ਼ਰ, ਡਿਲਿਵਰੀ ਬੁਆਏ ਅਤੇ ਕਸਟਮਰ ਕੇਅਰ ਐਗਜੀਕਿਊਟਿਵ ਦੀ ਚੋਣ ਕੀਤੀ ਜਾਵੇਗੀ। ਇਸ ਕੈਂਪ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਲਈ ਵਿੱਦਿਅਕ ਯੋਗਤਾ ਘੱਟੋ ਘੱਟ ਬਾਰ੍ਹਵੀਂ ਅਤੇ ਇਸ ਤੋਂ ਵਧੇਰੇ ਹੋਵੇਗੀ। ਵਿਕਰਮਜੀਤ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਜਾਣਕਾਰੀ ਦਿੱਤੀ ਕਿ ਬੇਰੋਜ਼ਗਾਰ ਪ੍ਰਾਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਇਸ ਤਰ੍ਹਾਂ ਦੇ ਪਲੇਸਮੈਂਟ ਕੈਂਪ ਹਫ਼ਤਾਵਾਰੀ ਲਗਾਏ ਜਾ ਰਹੇ ਹਨ। ਇਸ ਕੈਂਪ ਵਿੱਚ ਲੜਕੇ, ਲੜਕੀਆਂ ਦੋਨੋਂ ਭਾਗ ਲੈ ਸਕਦੇ ਹਨ। ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਵਾਲੇ ਚਾਹਵਾਨ ਪ੍ਰਾਰਥੀ 28 ਅਕਤੂਬਰ ਨੂੰ ਸਵੇਰੇ 10.00 ਤੋਂ ਦੁਪਹਿਰ 02.00 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜੇ ਸੈਸ਼ਨ ਕੋਰਟ ਅੰਮ੍ਰਿਤਸਰ ਵਿਖੇ ਪਹੁੰਚ ਕੇ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਅੰਮ੍ਰਿਤਸਰ ਦੇ ਹੈਲਪਲਾਈਨ ਨੰ: 9915789068 'ਤੇ ਸੰਪਰਕ ਕਰ ਸਕਦੇ ਹਨ।

## ਸੀਮਾ ਸੁਰੱਖਿਆ ਬਲ ਵੱਲੋਂ ਅੰਮ੍ਰਿਤਸਰ ਵਿਖੇ ਮੈਰਾਥਨ ਦੌੜ ਭਲਕੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਅਜ਼ਾਦੀ ਦੇ ਅੰਮ੍ਰਿਤ ਮੁਹੌਤਸਵ ਨੂੰ ਸਮਰਪਿਤ 29 ਅਕਤੂਬਰ ਨੂੰ ਸੀਮਾ ਸੁਰੱਖਿਆ ਬਲ ਵੱਲੋਂ ਅੰਮ੍ਰਿਤਸਰ ਵਿਖੇ ਮੈਰਾਥਨ ਦੌੜ ਕਰਵਾਈ ਜਾ ਰਹੀ ਹੈ ਅਤੇ ਜੇਤੂ ਖਿਡਾਰੀਆਂ ਨੂੰ ਨਕਦ ਰਾਸ਼ੀ ਦੇ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਹਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਵਿੱਚ 18 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਮਹਿਲਾ ਜਾਂ ਪੁਰਸ਼ ਭਾਗ ਲੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੈਰਾਥਨ ਦੌੜ ਤਿੰਨ ਵਰਗ ਵਿੱਚ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਵਰਗ ਵਿੱਚ 42.195 ਕਿਲੋਮੀਟਰ ਮੈਰਾਥਨ ਵਿੱਚ 40 ਸਾਲ ਤੋਂ ਉਪਰ ਅਤੇ 40 ਸਾਲ ਤੋਂ ਘੱਟ ਉਮਰ ਦੇ ਲੋਕ ਭਾਗ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਪਹਿਲੇ ਵਰਗ ਦੀ ਦੌੜ ਸਵੇਰੇ ਪੰਜ ਵਜੇ ਗੋਲਡਨ ਗੇਟ ਅੰਮ੍ਰਿਤਸਰ ਤੋਂ ਸ਼ੁਰੂ ਹੋਵੇਗੀ ਅਤੇ ਜਿਨ੍ਹਾਂ ਇਸ ਮੈਰਾਥਨ ਵਿੱਚ ਭਾਗ ਲੈਣਾ ਹੈ ਉਨ੍ਹਾਂ ਨੂੰ ਇੱਕ ਘੰਟਾ ਪਹਿਲਾਂ ਪਹੁੰਚਣਾ ਹੋਵੇਗਾ। ਇਸ ਵਰਗ ਵਿੱਚ 5 ਮਹਿਲਾ ਅਤੇ 5 ਪੁਰਸ਼ ਖਿਡਾਰੀ ਚੁਣੇ ਜਾਣਗੇ ਜੋ ਪਹਿਲੇ ਨੰਬਰ ਤੋਂ ਪੰਜਵੇਂ ਨੰਬਰ ਤੱਕ ਹੋਣਗੇ। ਉਨ੍ਹਾਂ ਦੱਸਿਆ ਕਿ ਪਹਿਲੇ ਨੰਬਰ 'ਤੇ ਰਹਿਣ ਵਾਲੇ ਨੂੰ ਇੱਕ ਲੱਖ ਰੁਪਏ ਨਕਦ ਇਨਾਮ, ਦੂਸਰੇ ਨੰਬਰ 'ਤੇ ਆਉਣ ਵਾਲੇ ਨੂੰ 50 ਹਜ਼ਾਰ, ਤੀਸਰੇ ਨੰਬਰ 'ਤੇ ਆਉਣ ਵਾਲੇ ਨੂੰ 30 ਹਜ਼ਾਰ, ਚੌਥਾ ਨੰਬਰ ਪ੍ਰਾਪਤ ਕਰਨ ਵਾਲੇ ਨੂੰ 20 ਹਜ਼ਾਰ ਅਤੇ ਪੰਜਵਾਂ ਸਥਾਨ ਪ੍ਰਾਪਤ ਕਰਨ ਵਾਲੇ ਨੂੰ 10 ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੂਸਰੇ ਵਰਗ ਵਿੱਚ ਹਾਫ ਮੈਰਾਥਨ 21.097 ਕਿਲੋਮੀਟਰ ਮੈਰਾਥਨ ਕਰਵਾਈ ਜਾਵੇਗੀ ਅਤੇ ਇਸ ਵਿੱਚ ਵੀ 40 ਸਾਲ ਤੋਂ ਵੱਧ ਅਤੇ ਘੱਟ ਦੋਨੋਂ ਉਮਰ ਦੇ ਮਹਿਲਾ ਪੁਰਸ਼ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਹਾਫ ਮੈਰਾਥਨ ਸਵੇਰੇ 6.20 ਵਜੇ ਵਾਰ ਮੈਮੋਰੀਅਲ ਅੰਮ੍ਰਿਤਸਰ ਤੋਂ ਸ਼ੁਰੂ ਹੋਵੇਗੀ ਅਤੇ ਸਾਰੇ ਭਾਗ ਲੈਣ ਵਾਲਿਆਂ ਨੂੰ ਇੱਕ ਘੰਟਾ ਪਹਿਲਾ ਪਹੁੰਚਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਹਾਫ ਮੈਰਾਥਨ ਵਿੱਚ ਵੀ 5 ਮਹਿਲਾ ਅਤੇ 5 ਪੁਰਸ਼ ਖਿਡਾਰੀ ਚੁਣੇ ਜਾਣਗੇ ਜੋ ਪਹਿਲੇ ਨੰਬਰ ਤੋਂ ਪੰਜਵੇਂ ਨੰਬਰ ਤੱਕ ਹੋਣਗੇ। ਉਨ੍ਹਾਂ ਦੱਸਿਆ ਕਿ ਪਹਿਲੇ ਨੰਬਰ 'ਤੇ ਰਹਿਣ ਵਾਲੇ ਨੂੰ ਪੰਜਾਹ ਹਜ਼ਾਰ ਰੁਪਏ ਨਕਦ ਇਨਾਮ, ਦੂਸਰੇ ਨੰਬਰ 'ਤੇ ਆਉਣ ਵਾਲੇ ਨੂੰ 30 ਹਜ਼ਾਰ, ਤੀਸਰੇ ਨੰਬਰ 'ਤੇ ਆਉਣ ਵਾਲੇ ਨੂੰ 20 ਹਜ਼ਾਰ, ਚੌਥਾ ਨੰਬਰ ਪ੍ਰਾਪਤ ਕਰਨ ਵਾਲੇ ਨੂੰ 10 ਹਜ਼ਾਰ ਅਤੇ ਪੰਜਵਾਂ ਸਥਾਨ ਪ੍ਰਾਪਤ ਕਰਨ ਵਾਲੇ ਨੂੰ 5 ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।

28-OCT-PAGE-7.qxd 10/27/2022 8:54 PM Page 1



# ਦਾਜ ਲਈ ਗੂੰਗੀ-ਬੋਲੀ ਲੜਕੀ ਦੀ ਸਹੁਰੇ ਪਰਵਾਰ ਵੱਲੋਂ ਕੁੱਟਮਾਰ



ਹਸਪਤਾਲ ਵਿੱਚ ਜ਼ੇਰੇ ਇਲਾਜ ਲੜਕੀ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਨਾਈਵਾਲਾ ਦੀ ਜਨਮ ਤੋਂ ਗੂੰਗੀ-ਬੋਲੀ ਲੜਕੀ ਦੀ ਉਸ ਦੇ ਦਾਜ ਦੇ ਲਾਲਚੀ ਸਹੁਰਾ ਪਰਵਾਰ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਹੈ। ਲੜਕੀ ਦੇ ਪੇਕਾ ਪਰਵਾਰ ਵੱਲੋਂ ਲੜਕੀ ਨੂੰ ਪਾਤੜਾਂ ਦੇ ਕਮਿਊਨਿਟੀ ਹੈਲਥ ਸੈਂਟਰ ਵਿਖੇ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਮਾਮਲੇ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਜਾਣਕਾਰੀ ਦਿੰਦਿਆਂ ਪੀੜਤ ਲੜਕੀ ਦੇ ਪਿਤਾ ਬਲਜੀਤ ਕੁਮਾਰ ਤੇ ਮਾਂ ਗੀਤਾ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੀ ਜਨਮ ਤੋਂ ਗੂੰਗੀ-ਬੋਲੀ ਲੜਕੀ ਮਨੀਸ਼ਾ ਦਾ ਵਿਆਹ ਕਰੀਬ ਦੋ ਸਾਲ ਪਹਿਲਾਂ ਹਰਿਆਣਾ ਵਿੱਚ ਜ਼ਿਲ੍ਹਾ ਕੈਥਲ ਦੇ ਪਿੰਡ ਪਾਦਰੀ ਖੇੜਾ ਵਾਸੀ ਰਵੀ ਕੁਮਾਰ ਨਾਲ ਹੋਇਆ ਸੀ। ਲੜਕੀ ਦਾ ਰਿਸ਼ਤਾ ਪਰਵਾਰ ਨੇ ਮੰਗ ਕੇ ਲਿਆ ਸੀ, ਪਰ ਵਿਆਹ ਤੋਂ ਕੁਝ ਸਮਾਂ ਬਾਅਦ ਹੀ ਦਾਜ ਦਹੇਜ ਦੀ ਮੰਗ ਨੂੰ ਲੈ ਕੇ ਸਹੁਰਾ ਪਰਵਾਰ ਨੇ ਲੜਕੀ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਦੋ-ਤਿੰਨ ਵਾਰ ਪੰਚਾਇਤੀ ਦਬਾਅ ਹੇਠ ਉਨ੍ਹਾਂ ਲੜਕੀ ਨੂੰ ਸਹੁਰੇ ਪਰਵਾਰ ਭੇਜ ਦਿੱਤਾ, ਪਰ ਹੁਣ ਪਰਵਾਰ ਦੇ ਜ਼ੁਲਮਾਂ ਦੀ ਉਸ ਸਮੇਂ ਹੱਦ ਨਾ ਰਹੀ, ਜਦੋਂ ਦੀਵਾਲੀ ਤੋਂ ਅਗਲੇ ਦਿਨ ਉਸ ਦਾ ਭਰਾ ਸੌਰਭ ਲੜਕੀ ਕੋਲ ਗਿਆ ਤਾਂ ਪਰਵਾਰ ਉਸ ਨੂੰ ਆਨੀ-ਬਹਾਨੀ ਲੜਕੀ ਦੇ ਨੇੜੇ ਲੱਗਣ ਤੋਂ ਰੋਕਣ ਲੱਗਾ, ਜਦੋਂ ਉਹ ਵਾਪਸ ਤੁਰਨ ਲੱਗਾ ਤਾਂ ਲੜਕੀ ਨੂੰ ਪਿਆਰ ਦੇਣ ਦੇ ਮਕਸਦ ਨਾਲ ਉਸ ਦੇ ਮੋਢੇ ਉੱਤੇ ਹੱਥ ਰੱਖਿਆ ਤਾਂ ਲੜਕੀ ਦੀਆਂ ਚੀਕਾਂ ਨਿਕਲ ਗਈਆਂ। ਇਸ ਮਗਰੋਂ ਉਸ ਨੇ ਦੇਖਿਆ ਕਿ ਕੁੜੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਹੋਈ ਸੀ ਤੇ ਉਸ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸਨ। ਇਸ ਗੱਲ ਦੀ ਸੂਚਨਾ ਲੜਕੇ ਵੱਲੋਂ ਘਰ ਆ ਕੇ ਆਪਣੇ ਪਰਵਾਰ ਨੂੰ ਦਿੱਤੇ ਜਾਣ ਮਗਰੋਂ ਪਰਵਾਰ ਨੇ ਜਾ ਕੇ ਲੜਕੀ ਨੂੰ ਲਿਆਂਦਾ ਅਤੇ ਹਸਪਤਾਲ ਇਲਾਜ ਲਈ ਭਰਤੀ ਕਰਵਾਇਆ ਹੈ। ਇਸ ਦੌਰਾਨ ਨਾਈਵਾਲਾ ਦੀ ਸਰਪੰਚ ਅਨੁਪਮਾ ਦੇਵੀ ਦੇ ਪਤੀ ਰਮੇਸ਼ ਕੁਮਾਰ ਨੇ ਕਿਹਾ ਹੈ ਕਿ ਇਸ ਦੌਰਾਨ ਨਾਈਵਾਲਾ ਦੇ ਸਰਪੰਚ ਰਮੇਸ਼ ਕੁਮਾਰ ਨੇ ਜਨਮ ਤੋਂ ਅਪਾਹਜ ਲੜਕੀ ਨਾਲ ਸਹੁਰਾ ਪਰਵਾਰ ਵੱਲੋਂ ਕੀਤੇ ਗਏ ਵਹਿਸ਼ੀ ਕਾਰੇ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਕਥਿਤ ਦੋਸ਼ੀ ਪਰਵਾਰ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਿੰਦਰ ਸਿੰਘ ਪੰਚ, ਸਾਬਕਾ ਪੰਚ ਰਾਮਦੀਆ, ਰਾਜ ਕੁਮਾਰ, ਰਾਜਬੀਰ ਤੇ ਨਿਸ਼ਾਨ ਸਿੰਘ ਆਦਿ ਹਾਜ਼ਰ ਸਨ।

## ਔਰਤ ਦਾ ਮੋਬਾਇਲ ਖੋਹਣ ਵਾਲੇ 2 ਵਿਅਕਤੀ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਪੁਲਸ ਨੇ ਔਰਤ ਦਾ ਮੋਬਾਇਲ ਖੋਹਣ ਵਾਲੇ 2 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਔਰਤ ਨੀਲਮ ਰਾਣੀ ਪਤਨੀ ਗੁਰਮੁੱਖ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਨੇ ਪੁਲਸ ਕੋਲ ਦਿੱਤੀ ਦਰਖਾਸਤ ਵਿੱਚ ਬਿਆਨ ਦਰਜ ਕਰਵਾਏ ਹਨ ਕਿ ਮਿਤੀ 8-10-2022 ਨੂੰ ਦੁਪਹਿਰ ਬਾਅਦ ਕਰੀਬ 4 ਵਜੇ ਆਪਣੇ ਘਰ ਨੂੰ ਆ ਰਹੀ ਸੀ ਤਾਂ ਇਕ ਮੋਟਰਸਾਈਕਲ 'ਤੇ ਸਵਾਰ ਵਿਅਕਤੀਆਂ ਨੇ ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਰੇਲਵੇ ਪੁਲ ਕੋਲ ਉਸ ਦਾ ਮੋਬਾਇਲ ਖੋਹ ਲਿਆ ਸੀ ਅਤੇ ਅੱਜ ਦੁਬਾਰਾ ਇਹੋ ਵਿਅਕਤੀ ਉਸ ਕੋਲੋਂ ਲੰਘੇ ਤਾਂ ਉਨ੍ਹਾਂ ਦੀ ਪਹਿਚਾਣ ਕਾਕਾ ਸਿੰਘ ਉਰਫ ਨਿੱਕਾ ਸਿੰਘ ਤੇ ਪੰਜੂ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀਆਨ ਹਿਸਾਨਵਾਲਾ ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਸ਼ਿਕਾਇਤਕਰਤਾ ਨੀਲਮ ਰਾਣੀ ਦੇ ਬਿਆਨਾਂ ਦੇ ਅਧਾਰ ਤੇ ਕਾਕਾ ਸਿੰਘ ਅਤੇ ਪੰਜੂ ਸਿੰਘ ਖਿਲਾਫ ਧਾਰਾ ਪਰਚਾ ਦਰਜ ਕੀਤਾ ਹੈ। ਪੁਲਸ ਨੇ ਕਾਕਾ ਸਿੰਘ ਉਰਫ ਨਿੱਕਾ ਸਿੰਘ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਜੱਜ ਬਣ ਕੇ ਆਏ ਅਜੀਤਪਾਲ ਨੂੰ ਲੈਪਟਾਪ ਦੇ ਕੇ ਕੀਤਾ ਸਨਮਾਨਤ




**ਗੁਰੂ ਹਰਸਹਾਏ (ਦੀਪਕ ਵਧਾਵਨ)**-ਮਾਤਾ ਗੁਜਰੀ ਪਬਲਿਕ ਸਕੂਲ ਆਪਣੇ ਨਤੀਜਿਆਂ ਕਾਰਨ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾ ਚੁੱਕਾ ਹੈ ਤੇ ਇਸ ਸਕੂਲ ਦੇ ਵਿਦਿਆਰਥੀ ਵੀ ਉੱਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਉਸ ਸਮੇਂ ਦੇਖਣ ਨੂੰ ਮਿਲੀ ਜਦੋਂ ਇਸ ਸਕੂਲ ਦਾ ਇੱਕ ਹੋਰ ਵਿਦਿਆਰਥੀ ਅਜੀਤਪਾਲ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਸੋਢੀ ਵਾਸੀ ਪਿੰਡ ਲਾਲਚੀਆਂ ਹਲਕਾ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਹਰਿਆਣਾ ਜੁਡੀਸ਼ੀਅਲ ਸਰਵਿਸ ਵਿੱਚ ਵਧੀਆ ਰੈਂਕ ਹਾਸਲ ਕਰਕੇ ਜੱਜ ਬਣ ਕੇ ਸਕੂਲ ਵਿੱਚ ਪਹੁੰਚਿਆ, ਜੋ ਮਾਤਾ ਗੁਜਰੀ ਪਬਲਿਕ ਸਕੂਲ ਦਾ ਹੋਣਹਾਰ ਵਿਦਿਆਰਥੀ ਰਿਹਾ ਹੈ।

ਜੱਜ ਬਣ ਕੇ ਸਕੂਲ ਵਿਚ ਪਹੁੰਚਣ ਤੇ ਅਜੀਤਪਾਲ ਸਿੰਘ ਸੋਢੀ ਦਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਜਥੇਦਾਰ ਅਤੇ ਹਲਕਾ ਗੁਰੂਹਰਸਹਾਏ ਦੇ ਇੰਚਾਰਜ ਵਰਦੇਵ ਸਿੰਘ ਨੋਨੀ ਮਾਨ, ਸਕੂਲ ਪ੍ਰਿੰਸੀਪਲ ਪਰਵਿੰਦਰਜੀਤ ਕੌਰ, ਵਾਈਸ ਪ੍ਰਿੰਸੀਪਲ ਡਾ ਅਨੂਪ੍ਰੀਤ ਕੌਰ ਤੇ ਸਮੂਹ ਸਟਾਫ ਨੇ ਜੱਜ ਅਜੀਤਪਾਲ ਸਿੰਘ ਦਾ ਸ਼ਾਨਦਾਰ ਸਵਾਗਤ ਕਰਦੇ ਹੋਏ ਜੱਜ ਅਜੀਤਪਾਲ ਸਿੰਘ ਨੂੰ ਲੈਪਟਾਪ ਦੇ ਕੇ ਸਨਮਾਨਤ ਕੀਤਾ। ਮਾਤਾ ਗੁਜਰੀ ਪਬਲਿਕ ਸਕੂਲ ਦੀ ਵਿਦਿਆਰਥਣ ਕਿਰਨ ਕੌਰ ਵੀ ਜੋ ਪਿਛਲੇ ਸਾਲ ਜੱਜ ਬਣੀ ਸੀ, ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਇਸ ਮੌਕੇ ਖੁਸ਼ੀ ਵਿੱਚ ਭਾਵੁਕ ਹੋ ਕੇ ਸੰਬੋਧਨ ਕਰਦੇ ਹੋਏ ਸਕੂਲ ਪ੍ਰਿੰਸੀਪਲ ਪਰਵਿੰਦਰ ਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦੇ ਸਕੂਲ ਦੇ ਦੋ ਵਿਦਿਆਰਥੀ ਜੱਜ ਬਣ ਗਏ ਹਨ। ਪ੍ਰਿੰਸੀਪਲ ਨੇ ਦੂਜੇ ਵਿਦਿਆਰਥੀਆਂ ਨੂੰ ਵੀ ਸੰਦੇਸ਼ ਦਿੰਦੇ ਹੋਏ ਕਿਹਾ ਕਿ ਹਰ ਇੱਕ ਨੂੰ ਪੜ੍ਹਾਈ ਵਿੱਚ ਮਿਹਨਤ ਕਰਕੇ ਕਿਸੇ ਨਾ ਕਿਸੇ ਖੇਤਰ ਵਿੱਚ ਅਜਿਹਾ ਮੁਕਾਮ ਹਾਸਲ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਤੇ ਆਪਣੇ ਇਲਾਕੇ ਦਾ ਨਾਂਅ ਰੌਸ਼ਨ ਕਰਨਾ ਚਾਹੀਦਾ ਹੈ ਅਤੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਵਰਦੇਵ ਸਿੰਘ ਨੋਨੀ ਮਾਨ ਨੇ ਕਿਹਾ ਕਿ ਅਜੀਤਪਾਲ ਸਿੰਘ ਦਾ ਜੱਜ ਬਣਨਾ ਸਾਡੇ ਹਲਕੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਤੇ ਹਰ ਨੌਜਵਾਨ ਨੂੰ ਨਸ਼ਿਆਂ ਅਤੇ ਹੋਰ ਭੈੜੀਆਂ ਲਾਹਨਤਾਂ ਤੋਂ ਦੂਰ ਰਹਿ ਕੇ ਕਿਸੇ ਨਾ ਕਿਸੇ ਖੇਤਰ ਵਿੱਚ ਜ਼ਰੂਰ ਮੱਲਾਂ ਮਾਰਨੀਆਂ ਚਾਹੀਦੀਆਂ ਹਨ। ਇਸ ਮੌਕੇ ਜੱਜ ਅਜੀਤਪਾਲ ਸਿੰਘ ਨੇ ਨੇ ਕਿਹਾ ਕਿ ਉਸ ਦਾ ਸ਼ੁਰੂ ਤੋਂ ਹੀ ਸੁਪਨਾ ਸੀ ਕਿ ਉਹ ਜੁਡੀਸ਼ੀਅਲ ਵਿੱਚ ਜਾਵੇ, ਜੋ ਵਾਹਿਗੁਰੂ ਦੀ ਮਿਹਰ ਸਦਕਾ ਪੂਰਾ ਹੋ ਗਿਆ ਹੈ। ਜੱਜ ਅਜੀਤਪਾਲ ਸਿੰਘ ਨੇ ਕਿਹਾ ਕਿ ਕਿਸੇ ਵੀ ਕੰਮ ਨੂੰ ਨੇਪਰੇ ਚਾੜ੍ਹਨ ਦੀ ਇੱਛਾ ਲਈ ਦ੍ਰਿੜ੍ਹ ਇਰਾਦਾ ਹੋਵੇ ਤਾਂ ਹਰ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਜੱਜ ਅਜੀਤਪਾਲ ਸਿੰਘ ਨੇ ਇਸ ਮੁਕਾਮ ਦਾ ਸਿਹਰਾ ਵਾਹਿਗੁਰੂ ਦੇ ਨਾਲ ਨਾਲ ਸਕੂਲ ਪ੍ਰਿੰਸੀਪਲ ਤੇ ਸਮੂਹ ਸਟਾਫ਼ ਨੂੰ ਦਿੱਤਾ ਹੈ।

## ਦੇਵ ਮਾਨ ਦੇ ਜਨਮ ਦਿਨ ਨੂੰ ਸਮਰਪਤ ਖ਼ੂਨਦਾਨ ਕੈਂਪ ਭਲਕੇ

**ਨਾਭਾ (ਵਰਿੰਦਰ ਵਰਮਾ)**-ਨਾਭਾ ਸ਼ਹਿਰ ਤੇ ਪੇਂਡੂ ਇਲਾਕਿਆਂ ਵਿੱਚ ਡਾਕਟਰ ਆਈ ਡੀ ਗੋਇਲ ਸਾਬਕਾ ਸਿਵਲ ਸਰਜਨ ਤੇ ਮੁੱਖ ਸਰਪ੍ਰਸਤ, ਡਾ. ਧੀਰ ਸਿੰਘ ਸੰਸਥਾਪਕ ਜਨਰਲ ਸਕੱਤਰ ਦੀ ਅਗਵਾਈ ਹੇਠ ਕਾਰਜਸ਼ੀਲ ਸਵੈ-ਸੇਵੀ ਸੰਸਥਾ ਜਨਸੇਵਾ ਸੁਸਾਇਟੀ ਫਾਰ ਆਈ ਕੇਅਰ ਐਂਡ ਏਡਜ਼ ਅਵੇਅਰਨੈੱਸ ਪਿੰਡ ਕਕਰਾਲਾ ਨਾਭਾ ਵੱਲੋਂ ਇਲਾਕੇ ਦੇ ਪ੍ਰਸਿੱਧ ਸਮਾਜ ਸੇਵੀ, ਵਾਤਾਵਰਨ ਤੇ ਸੰਗੀਤ ਪ੍ਰੇਮੀ, ਹਰ ਸਮੇਂ ਆਮ ਲੋਕਾਂ ਦੇ ਦੁੱਖ-ਸੁੱਖ ਵਿੱਚ ਸਹਾਈ ਹੋਣ ਵਾਲੀ ਸਤਿਕਾਰਤ ਸ਼ਖ਼ਸੀਅਤ ਸ੍ਰੀ ਗੁਲਾਬ ਦੇਵ ਮਾਨ ਦੀ ਦੇਖ ਰੇਖ ਵਿੱਚ ਹਲਕਾ ਨਾਭਾ ਦੇ ਹਰਮਨ ਪਿਆਰੇ ਐੱਮ ਐੱਲ ਏ ਸ੍ਰ. ਗੁਰਦੇਵ ਸਿੰਘ ਦੇਵ-ਮਾਨ ਦੇ ਜਨਮ ਦਿਨ ਦੇ ਸ਼ੁਭ ਮੌਕੇ 'ਤੇ 29 ਅਕਤੂਬਰ ਨੂੰ ਰੋਟਰੀ ਕਲੱਬ ਪਟਿਆਲਾ ਗੇਟ ਨਾਭਾ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਸੁਸਾਇਟੀ ਦੇ ਬਲੱਡ ਡੋਨੇਸ਼ਨ ਕੋਆਰਡੀਨੇਟਰ ਸ੍ਰੀ ਵਿਕਾਸ ਮਿੱਤਲ ਤੇ ਸ੍ਰ. ਹਰਭਜਨ ਸਿੰਘ ਸਰਾਓਂ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਕੈਂਪ ਵਿੱਚ ਸਿਵਲ ਹਸਪਤਾਲ ਨਾਭਾ ਦੀ ਬਲੱਡ ਬੈਂਕ ਟੀਮ ਵੱਲੋਂ ਖ਼ੂਨ ਇਕੱਤਰ ਕੀਤਾ ਜਾਵੇਗਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ ਕੈਂਪ ਵਿੱਚ ਵੱਡੀ ਗਿਣਤੀ 'ਚ ਖ਼ੂਨ ਦਾਨ ਕਰਨ ਦੀ ਅਪੀਲ ਕੀਤੀ।

## ਕਾਤਰਾਂ

### ਰੇਲਵੇ 'ਚ ਨੌਕਰੀ ਲਗਾਉਣ ਦਾ ਝਾਂਸਾ ਦੇ ਕੇ 12 ਲੱਖ ਠੱਗੇ, 2 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਦਰ ਪੁਲਸ ਨੇ ਰੇਲਵੇ ਵਿੱਚ ਨੌਕਰੀ ਲਗਾਉਣ ਦਾ ਝਾਂਸਾ ਦੇ ਕੇ 12 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਦੋ ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਪੰਜਾਬ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਬਾਰੇਕੇ ਨੇ ਪੁਲਸ ਕੋਲ ਦਰਖਾਸਤ ਦਿੱਤੀ ਸੀ ਕਿ ਸ਼ੁਮੇਰ ਚੰਦ ਪੁੱਤਰ ਦੌਲਤ ਰਾਮ ਤੇ ਰਮਨ ਕੁਮਾਰ ਪੁੱਤਰ ਸੁਮੇਰ ਚੰਦ ਵਾਸੀਆਨ ਸਿੰਘ ਵਾਲਾ ਨੇ ਉਸ ਦੇ (ਮੁੱਦਈ) ਦੇ ਲੜਕੇ ਪਰਮਜੀਤ ਸਿੰਘ ਨੂੰ ਰੇਲਵੇ ਵਿਭਾਗ ਵਿੱਚ ਟਿਕਟ ਕੁਲੈਕਟਰ ਦੀ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਜਾਲ੍ਹੀ ਲੈਟਰ ਤਿਆਰ ਕਰਕੇ ਉਸ ਕੋਲੋਂ 12 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਦਰਖਾਸਤ ਦੀ ਪੜਤਾਲ ਕਰਨ ਉਪਰੰਤ ਐੱਸ.ਐੱਸ.ਪੀ. ਫਾਜ਼ਿਲਕਾ ਤੋਂ ਅਪਰੂਵਲ ਥਾਣਾ ਸਦਰ ਵਿੱਚ ਆਉਣ ਤੋਂ ਬਾਅਦ ਪੁਲਸ ਨੇ ਮੁੱਦਈ ਪੰਜਾਬ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਸੁਮੇਰ ਚੰਦ ਤੇ ਰਮਨ ਕੁਮਾਰ ਖਿਲਾਫ ਧਾਰਾ 420, 465, 468, 471, 120-ਬੀ ਆਈਪੀਸੀ ਤਹਿਤ ਪਰਚਾ ਦਰਜ ਕੀਤਾ ਹੈ।

### ਅਮਨਦੀਪ ਕੌਰ ਦਾ ਰੱਤੋਕੇ ਸਕੂਲ ਵੱਲੋਂ ਸਨਮਾਨ

**ਲੌਂਗੋਵਾਲ (ਪ੍ਰਦੀਪ ਸੱਪਲ)**-ਰੱਤੋਕੇ ਸਕੂਲ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਆਪਣਾ ਨਾਮ ਚਮਕਾ ਰਹੇ ਹਨ। ਉਨ੍ਹਾਂ ਹੋਣਹਾਰ ਵਿਦਿਆਰਥੀਆਂ ਵਿੱਚੋਂ ਅਮਨਦੀਪ ਕੌਰ ਦਾ ਨਾਮ ਸਭ ਤੋਂ ਮੋਹਰੀ ਹੈ, ਜਿਸ ਨੇ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੰਜ ਮੈਡਲ ਜਿੱਤ ਕੇ ਰੱਤੋਕੇ ਦਾ ਪੂਰੇ ਪੰਜਾਬ ਵਿੱਚ ਨਾਂਅ ਚਮਕਾਇਆ ਹੈ। ਆਪਣੇ ਪਿੰਡ ਦੇ ਸਕੂਲ ਪਹੁੰਚਣ 'ਤੇ ਅਮਨਦੀਪ ਦਾ ਸਕੂਲ ਸਟਾਫ ਤੇ ਪਿੰਡ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਹਰ ਕੋਈ ਉਸ ਦੀ ਇੱਕ ਝਲਕ ਦੇਖਣਾ ਚਾਹੁੰਦਾ ਸੀ। ਇਸ ਮੌਕੇ ਅਮਨਦੀਪ ਨੂੰ ਸ਼ਾਬਾਸ਼ ਦਿੰਦੇ ਹੋਏ ਸਰਪੰਚ ਕੁਲਦੀਪ ਕੌਰ ਨੇ ਉਸ ਨੂੰ ਬਾਕੀ ਨੌਜਵਾਨਾਂ ਲਈ ਪ੍ਰੇਰਨਾਸ੍ਰੋਤ ਦੱਸਿਆ। ਸਾਬਕਾ ਸਰਪੰਚ ਸਰਜਾ ਸਿੰਘ ਨੇ ਕਿਹਾ ਕਿ ਅਮਨਦੀਪ ਵਰਗੀ ਧੀ 'ਤੇ ਸਾਨੂੰ ਬਹੁਤ ਮਾਣ ਹੈ। ਅਧਿਆਪਕਾ ਰੇਨੂੰ ਸਿੰਗਲਾ ਤੇ ਸੱਤਪਾਲ ਕੌਰ ਨੇ ਕਿਹਾ ਕਿ ਅਮਨਦੀਪ ਦੀ ਸਫਲਤਾ ਪੂਰੇ ਸਟਾਫ ਨੂੰ ਨਵੀਂ ਊਰਜਾ ਦੇਵੇਗੀ। ਪ੍ਰਦੀਪ ਸਿੰਘ ਤੇ ਸੁਰਿੰਦਰ ਸਿੰਘ ਨੇ ਅਮਨਦੀਪ ਨੂੰ ਵਧਾਈ ਦਿੰਦਿਆਂ ਉਸ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

### ਸੜਕ ਹਾਦਸੇ 'ਚ ਸਕੂਟੀ ਸਵਾਰ ਲੜਕੀ ਜ਼ਖਮੀਂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਪੁਲਸ ਨੇ ਵਾਪਰੇ ਸੜਕ ਹਾਦਸੇ ਵਿੱਚ ਸਕੂਟੀ ਸਵਾਰ ਲੜਕੀ ਨੂੰ ਸੱਟਾਂ ਲੱਗਣ 'ਤੇ ਇੱਕ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਕੋਲ ਪੂਜਾ ਰਾਣੀ ਪੁੱਤਰੀ ਜਰਨੈਲ ਸਿੰਘ ਵਾਸੀ ਭੜੋਲੀਵਾਲਾ ਨੇ ਬਿਆਨ ਦਰਜ ਕਰਵਾਏ ਹਨ ਕਿ ਉਹ ਆਪਣੀ ਸਕੂਟੀ ਮੈਸਟਰੋ ਬਿਨਾਂ ਨੰਬਰ 'ਤੇ ਸਵਾਰ ਹੋ ਕੇ ਜਲਾਲਾਬਾਦ ਤੋਂ ਆਪਣੇ ਪਿੰਡ ਭੜੋਲੀਵਾਲਾ ਨੂੰ ਆ ਰਹੀ ਸੀ ਤੇ ਜਦੋਂ ਪਿੰਡ ਮੰਨੇਵਾਲਾ ਲੰਘ ਕੇ ਪੀਰ ਬਾਬਾ ਸਮਾਧ ਵਾਲੇ ਮੋੜ 'ਤੇ ਪੁੱਜੀ ਤਾਂ ਇੱਕ ਮਹਿੰਦਰਾ ਪਿੱਕਅੱਪ ਨੰਬਰ ਪੀ ਬੀ-05-ਪੀ-9523, ਜਿਸ ਦਾ ਡਰਾਇਵਰ ਚੰਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਾਲੀਵਾਲਾ ਚਲਾ ਰਿਹਾ ਸੀ, ਉਸ ਨੇ ਮੈਨੂੰ (ਮੁੱਦਈ) ਕਰਾਸ ਕਰਨ ਸਮੇਂ ਲਾਪ੍ਰਵਾਹੀ ਕਾਰਨ ਗੱਡੀ ਦਾ ਪਿਛਲਾ ਪਾਸਾ ਮੇਰੇ ਸਿਰ ਵਿੱਚ ਲੱਗਿਆ, ਜਿਸ ਨਾਲ ਉਸ ਦੇ ਡਿੱਗਣ ਨਾਲ ਸੱਟ ਲੱਗ ਗਈਆਂ, ਜਿਸ 'ਤੇ ਮੇਰਾ ਨੁਕਸਾਨ ਹੋਇਆ ਹੈ, ਪੁਲਸ ਨੇ ਗੱਡੀ ਚਾਲਕ ਚੰਨ ਸਿੰਘ ਖਿਲਾਫ ਧਾਰਾ 279,337,338,427 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਹੈ।

### ਪਲੇਸਮੈਂਟ ਕੈਂਪ ਅੱਜ ਤੋਂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ 'ਤੇ 28 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਕਮਰਾ ਨੰ. 502 ਚੌਥੀ ਮੰਜ਼ਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀਸੀ ਦਫ਼ਤਰ ਵਿਖੇ ਲਾਏ ਜਾ ਰਹੇ ਇਸ ਪਲੇਸਮੈਂਟ ਕੈਂਪ ਵਿੱਚ ਰਕਸ਼ਾ ਸਕਿਊਰਿਟੀ ਸਰਵਿਸ ਲਿਮ: ਕੰਪਨੀ ਸ਼ਮੂਲੀਅਤ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਰੁਜ਼ਗਾਰ ਮੇਲੇ ਵਿੱਚ ਦਸਵੀਂ, ਬਾਰ੍ਹਵੀਂ ਪਾਸ ਕਰ ਚੁੱਕੇ ਲੜਕੇ ਭਾਗ ਲੈ ਸਕਦੇ ਹਨ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਪਲੇਸਮੈਂਟ ਅਫ਼ਸਰ ਸ੍ਰੀ ਰਾਜ ਸਿੰਘ ਦੱਸਿਆ ਕਿ ਭਾਗ ਲੈਣ ਵਾਲੇ ਲੜਕਿਆਂ ਦੀ ਉਮਰ 18 ਤੋਂ 35 ਸਾਲ ਲਾਜ਼ਮੀ ਕੀਤੀ ਗਈ ਹੈ। ਇਸ ਤੋਂ ਇਲਾਵਾ ਕੱਦ ਘੱਟੋ ਘੱਟ 167 ਸੈਂਟੀਮੀਟਰ ਅਤੇ ਘੱਟੋ ਘੱਟ ਭਾਰ 50 ਕਿਲੋ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਆਪਣੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟਾਂ ਦੀ ਇਕ-ਇਕ ਫੋਟੋ ਕਾਪੀ ਤੇ ਰਿਜ਼ਿਊਮ ਤੇ ਪਾਸਪੋਰਟ ਸਾਈਜ਼ ਦੋ-ਦੋ ਫੋਟੋਆਂ ਸਮੇਤ ਪਹੁੰਚਿਆ ਜਾਵੇ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਲੇਸਮੈਂਟ ਕੈਂਪ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਤੇ ਰੁਜ਼ਗਾਰ ਪ੍ਰਾਪਤ ਕੀਤਾ ਜਾਵੇ।

## ਪੱਤਰਕਾਰ ਜਗਦੀਪ ਕੋਮਲ ਨੂੰ ਸਦਮਾ, ਭਾਣਜੇ ਦੀ ਮੌਤ

**ਤਲਵੰਡੀ ਸਾਬੋ (ਜਗਦੀਪ ਗਿੱਲ)**-



ਪੱਤਰਕਾਰ ਸ੍ਰੀ ਜਗਦੀਪ ਕੋਮਲ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਕਿ ਜਦੋਂ ਉਨ੍ਹਾਂ ਦੇ ਭਾਣਜੇ ਬਲਦੇਵ ਸਿੰਘ (35) ਸਪੁੱਤਰ ਸਵ. ਛੋਟਾ ਸਿੰਘ ਸ਼ਹੀਦ ਭਗਤ ਸਿੰਘ ਨਗਰ ਮਾਨਸਾ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ, ਉਹ ਆਪਣੇ ਪਿੱਛੇ ਇੱਕ ਬੇਟੀ ਤੇ ਇੱਕ ਬੇਟਾ ਛੱਡ ਗਿਆ ਹੈ। ਉਨ੍ਹਾਂ ਦਾ ਸਸਕਾਰ ਮਾਨਸਾ ਮੰਡੀ ਦੇ ਰਾਮਬਾਗ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਰਾਜਨੀਤੀ ਤੇ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ, ਉਥੇ ਹੀ ਲੋਕ ਆਵਾਜ਼ ਪ੍ਰੈੱਸ ਕਲੱਬ, ਤਲਵੰਡੀ ਸਾਬੋ ਦੇ ਪ੍ਰਧਾਨ ਜਗਦੀਪ ਸਿੰਘ ਗਿੱਲ, ਰੇਸ਼ਮ ਸਿੰਘ ਦਾਦੂ, ਜਸਵੀਰ ਸਿੰਘ ਸਿੱਧੂ, ਰਾਮ ਰੇਸ਼ਮ ਨਥੇਹਾ, ਰੇਸ਼ਮ ਸਿੰਘ ਵੱਡਾਗੁੜਾ, ਮਹਿੰਦਰ ਸਿੰਘ ਰੂਪ ਭਾਗੀਵਾਂਦਰ, ਈਸ਼ਵਰ ਗਰਗ, ਕਮਲਦੀਪ ਬਾਂਸਲ, ਪ੍ਰਿੰਸ ਗਰਗ, ਬਾਬੂ ਸਿੰਘ ਤਰਖਾਣਵਾਲਾ ਆਦਿ ਨੇ ਜਗਦੀਪ ਕੋਮਲ ਨਾਲ ਦੁੱਖ ਸਾਂਝਾ ਕੀਤਾ।

# ਬਕਾਇਆ ਮੰਗਾਂ ਨੂੰ ਲੈ ਕੇ ਹਰਿਆਣਾ-ਪੰਜਾਬ ਦੇ ਕਿਸਾਨ ਸਾਂਝਾ ਅੰਦੋਲਨ ਕਰਨਗੇ : ਆਗੂ

■ ਅਗਲੇ ਸੰਘਰਸ਼ ਦੀ ਰੂਪਰੇਖਾ 26 ਨਵੰਬਰ ਦੀ ਮੀਟਿੰਗ 'ਚ ਤਿਆਰ ਕੀਤੀ ਜਾਵੇਗੀ



**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਹਰਿਆਣਾ-ਪੰਜਾਬ ਦੀ ਮੀਟਿੰਗ ਹੋਈ, ਜਿਸ ਵਿੱਚ 30 ਤੋਂ ਵੱਧ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਕਿਸਾਨ ਆਗੂਆਂ ਨੇ ਇੱਕ ਅਵਾਜ਼ ਵਿੱਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਸਾਲ ਦਿੱਲੀ ਦੇ ਬਾਰਡਰਾਂ ਤੋਂ ਕਿਸਾਨ ਅੰਦੋਲਨ ਮੁਲਤਵੀ ਕਰਨ ਸਮੇਂ, ਜੋ ਲਿਖਤੀ ਵਾਅਦੇ ਕੀਤੇ ਗਏ ਸਨ, ਉਹ ਸਾਰੇ ਅਧੂਰੇ ਹਨ। ਨਾ ਐੱਮ ਐੱਸ ਪੀ ਗਾਰੰਟੀ ਦਾ ਕਾਨੂੰਨ ਬਣਿਆ, ਨਾ ਹੀ ਅੰਦੋਲਨ ਦੇ ਕੇਸ ਖਤਮ ਕੀਤੇ ਗਏ ਤੇ ਨਾ ਹੀ ਲਖੀਮਪੁਰ ਦੇ ਸ਼ਹੀਦ ਕਿਸਾਨ ਪਰਵਾਰਾਂ ਨੂੰ ਇਨਸਾਫ ਮਿਲਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਵਾਮੀਨਾਥਨ ਕਮਿਸ਼ਨ ਦੇ ਸੀ 2+50% ਫਾਰਮੂਲੇ ਅਨੁਸਾਰ ਕਿਸਾਨਾਂ ਦੀ ਕਰਜ਼ਾ ਰਾਹਤ ਤੇ ਘੱਟੋ-ਘੱਟ ਸਮਰਥਨ ਮੁੱਲ ਦੇ ਮੁੱਦੇ ਵੀ ਆਉਣ ਵਾਲੇ ਕੌਮੀ ਅੰਦੋਲਨ ਦੇ ਮੁੱਦਿਆਂ ਵਿੱਚ ਪ੍ਰਮੁਖਤਾ ਨਾਲ ਰੱਖੇ ਜਾਣਗੇ। ਕਿਸਾਨ ਆਗੂਆਂ ਨੇ ਆਬਾਦ ਕੀਤੀਆਂ ਜ਼ਮੀਨਾਂ, ਰੱਦ ਕੀਤੇ ਗਏ ਇੰਤਕਾਲ ਤੇ ਦੇਹ ਸ਼ਾਮਲਾਟ ਅਤੇ ਜੁਮਲਾ ਮਲਕਣ ਦੀਆਂ ਜ਼ਮੀਨਾਂ ਦੇ ਮਸਲਿਆਂ ਅਤੇ ਭੂਮੀ ਗ੍ਰਹਿਣ ਕਾਨੂੰਨ 'ਚ ਤਬਦੀਲੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਤੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਹਰਿਆਣਾ-ਪੰਜਾਬ ਦੇ ਕਿਸਾਨ ਇਨ੍ਹਾਂ ਮੁੱਦਿਆਂ 'ਤੇ ਸਾਂਝਾ ਅੰਦੋਲਨ ਕਰਨਗੇ।

ਮੀਟਿੰਗ 'ਚ ਫੈਸਲਾ ਕੀਤਾ ਕਿ 11 ਦਸੰਬਰ ਨੂੰ ਸਿੰਘੂ ਸਰਹੱਦ ਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਸਮੇਤ ਕਿਸਾਨੀ ਸੰਘਰਸ਼ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇਕ ਰੋਜ਼ਾ 'ਸ਼ਹੀਦੀ ਸਮਾਗਮ' ਕਰਵਾਇਆ ਜਾਵੇਗਾ, ਜਿਸ 'ਚ ਹਰਿਆਣਾ-ਪੰਜਾਬ ਦੇ ਹਜ਼ਾਰਾਂ ਕਿਸਾਨ ਸ਼ਾਮਲ ਹੋਣਗੇ ਤੇ ਕਿਸਾਨੀ ਸੰਘਰਸ਼ ਦੇ ਸਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਅੰਦੋਲਨ ਤੇ ਆਉਣ ਵਾਲੇ ਦੇਸ਼ ਵਿਆਪੀ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ। ਇਸ ਪ੍ਰੋਗਰਾਮ ਸਬੰਧੀ 26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੇ ਭਾਰਤ ਦੇ ਆਗੂਆਂ ਦੀ ਮੀਟਿੰਗ ਸਿੰਘੂ ਬਾਰਡਰ ਵਿਖੇ ਹੋਵੇਗੀ, ਜਿਸ ਵਿੱਚ ਬਕਾਇਆ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਲਖਵਿੰਦਰ ਸਿੰਘ ਸਿਰਸਾ ਨੇ ਕੀਤੀ ਤੇ ਮੁੱਖ ਤੌਰ 'ਤੇ ਜਗਜੀਤ ਸਿੰਘ ਡੱਲੇਵਾਲ, ਗੁਰਿੰਦਰ ਸਿੰਘ ਭੰਗੂ, ਗੁਰਸਾਹਿਬ ਸਿੰਘ ਚਾਟੀਵਿੰਡ, ਸੇਵਾ ਸਿੰਘ ਆਰੀਆ, ਗੁਰਦਾਸ ਸਿੰਘ, ਅਭਿਮਨਿਊ ਕੋਹਾੜ, ਸੁਖਦੇਵ ਸਿੰਘ ਭੋਜਰਾਜ, ਹਰਸੁਲਿੰਦਰ ਸਿੰਘ ਕਿਸ਼ਨਗੜ੍ਹ, ਜਸਵੰਤ ਸਿੰਘ ਪਠਾਨਕੋਟ, ਸੁਖਦੇਵ ਸਿੰਘ ਕੋਟਲੀ ਕਲਾਂ, ਆਤਮਾ ਰਾਮ ਝੋਰੜ, ਬਲਜੀਤ ਸਿੰਘ ਤੱਗੜ, ਕਾਕਾ ਸਿੰਘ ਕੋਟੜਾ, ਮਨਜੀਤ ਸਿੰਘ ਆਦਿ ਹਾਜ਼ਰ ਸਨ।

## ਬਾਬਾ ਵਿਸ਼ਵਕਰਮਾ ਦੀ ਯਾਦ 'ਚ ਧਾਰਮਿਕ ਸਮਾਗਮ ਕਰਾਇਆ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**

ਪਿੰਡ ਰਾਇਸਰ ਵਿਖੇ ਸਮੂਹ ਰਾਮਗੜ੍ਹੀਆ ਭਾਈਚਾਰੇ ਵੱਲੋਂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਧਾਰਮਿਕ ਸਮਾਗਮ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਰਾਗੀ ਜਥਿਆਂ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਜ਼ਿੰਦਗੀ ਜਿਉਣ ਲਈ ਪ੍ਰੇਰਤ ਕੀਤਾ। ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਹਲਕਾ ਮਹਿਲ ਕਲਾਂ ਦੇ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ ਨੇ ਸਮੂਹ ਰਾਮਗੜ੍ਹੀਆ ਭਾਈਚਾਰੇ ਨੂੰ ਵਧਾਈ ਦਿੰਦੇ ਹੋਏ ਜਥੇਬੰਦੀ ਦੀ ਅਗਵਾਈ ਹੇਠ ਲਾਮਬੰਦ ਹੋ ਕੇ ਸਮਾਜ ਸੇਵੀ ਕਾਰਜਾਂ 'ਚ ਅਹਿਮ ਯੋਗਦਾਨ ਪਾਉਣ ਦੀ ਅਪੀਲ ਕੀਤੀ। ਬਾਬਾ ਵਿਸ਼ਵਕਰਮਾ ਕਮੇਟੀ ਰਾਏਸਰ ਦੇ ਪ੍ਰਧਾਨ ਸੱਜਣ ਸਿੰਘ ਰਾਏਸਰ ਨੂੰ ਜਥੇਬੰਦੀ ਵੱਲੋਂ ਬ੍ਰਹਮਗਿਆਨੀ ਕਿਰਤੀ ਭਾਈ ਲਾਲੋ ਜੀ ਦੀ ਤਸਵੀਰ ਨਾਲ ਸਨਮਾਨ ਕੀਤਾ। ਇਸ ਮੌਕੇ ਬਾਬਾ ਬੁੱਧ ਸਿੰਘ ਕਲਸੀ, ਜਰਨੈਲ ਸਿੰਘ ਮਠਾੜੂ, ਗੁਰਮੀਤ ਸਿੰਘ ਛੀਨੀਵਾਲ, ਜਸਪ੍ਰੀਤ ਸਿੰਘ ਧੰਜਲ ਤੋਂ ਇਲਾਵਾ ਸਮੂਹ ਰਾਮਗੜ੍ਹੀਆ ਭਾਈਚਾਰਾ, ਮੋਹਤਬਰ ਹਾਜ਼ਰ ਸਨ।

## ਪੌੜ ਗੋਤ ਦੇ ਜਠੇਰਿਆਂ ਦਾ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਬਹਿਲੋਲਪੁਰ ਨੇੜੇ ਸਥਿਤ ਕੀੜੀ ਅਫ਼ਗਾਨਾ ਵਿਖੇ ਪੌੜ ਗੋਤ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਤੇ ਭੰਡਾਰਾ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ, ਜਿਸ ਵਿੱਚ ਸੂਬੇ ਭਰ 'ਚੋਂ ਗੋਤ ਨਾਲ ਸਬੰਧਤ ਲੋਕ ਸ਼ਾਮਲ ਹੋਏ। ਮੇਲੇ ਦੇ ਸ਼ੁਰੂਆਤ ਵਿੱਚ ਪ੍ਰਧਾਨ ਬਿਸ਼ਨ ਦਾਸ ਮਜ਼ਾਰੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਨੇ ਆਈਆਂ ਸੰਗਤਾਂ ਨੂੰ 'ਜੀ ਆਇਆਂ' ਆਖਿਆ ਤੇ ਪ੍ਰਬੰਧਕ ਕਮੇਟੀ ਵੱਲੋਂ ਜਠੇਰਿਆਂ ਦੀ ਇਮਾਰਤ ਸਬੰਧੀ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਵੱਧ ਤੋਂ ਵੱਧ ਆਰਥਿਕ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਅਗਲੇ ਸਾਲ ਤੱਕ ਲੰਗਰ ਹਾਲ ਬਣਾਇਆ ਜਾ ਸਕੇ। ਸਮਾਗਮ ਵਿੱਚ ਗਾਇਕ ਜੋੜੀ ਕਾਲਾ ਬੋੜਿਆਂਵਾਲਾ ਤੇ ਜਸਪਾਲ ਜੱਸੀ, ਸ੍ਰਿਸ਼ਟਾ ਤੇ ਸੁੱਖਾ, ਬਿੱਲਾ ਮੱਤੇਵਾੜੀਆ, ਗੁਰਦੇਵ ਸੰਧੂ, ਸਵਰਨ ਸਿੰਘ ਭੱਟੀ, ਬਲਵੰਤ ਸਿੰਘ ਸਫ਼ਰੀ, ਕੁਲਵਿੰਦਰ ਬਾਜਵਾ, ਬਲਦੇਵ ਯਮਲਾ, ਮੋਹਣ ਭਾਮੀਆ ਆਦਿ ਨੇ ਧਾਰਮਿਕ ਗੀਤ ਪੇਸ਼ ਕੀਤੇ। ਉਪਰੰਤ ਸੂਫ਼ੀ ਗਾਇਕ ਅਵਤਾਰ ਮੁਸਾਫ਼ਿਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨਰੀ ਗੀਤ ਪੇਸ਼ ਕਰਕੇ ਲੋਕਾਂ ਨੂੰ ਮੰਤਰ-ਮੁਗਧ ਕੀਤਾ।

# ਸੀ ਜੀ ਐੱਮ ਕਾਲਜ ਦੇ ਵਿਦਿਆਰਥੀਆਂ ਨੇ ਖੇਤਰੀ ਯੁਵਕ ਮੇਲੇ 'ਚ ਲਿਆ ਹਿੱਸਾ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਮੋਹਲਾਂ ਦੇ ਸੀ.ਜੀ.ਐੱਮ. ਕਾਲਜ ਦੇ ਵਿਦਿਆਰਥੀਆਂ ਨੇ ਇਸ ਵਾਰ ਦੇ ਹੋਏ ਖੇਤਰੀ ਯੁਵਕ ਮੇਲੇ ਵਿੱਚ ਵਧ-ਚੜ੍ਹ ਕੇ ਭਾਗ ਲਿਆ। 19 ਤੋਂ 22 ਅਕਤੂਬਰ ਤੋਂ ਲੈ ਕੇ ਚੱਲੇ 4 ਦਿਨ ਇਸ ਮੇਲੇ ਦੌਰਾਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਲਗਭਗ 20 ਗਤੀਵਿਧੀਆਂ ਵਿੱਚ ਭਾਗ ਲਿਆ ਗਿਆ। ਇਹ ਮੇਲਾ ਦਸਮੇਸ਼ ਗਰਲਜ਼ ਕਾਲਜ, ਬਾਦਲ ਵਿਖੇ ਆਯੋਜਤ ਕੀਤਾ ਗਿਆ, ਜਿਸ ਵਿੱਚ ਮੁਕਤਸਰ ਜ਼ੋਨ ਦੇ 22 ਕਾਲਜਾਂ ਨੇ ਭਾਗ ਲਿਆ।




ਸੀ.ਜੀ.ਐੱਮ. ਕਾਲਜ ਮੋਹਲਾਂ ਦੇ ਵਿਦਿਆਰਥੀ ਬਲਕਰਨ ਸਿੰਘ ਨੇ ਮਲਵਈ ਗਿੱਧੇ ਵਿਚੋਂ ਵਿਅਕਤੀਗਤ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਮਲਵਈ ਗਿੱਧਾ ਦੂਜੇ ਸਥਾਨ 'ਤੇ ਰਿਹਾ। ਫੋਕ ਆਰਕੈਸਟਰਾ ਵਿੱਚ ਕਾਲਜ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦੇ ਵਿਦਿਆਰਥੀਆਂ ਵੱਲੋਂ ਰੱਸਾ ਵੱਟਣਾ, ਟੋਕਰੀ ਬਣਾਉਣਾ, ਈਨੂੰ ਬਣਾਉਣਾ, ਪਰਾਂਦਾ ਬਣਾਉਣਾ, ਕਲੇਅ ਮਾਡਲਿੰਗ, ਮਿੱਟੀ ਦੇ ਭਾਂਡੇ ਬਣਾਉਣਾ, ਕਵਸ਼ੀਰੀ, ਵਾਰ, ਭੰਡ, ਡੀਬੇਟ, ਭਾਸ਼ਨ, ਕਵਿਤਾ ਆਦਿ ਗਤੀਵਿਧੀਆਂ ਵਿਚ ਭਾਗ ਲਿਆ, ਜਿਨ੍ਹਾਂ ਵਿਚੋਂ ਪਰਾਂਦਾ ਬਣਾਉਣ ਵਿਚ ਪਵਨਦੀਪ ਕੌਰ ਦਾ ਤੀਜਾ ਸਥਾਨ ਰਿਹਾ, ਕਲੇਅ ਮਾਡਲਿੰਗ ਵਿਚ ਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ, ਕਵਸ਼ੀਰੀ ਗਾਇਨ ਵਿੱਚ ਖੁਸ਼ਦੀਪ ਸਿੰਘ, ਜਗਦੀਪ ਸਿੰਘ, ਗੁਰਜੰਟ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ, ਪੰਜਾਬੀ ਲੇਖਨ ਮੁਕਾਬਲੇ ਵਿਚ ਰਾਜਵਿੰਦਰ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਕਾਲਜ ਦੇ ਇਸ ਜਿੱਤ 'ਤੇ ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਕਾਲਜ ਪ੍ਰਬੰਧਕ ਕਮੇਟੀ ਮੈਂਬਰ ਜਗਤਾਰ ਬਰਾੜ, ਨਵਜੀਤ ਮੋਹਲਾਂ ਤੇ ਰਾਜ ਕੁਮਾਰ ਨੇ ਜੇਤੂ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ।

ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਦੌਰਾਨ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਸਟਾਫ਼ ਪ੍ਰੋ. ਸਿੰਮੀਪ੍ਰੀਤ ਕੌਰ, ਪ੍ਰੋ. ਸੁਮਨ ਗਾਂਧੀ, ਪ੍ਰੋ. ਨਿਰਮਲ ਕੌਰ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਇਸ਼ਾ, ਪ੍ਰੋ. ਹਰਮੀਤ ਕੌਰ, ਪ੍ਰੋ. ਮਨਜਿੰਦਰ ਸਿੰਘ, ਪ੍ਰੋ. ਹਰਜੀਤ ਕੌਰ, ਪ੍ਰੋ. ਪਵਨਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਵਿਦਿਆਥੀਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲਿਆ ਸੀ।

## ਗੁਰਲਵਲੀਨ ਸਿੰਘ ਨੂੰ ਕੁੱਟਣ ਵਾਲਿਆਂ ਖ਼ਿਲਾਫ਼ ਮੁਕੱਦਮਾ ਦਰਜ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਿੰਡ ਕਕਰਾਲਾ ਭਾਈਕਾ ਦੇ ਗੁਰਲਵਲੀਨ ਸਿੰਘ ਨੂੰ ਕੁੱਟਣ ਵਾਲਿਆਂ ਖ਼ਿਲਾਫ਼ ਥਾਣਾ ਸਦਰ ਸਮਾਣਾ ਪੁਲਸ ਨੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੀ ਐਸ ਪੀ ਸ੍ਰੀ ਸੌਰਵ ਜਿੰਦਲ ਨੇ ਦੱਸਿਆ ਕਿ ਗੁਰਲਵਲੀਨ ਸਿੰਘ ਪੁੱਤਰ ਜਸਬੀਰ ਸਿੰਘ ਪਿੰਡ ਕਕਰਾਲਾ ਭਾਈਕਾ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬੱਸ ਅੱਡਾ ਕਕਰਾਲਾ ਕੋਲ ਪਹੁੰਚਿਆ ਤਾਂ ਦਿਲਪ੍ਰੀਤ ਸਿੰਘ ਪੁੱਤਰ ਰਿੰਪੀ ਸਿੰਘ, ਰਿੰਪੀ ਸਿੰਘ, ਹੈਪੀ ਸਿੰਘ, ਮੱਖਣ ਸਿੰਘ, ਸੱਤੂ ਤੇ ਧੀਰਾ ਸਿੰਘ ਵਾਸੀਅਨ ਕਕਰਾਲਾ ਭਾਈ ਭਾਈਕਾ ਨੇ ਗੁਰਲਵਲੀਨ ਸਿੰਘ ਨੂੰ ਘੇਰ ਕੇ ਕੁੱਟਮਾਰ ਕੀਤੀ, ਜਿਸ ਨਾਲ ਉਸ ਦੇ ਕਾਫੀ ਸੱਟਾਂ ਲੱਗੀਆਂ, ਜੋ ਜ਼ੇਰੇ ਇਲਾਜ ਹੈ। ਪੁਲਸ ਨੇ ਕਾਰਵਾਈ ਕਰਦਿਆਂ ਥਾਣਾ ਸਦਰ ਵਿਖੇ ਕਥਿਤ ਦੋਸ਼ੀਆਂ ਦਿਲਪ੍ਰੀਤ ਸਿੰਘ ਪੁੱਤਰ ਰਿੰਪੀ, ਰਿੰਪੀ ਸਿੰਘ, ਹੈਪੀ ਸਿੰਘ, ਮੱਖਣ ਸਿੰਘ, ਸੱਤੂ ਤੇ ਧੀਰਾ ਸਿੰਘ ਖ਼ਿਲਾਫ਼ ਐਫ ਆਈ ਆਰ ਨੰਬਰ 282/2022 ਅਧੀਨ ਧਾਰਾ 341, 323, 324, 148, 149 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪ੍ਰਵਾਸੀ ਮਜ਼ਦੂਰਾਂ ਨੂੰ ਪਟਾਕੇ ਤੇ ਮਠਿਆਈਆਂ ਵੰਡ ਕੇ ਮਨਾਈ ਦੀਵਾਲੀ



ਮਜ਼ਦੂਰਾਂ ਨੂੰ ਮਠਿਆਈਆਂ ਤੇ ਪਟਾਕੇ ਵੰਡਦੀਆਂ ਹੋਈਆਂ ਯੂਥ ਵੀਰਾਂਗਨਾਏਂ ਤੇ ਆਪ ਦੇ ਆਗੂ।

**ਬਾਘਾ ਪੁਰਾਣਾ (ਮਨੀ ਸਿੰਗਲਾ)**

'ਖ਼ੁਸ਼ੀਆਂ ਵੰਡਣ ਨਾਲ ਖ਼ੁਸ਼ੀਆਂ ਦੁੱਗਣੀਆਂ ਹੁੰਦੀਆਂ ਹਨ' ਦਾ ਸੰਕਲਪ ਲੈ ਕੇ ਚੱਲੀ ਯੂਥ ਵੀਰਾਂਗਨਾਏਂ ਸੁਸਾਇਟੀ ਦੀਆਂ ਭੈਣਾਂ ਨੇ ਝੁੱਗੀਆਂ ਝੌਂਪੜੀਆਂ ਵਿੱਚ ਜਾ ਕੇ ਪ੍ਰਵਾਸੀ ਮਜ਼ਦੂਰਾਂ ਦੇ ਲੋੜਵੰਦ ਪਰਵਾਰਾਂ ਨੂੰ ਮਠਿਆਈਆਂ, ਦੀਵੇ ਤੇ ਪਟਾਕੇ ਵੰਡੇ ਤਾਂ ਕਿ ਕੋਈ ਵੀ ਵਿਅਕਤੀ ਇਸ ਤਿਉਹਾਰ ਤੋਂ ਵਾਂਝਾ ਨਾ ਰਹੇ ਸਕੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਸੀਰਾ ਸਿੰਘ ਤੇ ਰਣਜੀਤ ਸਿੰਘ ਨੇ ਕਿਹਾ ਕਿ ਸਾਡੀਆਂ ਭੈਣਾਂ ਸਮੇਂ ਸਮੇਂ 'ਤੇ ਸਮਾਜ ਸੇਵਾ ਦੇ ਕਾਰਜ ਕਰਦੀਆਂ ਰਹੀਆਂ ਹਨ, ਅੱਜ ਜੋ ਗਰੀਬਾਂ ਨਾਲ ਦੀਵਾਲੀ ਸਾਂਝੀ ਕੀਤੀ ਹੈ, ਉਨ੍ਹਾਂ ਨੂੰ ਮਠਿਆਈਆਂ ਆਦਿ ਵੰਡੀਆਂ ਹਨ, ਇਹ ਇਕ ਬੇਹੱਦ ਸ਼ਲਾਘਾਯੋਗ ਕਦਮ ਹੈ। ਯੂਥ ਆਗੂ ਕੁਲਵੰਤ ਕੌਰ, ਨਸੀਬ ਕੌਰ ਤੇ ਪੂਜਾ ਗੋਇਲ ਨੇ ਕਿਹਾ ਕਿ ਸਾਡੀ ਸੰਸਥਾ ਛੋਟੇ-ਛੋਟੇ ਸਮਾਜ ਸੇਵੀ ਕਾਰਜ ਆਪਣੀ ਪਾਕੇਟ ਮਨੀ ਇਕੱਤਰ ਕਰਕੇ ਕਰਦੀਆਂ ਹਨ ਤਾਂ ਜੋ ਇਹ ਸਮਾਜ ਸੁੰਦਰ ਤੇ ਖ਼ੂਬਸੂਰਤ ਬਣ ਸਕੇ। ਅਸੀਂ ਭੈਣਾਂ ਨੂੰ ਹਮੇਸ਼ਾ ਆਪਣੀ ਗਲੀ, ਆਪਣਾ ਮੁਹੱਲਾ ਤੇ ਆਪਣਾ ਸ਼ਹਿਰ ਸਵੱਛ ਰੱਖਣ ਲਈ ਪ੍ਰੇਰਿਤ ਕਰਦੀਆਂ ਆ ਰਹੀਆਂ ਹਾਂ। ਸਕੂਲੀ ਬੱਚਿਆਂ ਨੂੰ ਪੜ੍ਹਾਈ ਪ੍ਰਤੀ ਉਤਸ਼ਾਹਤ ਕਰਨ ਲਈ ਸਟੇਸ਼ਨਰੀ ਵੰਡੀ ਜਾ ਰਹੀ ਹੈ। ਗਰਭਵਤੀ ਔਰਤਾਂ ਨੂੰ ਪੌਸ਼ਟਿਕ ਆਹਾਰ ਸਮੱਗਰੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਦੇ ਅਨੇਕਾਂ ਕਾਰਜ ਕਰਕੇ ਅਸੀਂ ਸਮਾਜ ਨੂੰ ਅਗਾਂਹਵਧੂ ਬਣਾਉਣ ਲਈ ਆਪਣਾ ਯੋਗਦਾਨ ਪਾ ਰਹੀਆਂ ਹਾਂ, ਜਿਸ ਲਈ ਪਤਵੰਤੇ ਸੱਜਣ ਸਾਡੀ ਹੌਸਲਾ ਅਫਜ਼ਾਈ ਵੀ ਕਰ ਰਹੇ ਹਨ।

# ਅੱਖਾਂ ਦੇ ਮੁਫਤ ਚੈੱਕਅੱਪ ਕੈਂਪ 'ਚ 56 ਮਰੀਜ਼ਾਂ ਦੀ ਅਪ੍ਰੇਸ਼ਨ ਲਈ ਚੋਣ

**ਬੋਹਾ (ਅਮਨ ਮਹਿਤਾ)**

ਗੁਰਦੁਆਰਾ ਪਾਹਿਨ ਸਾਹਿਬ ਸੱਚੀ ਮੰਜੀ ਪਿੰਡ ਸੈਦੇਵਾਲਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਹੇਠ ਸ਼ਹੀਦ ਜੋਗਿੰਦਰ ਸਿੰਘ ਸਪੋਰਟਸ ਕਲੱਬ ਸੈਦੇਵਾਲਾ ਤੇ ਮਨਦੀਪ ਸਿੰਘ ਗਿੱਲ ਯੂ.ਐੱਸ.ਏ. ਦੇ ਸਹਿਯੋਗ ਨਾਲ ਖੇਤਰ ਦੀ ਸਮਾਜਸੇਵੀ ਸੰਸਥਾ ਬੇਗਮਪੁਰਾ ਵੈੱਲਫੇਅਰ ਸੁਸਾਇਟੀ ਆਲਮਪੁਰ ਮੰਦਰਾਂ ਵੱਲੋਂ ਅੱਖਾਂ ਦਾ ਵਿਸ਼ਾਲ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਮੱਲ, ਸਕੱਤਰ ਖੜਕ ਸਿੰਘ ਮੱਲ ਤੇ ਖਜ਼ਾਨਚੀ ਸੁਖਦੇਵ ਸਿੰਘ ਮੱਲ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਉੱਘੇ ਸਮਜਸੇਵੀ ਮਾ. ਪ੍ਰੀਤਮ ਸਿੰਘ ਮੱਲ ਸਿੰਘ ਵਾਲਾ, ਹਰਪਾਲ ਸਿੰਘ ਪੰਮੀ, ਮਹਿਲ ਸਿੰਘ ਮੱਲ, ਡਾ ਰੇਸ਼ਮ ਸਿੰਘ, ਬਸੰਤ ਸਿੰਘ ਸੂਬੇਦਾਰ, ਅਕਾਸ਼ਦੀਪ ਗਿੱਲ, ਕੁਲਦੀਪ ਸਿੰਘ ਚਹਿਲ ਪ੍ਰਧਾਨ



ਆਈਲਟਸ ਐਸੋਸੀਏਸ਼ਨ ਬੁਢਲਾਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਕੈਂਪ ਦੌਰਾਨ ਡਾ. ਪਿਊਸ਼ ਗੋਇਲ ਆਈ ਸਰਜਨ ਸਰਦੂਲਗੜ੍ਹ ਤੇ ਉਨ੍ਹਾਂ ਦੀ ਟੀਮ ਨੇ 334 ਵਿਅਕਤੀਆਂ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ ਤੇ ਜਿਨ੍ਹਾਂ ਵਿੱਚੋਂ ਚਿੱਟੇ ਮੋਤੀਏ ਤੋਂ ਪੀੜਤ 55 ਮਰੀਜ਼ਾਂ ਨੂੰ ਅਪ੍ਰੇਸ਼ਨਾਂ ਦੀ ਸਲਾਹ ਦਿੱਤੀ ਗਈ। ਸੁਸਾਇਟੀ ਦੇ ਕੁਆਡੀਨੇਟਰ-ਕਮ-ਪ੍ਰਧਾਨ ਤਰਸੇਮ ਸਿੰਘ ਮੰਦਰਾਂ ਨੇ ਕਿਹਾ ਕਿ ਅਪ੍ਰੇਸ਼ਨਾਂ ਲਈ ਚੁਣੇ ਗਏ ਮਰੀਜ਼ਾਂ ਦੇ ਅਪ੍ਰੇਸ਼ਨ ਹਰ ਵਾਰ ਦੀ ਤਰ੍ਹਾਂ ਸ਼ਿਫਟ ਵਾਈਜ਼ ਸਿਵਲ ਹਸਪਤਾਲ ਸਰਦੂਲਗੜ੍ਹ ਵਿਖੇ ਮੁਫਤ ਕਰਵਾਏ ਜਾਣਗੇ। ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਮੱਲ ਨੇ ਦੱਸਿਆ ਕਿ ਅੱਜ ਦੇ ਕੈਂਪ ਵਿੱਚ ਲੋੜਵੰਦ ਵਿਅਕਤੀਆਂ ਨੂੰ ਦਵਾਈਆਂ ਵੀ ਸੰਸਥਾ ਵੱਲੋਂ ਮੁੱਫਤ ਦਿੱਤੀਆਂ ਗਈਆਂ ਹਨ ਤੇ ਕੈਂਪ ਦੌਰਾਨ ਜਿਨ੍ਹਾਂ ਵਿਆਕਤੀਆਂ ਨੂੰ ਐਨਕਾਂ ਦੇ ਨੰਬਰ ਦਿੱਤੇ ਗਏ ਹਨ, ਉਨ੍ਹਾਂ ਨੂੰ ਕੁਝ ਦਿਨਾਂ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਐਨਕਾਂ ਮੁਫਤ ਤਿਆਰ ਕਰਵਾ ਕੇ ਦਿੱਤੀਆਂ ਜਾਣਗੀਆਂ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨਦੀਪ ਸਿੰਘ ਯੂ.ਐੱਸ.ਏ. ਦੇ ਪਰਵਾਰ ਤੋਂ ਇਲਾਵਾ, ਬੇਗਮਪੁਰਾ ਵੈੱਲਫੇਅਰ ਸੁਸਾਇਟੀ ਦੀ ਸਮੁੱਚੀ ਟੀਮ ਤੇ ਪਹੁੰਚੇ ਹੋਏ ਸਮਾਜਸੇਵੀਆਂ ਨੂੰ ਸਨਮਾਨਤ ਕੀਤਾ। ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਹੋਰਨਾਂ ਤੋਂ ਇਲਾਵਾ ਸ਼ਹੀਦ ਜੋਗਿੰਦਰ ਸਿੰਘ ਸਪੋਰਟਸ ਕਲੱਬ ਦੇ ਪ੍ਰਧਾਨ ਨਿਰਮਲ ਸਿੰਘ ਗਿੱਲ, ਸੋਨੀ ਸਿੰਘ, ਮਲਕੀਤ ਸਿੰਘ, ਕ੍ਰਿਸ਼ਨ ਝੁਨੀਰ, ਜਸਪਾਲ ਸਿੰਘ, ਅਰਸ਼ਦੀਪ ਸਿੰਘ, ਕਰਨ ਸਿੰਘ, ਆਸ਼ਾ ਵਰਕਰ ਯੂਨੀਅਨ ਬਲਾਕ ਬੁੱਢਲਾਡਾ ਦੀ ਪ੍ਰਧਾਨ ਕਿਰਨਜੀਤ ਕੌਰ ਟਾਹਲੀਆਂ, ਜੱਸੀ ਕੌਰ, ਸੁਖਵਿੰਦਰ ਕੌਰ ਮੰਦਰਾਂ, ਜੋਤੀ ਕੌਰ ਸ਼ੈਦੇਵਾਲਾ, ਰਾਜਵੀਰ ਕੌਰ ਰਾਏਪੁਰ ਮਾਖਾ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਭਗਵਾਨ ਵਿਸ਼ਵਕਰਮਾ ਦਾ ਪ੍ਰਕਾਸ਼ ਉਤਸਵ ਸ਼ਰਧਾ ਨਾਲ ਮਨਾਇਆ



ਵਿਸ਼ਵਕਰਮਾ ਦਿਵਸ ਮੌਕੇ ਮੰਦਰ 'ਚ ਮੱਥਾ ਟੇਕਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਤੇ ਹੋਰ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਵਿਸ਼ਵਕਰਮਾ ਮੰਦਿਰ ਸਭਾ ਵੱਲੋਂ ਸਥਾਨਕ ਸ੍ਰੀ ਵਿਸ਼ਵਕਰਮਾ ਮੰਦਿਰ ਵਿਖੇ ਮਹਾਨ ਸ਼ਿਲਪਕਾਰ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਉਤਸਵ 'ਤੇ ਰਾਜ ਤਿਲਕ ਸਬੰਧੀ 70ਵਾਂ ਸਮਾਗਮ ਕਰਵਾਇਆ ਗਿਆ। ਸ੍ਰੀ ਵਿਸ਼ਵਕਰਮਾ ਸਭਾ ਵੱਲੋਂ ਸਥਾਨਕ ਵਿਸ਼ਵਕਰਮਾ ਮੰਦਰ ਵਿੱਚ ਕਰਵਾਏ ਗਏ ਧਾਰਮਿਕ ਸਮਾਰੋਹ ਵਿੱਚ ਤੜਕੇ ਚਾਰ ਵਜੇ ਮੰਦਰ ਵਿੱਚ ਸਥਿਤ ਪਵਿੱਤਰ ਮੂਰਤੀਆਂ ਨੂੰ ਇਸ਼ਨਾਨ ਕਰਵਾਏ ਗਏ, ਹਵਨ ਯੱਗ ਵਿੱਚ ਆਹੂਤੀ ਪਾਈ ਗਈ। ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਪੀ ਏ ਸੁਖਵਿੰਦਰ ਸਿੰਘ ਗਿੱਲ ਨੇ ਮੰਦਰ ਵਿੱਚ ਝੰਡਾ ਚੜ੍ਹਾਉਣ ਦੀ ਰਸਮ ਅਦਾ ਕਰ ਲੰਗਰ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਸਮਰਾਲਾ ਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ, ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਸੁਰਿੰਦਰ ਕੁੰਦਰਾ ਤੇ ਭਾਜਪਾ ਆਗੂ ਰਾਜੇਸ਼ ਲੀਹਲ ਪੁੱਜੇ, ਜਿਨ੍ਹਾਂ ਨਤਮਸਤਕ ਹੋ ਕੇ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦਾ ਆਸ਼ੀਰਵਾਦ ਲਿਆ। ਇਸ ਧਾਰਮਿਕ ਸਮਾਰੋਹ ਦੌਰਾਨ ਵੱਖ-ਵੱਖ ਗਾਇਕਾਂ ਵੱਲੋਂ ਵਿਸ਼ਵਕਰਮਾ ਜੀ ਦੀ ਮਹਿਮਾ ਗਾ ਕੇ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ ਏ ਰਾਜੇਸ਼ ਬਿੱਟੂ, ਸੁਖਪ੍ਰੀਤ ਸਿੰਘ ਝੜੌਦੀ, ਜਸਦੇਵ ਸਿੰਘ ਰੁੜੇਵਾਲ, ਪਵਨ ਸਿੰਗਲਾ ਤੋਂ ਇਲਾਵਾ ਦੇਸ ਰਾਜ ਲੀਹਲ, ਪ੍ਰੇਮ ਚੰਦ ਲੀਹਲ, ਮਾ. ਗੁਰਮਿੱਤਰ ਸਿੰਘ, ਧਰਮ ਪਾਲ ਲੀਹਲ, ਤਰਸੇਮ ਲਾਲ ਅਢਿਆਣਾ, ਨਰਿੰਦਰ ਪਾਲ ਅਢਿਆਣਾ ਤੇ ਕਰਮਜੀਤ ਸਿੰਘ ਪੰਜੇਟਾ (ਸਾਰੇ ਸਰਪ੍ਰਸਤ), ਮੰਦਿਰ ਕਮੇਟੀ ਦੇ ਪ੍ਰਧਾਨ ਲਕਸ਼ਮੀ ਨਰਾਇਣ ਮੈਣ, ਜਨਰਲ ਸਕੱਤਰ ਰਾਜ ਕੁਮਾਰ ਸਹਾਰਨ, ਕੈਸ਼ੀਅਰ ਹਰਪ੍ਰੀਤ ਸਿੰਘ ਅਭੇਪਾਲ, ਸਟੋਰ ਇੰਚਾਰਜ ਦਲਵੀਰ ਚੰਦ ਧੀਰ, ਬਿਲਡਿੰਗ ਇੰਚਾਰਜ ਦੇਸ ਰਾਜ ਮਹਿਲ, ਮੇਲਾ ਇੰਚਾਰਜ ਮੋਹਣ ਲਾਲ ਰਵਦੇ, ਸੀਨੀਅਰ ਮੀਤ ਪ੍ਰਧਾਨ ਗੁਰਦਰਸ਼ਨ ਸਿੰਘ ਲੀਹਲ, ਵਾਈਸ ਪ੍ਰਧਾਨ ਗੁਰਦਿੱਤ ਕੁਮਾਰ ਸਹਾਰਨ, ਸਹਾਇਕ ਸਕੱਤਰ ਜੀਵਨ ਕੁਮਾਰ ਲੀਹਲ, ਸਹਾਇਕ ਕੈਸ਼ੀਅਰ ਕੁਲਵਿੰਦਰ ਕੁਮਾਰ, ਸਹਾਇਕ ਸਟੋਰ ਇੰਚਾਰਜ ਸੰਜੀਵ ਕੁਮਾਰ ਮੈਣ, ਸੁਖਦੇਵ ਰਾਜ ਧੀਰ, ਦੀਪਕ ਕੁਮਾਰ ਬੰਟੀ, ਗੁਰਵਿੰਦਰਪਾਲ, ਦਰਸ਼ਨ ਲਾਲ ਮਹਿਲ, ਸਤਪਾਲ ਲੀਹਲ, ਕਰਨੈਲ ਸਿੰਘ ਗੜ੍ਹੀ ਬੇਟ, ਅਸ਼ੋਕ ਕੁਮਾਰ ਲੀਹਲ (ਸਾਰੇ ਮੈਂਬਰ) ਮੌਜੂਦ ਸਨ।

## ਮਕਾਨ ਉਸਾਰੀ ਵਰਕਰ ਯੂਨੀਅਨ ਨੇ ਵਿਜੇ ਧੀਰ ਐਡਵੋਕੇਟ ਨੂੰ ਕੀਤਾ ਸਨਮਾਨਤ



**ਮੋਗਾ (ਅਮਰਜੀਤ ਬੱਬਰੀ)**

ਮਜ਼ਦੂਰ ਆਗੂ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੂੰ ਉਨ੍ਹਾਂ ਦੀਆਂ ਮਜ਼ਦੂਰਾਂ ਪ੍ਰਤੀ ਅਣਥੱਕ ਸੇਵਾ ਦੇ ਇਵਜ਼ ਵਿੱਚ ਨੀਵਾਂ ਪੁਲ ਨੇੜੇ ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਇੰਟਕ ਦੇ ਦਫ਼ਤਰ ਦੇ ਅਹਾਤੇ ਵਿੱਚ ਮਕਾਨ ਉਸਾਰੀ ਵਰਕਰ ਯੂਨੀਅਨ ਦੇ ਪ੍ਰਧਾਨ ਦਿਆਲ ਸਿੰਘ ਠੇਕੇਦਾਰ ਅਤੇ ਸਕੱਤਰ ਸੁਖਮੰਦਰ ਸਿੰਘ ਥੰਮਣ ਨੇ ਦੋਸ਼ਾਲਾ ਪਹਿਨਾ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ, ਪ੍ਰਦੇਸ਼ ਯੂਥ ਇੰਟਕ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ, ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ, ਸਕੱਤਰ ਕੁਲਵੰਤ ਸਿੰਘ, ਗਿਆਨੀ ਬਲਦੇਵ ਸਿੰਘ, ਰਾਜ ਕੁਮਾਰ ਸ਼ਰਮਾ, ਜਤਿੰਦਰ ਸਿੰਘ, ਸਿਟੀ ਮੋਗਾ ਮਹਿਲਾ ਇੰਟਕ ਪ੍ਰਧਾਨ ਕੁਲਵਿੰਦਰ ਕੌਰ, ਨਿਰਮਲ ਸਰਮਾ, ਵਿੱਦਿਆ ਰਾਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਮਕਾਨ ਉਸਾਰੀ ਵਰਕਰ ਯੂਨੀਅਨ ਪ੍ਰਧਾਨ ਦਿਆਲ ਸਿੰਘ ਠੇਕੇਦਾਰ ਨੇ ਕਿਹਾ ਕਿ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਦੀ ਮਜ਼ਦੂਰਾਂ ਪ੍ਰਤੀ ਅਣਥੱਕ ਸੇਵਾ ਲਾਮਿਸਾਲ ਹੈ ਅਤੇ ਪ੍ਰੇਰਣਾਦਾਇਕ ਹੈ। ਦਿਆਲ ਸਿੰਘ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਵਿੱਚ ਮਜ਼ਦੂਰ ਵਰਗ ਨੂੰ ਸੰਗਠਤ ਕਰਨ ਵਿੱਚ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਇੱਕ ਉਦਾਹਰਣ ਬਣ ਗਿਆ ਹੈ।

# ਮੰਡੀਆਂ 'ਚ 99 ਫ਼ੀਸਦੀ ਝੋਨੇ ਦੀ ਹੋਈ ਖਰੀਦ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੰਡੀਆਂ ਵਿੱਚ ਝੋਨੇ ਦੀ ਖਰੀਦ, ਲਿਫਟਿੰਗ ਅਤੇ ਫ਼ਸਲ ਦੀ ਅਦਾਇਗੀ ਨਾਲ ਸਬੰਧਤ ਮੁਕੰਮਲ ਪ੍ਰਬੰਧ ਕੀਤੇ ਗਏ ਹਨ ਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਮੁਸਕਲ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ। ਮੰਡੀਆਂ ਵਿੱਚ ਝੋਨੇ ਦੀ ਆਮਦ ਲਗਾਤਾਰ ਜਾਰੀ ਹੈ ਤੇ ਨਾਲੋ-ਨਾਲ ਫ਼ਸਲ ਦੀ ਖਰੀਦ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕੀਤਾ। ਬੀਤੀ ਸ਼ਾਮ ਤੱਕ ਕੁੱਲ 124507 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 123888 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਜੋ 99 ਫ਼ੀਸਦੀ ਤੋਂ ਵਧੇਰੇ ਬਣਦੀ ਹੈ।

ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਸ੍ਰੀ ਹਿਮਾਂਸ਼ੂ ਕੁਕੜ ਨੇ ਦੱਸਿਆ ਕਿ ਪਨਗ੍ਰੇਨ ਨੇ ਹੁਣ ਤੱਕ 47214 ਮੀਟਰਿਕ ਟਨ, ਮਾਰਕਫੈਡ ਨੇ 21905 ਮੀਟਰਿਕ ਟਨ, ਪਨਸਪ ਨੇ 23404 ਮੀਟਰਿਕ ਟਨ, ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਨੇ 10926 ਮੀਟਰਿਕ ਟਨ ਤੇ ਵਪਾਰੀਆਂ ਨੇ 20439 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਨਿਰਧਾਰਤ ਲਿਫਟਿੰਗ ਦੇ ਟੀਚੇ ਮੁਤਾਬਕ 96 ਫ਼ੀਸਦੀ ਫਸਲ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਇਸ ਤੋਂ ਇਲਾਵਾ 25 ਅਕਤੂਬਰ ਤੱਕ ਖਰੀਦ ਕੀਤੇ ਗਏ ਝੋਨੇ ਵਿਚੋਂ 191 ਕਰੋੜ ਤੋਂ ਵਧੇਰੇ ਦੀ ਅਦਾਇਗੀ ਦੇ ਅਡਵਾਇਸ ਵੀ ਜਨਰੇਟ ਕੀਤੇ ਗਏ ਹਨ, ਜੋ ਖਰੀਦੀ ਫਸਲ ਦੇ 95 ਫ਼ੀਸਦੀ ਬਣਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਤੋਂ ਪ੍ਰਾਪਤ ਆਦੇਸ਼ਾਂ ਦੀ ਪਾਲਣਾ ਕਰਦਿਆਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀ ਗਈਆਂ ਹਨ ਕਿ ਨਿਰਧਾਰਤ ਸਮੇਂ ਅੰਦਰ ਹੀ ਲਿਫਟਿੰਗ ਕਰਾਉਣ ਅਤੇ ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਲਕੁਲ ਸੁੱਕਾ ਝੋਨਾ ਹੀ ਮੰਡੀ ਵਿੱਚ ਲੈ ਕੇ ਆਉਣ ਤਾਂ ਜੁ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਤੇ ਆਉਂਦੇ ਸਾਰ ਹੀ ਉਨ੍ਹਾਂ ਦੀ ਫ਼ਸਲ ਦੀ ਖਰੀਦ ਹੋ ਸਕੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਵਾਤਾਵਰਣ ਦੀ ਸੰਭਾਲ ਲਈ ਪਰਾਲ੍ਹੀ ਨੂੰ ਅੱਗ ਨਾ ਲਾ ਕੇ ਆਪਣਾ ਯੋਗਦਾਨ ਪਾਉਣ।

ਮੰਡੀਆਂ ਵਿੱਚ ਜ਼ਿਲ੍ਹੇ ਅੰਦਰ ਕੀਤੇ ਗਏ ਪ੍ਰਬੰਧਾਂ ਬਾਰੇ ਪਿੰਡ ਪ੍ਰਭਾਤ ਸਿੰਘ ਵਾਲਾ ਦੇ ਕਿਸਾਨ ਸੋਹਨ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਉਹ ਫ਼ਸਲ ਮੰਡੀ ਵਿੱਚ ਲੈ ਕੇ ਆਇਆ, ਉਸਦੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਫ਼ਸਲ ਦੀ ਖਰੀਦ ਨਾਲੋ-ਨਾਲ ਕੀਤੀ ਗਈ ਤੇ ਖਰੀਦ ਹੋਣ ਉਪਰੰਤ ਫਸਲ ਦੀ ਲਿਫ਼ਟਿੰਗ ਵੀ ਹੋ ਗਈ ਹੈ। ਕਿਸਾਨ ਦਾ ਕਹਿਣਾ ਹੈ ਕਿ ਉਹ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਦੇ ਪੁਖਤਾ ਪ੍ਰਬੰਧਾਂ ਕਰਕੇ ਉਸਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਉਸ ਨੂੰ ਆਪਣੀ ਫ਼ਸਲ ਦੀ ਖਰੀਦ ਲਈ ਜ਼ਿਆਦਾ ਸਮਾਂ ਮੰਡੀ ਵਿੱਚ ਰੁਕਣਾ ਨਹੀਂ ਪਿਆ, ਜਿਸ ਕਰਕੇ ਉਹ ਖੱਜਲ ਖੁਆਰੀ ਤੋਂ ਵੀ ਬਚਿਆ ਹੈ।

# ਸੂਬੇ ਦੀਆਂ ਮੰਡੀਆਂ 'ਚ 82 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ : ਕਟਾਰੂ ਚੱਕ

**ਨਵਾਂ ਸ਼ਹਿਰ/ਬਹਿਰਾਮ (ਮਨੋਜ ਲਾਡੀ, ਅਵਤਾਰ ਕਲੇਰ)** ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ ਕੁੱਲ 84 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ ਕਰੀਬ 82 ਲੱਖ ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਨਵਾਂਸ਼ਹਿਰ ਅਤੇ ਬੰਗਾ ਮੰਡੀਆਂ ਵਿੱਚ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਅਨੁਸਾਰ ਚੱਲ ਰਹੇ ਖਰੀਦ ਸੀਜਨ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਗਈ ਹੈ। ਤਿਉਹਾਰਾਂ ਦੌਰਾਨ ਵੀ ਕਿਸੇ ਨੂੰ ਵੀ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਨਹੀਂ ਰਹਿਣਾ ਪਿਆ ਕਿਉਂਕਿ ਫਸਲ ਮੰਡੀ ਪੁੱਜਣ ਦੇ ਚਾਰ ਘੰਟਿਆਂ ਵਿੱਚ ਹੀ ਫਸਲ ਦੀ ਖਰੀਦ ਹੋ ਜਾਂਦੀ ਹੈ। ਖੁਰਾਕ ਮੰਤਰੀ ਨੇ ਕਿਹਾ ਕਿ ਸੀਜਨ ਪੂਰੀ ਤਰਾਂ ਨਿਰਵਿਘਨ ਚੱਲ ਰਿਹਾ ਅਤੇ ਲਿਫਟਿੰਗ ਅਤੇ ਅਦਾਇਗੀ ਵੀ ਨਾਲੋ-ਨਾਲ ਚੱਲ ਰਹੀ ਹੈ। ਪੰਜਾਬ ਵਿੱਚ ਹੁਣ ਤੱਕ 63 ਮੀਟਰਿਕ ਟਨ ਦੀ ਲਿਫਟਿੰਗ ਤੋਂ ਇਲਾਵਾ ਕਿਸਾਨਾਂ ਦੇ ਖਾਤਿਆਂ ਵਿੱਚ ਕੁੱਲ 10000 ਕਰੋੜ ਰੁਪਏ ਟਰਾਂਸਫਰ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਉਹ ਖੁਦ ਸਾਰੀਆਂ ਮੰਡੀਆਂ ਦਾ ਦੌਰਾ ਕਰਕੇ ਇਹ ਦੇਖਣ ਲਈ ਖਰੀਦ ਦਾ ਜਾਇਜਾ ਲੈ ਰਹੇ ਹਨ ਕਿ ਜਮੀਨੀ ਪੱਧਰ 'ਤੇ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਮੰਡੀਆਂ 'ਚ ਮਿਲ ਰਹੀਆਂ ਹਨ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਖਰੀਦ ਏਜੰਸੀਆਂ ਨੂੰ ਪਹਿਲੇ ਦਿਨ ਤੋਂ ਹੀ ਕਿਸਾਨਾਂ ਅਤੇ ਖਰੀਦ ਨਾਲ ਜੁੜੇ ਹਰੇਕ ਹਿੱਸੇਦਾਰ, ਭਾਵੇਂ ਉਹ ਮਜਦੂਰ, ਆੜ੍ਹਤੀਏ ਜਾਂ ਮਿੱਲਰ ਹਨ, ਨੂੰ ਬਿਨਾਂ ਕੋਈ ਮੁਸ਼ਕਿਲ ਦਾ ਸਾਹਮਣਾ ਕੀਤਿਆਂ, ਫਸਲ ਦੀ ਖਰੀਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਜਲਦੀ ਖਰੀਦ ਲਈ ਸਾਫ-ਸੁਥਰੀ ਅਤੇ ਸੁੱਕੀ ਜਿਣਸ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕੀਤੀ। ਇਸ ਮੌਕੇ ਡੀ ਸੀ ਐਨ ਪੀ ਐਸ ਰੰਧਾਵਾ, ਐਸ ਐਸ ਪੀ ਭਾਗੀਰਥ ਸਿੰਘ ਮੀਣਾ, ਐਸ ਡੀ ਐਮ ਬੰਗਾ ਪੂਨਮ ਪ੍ਰੀਤ ਕੌਰ, ਡੀ ਐਸ ਪੀ ਸਰਵਣ ਸਿੰਘ ਬੱਲ, ਡੀ ਐਸ ਪੀ ਰਣਜੀਤ ਸਿੰਘ ਬਦੇਸਾਂ, ਡਿਪਟੀ ਡਾਇਰੈਕਟਰ ਫੀਲਡ ਹਰਜੀਤ ਕੌਰ, ਡੀ ਐਫ ਐਸ ਸੀ ਰੇਣੂ ਬਾਲਾ ਵਰਮਾ ਅਤੇ ਬੰਗਾ ਅਤੇ ਨਵਾਂਸ਼ਹਿਰ ਤੋਂ 'ਆਪ' ਆਗੂ ਕੁਲਜੀਤ ਸਿੰਘ ਸਰਹਾਲ, ਲਲਿਤ ਮੋਹਨ ਪਾਠਕ ਵੀ ਮੌਜੂਦ ਸਨ।

# ਫਰਨੀਚਰ ਫੈਕਟਰੀ ਅੱਗ ਲੱਗਣ ਨਾਲ ਸੜ ਕੇ ਸੁਆਹ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੀਤੀ ਰਾਤ ਸੁਖੀਆਬਾਦ ਵਿਖੇ ਸਥਿਤ ਸਾਬਕਾ ਕੌਂਸਲਰ ਸਰਵਜੀਤ ਸਿੰਘ ਦੀ ਫਰਨੀਚਰ ਫੈਕਟਰੀ ਨੂੰ ਅੱਗ ਲੱਗਣ ਕਾਰਨ ਇਸ ਵਿੱਚ ਪਿਆ ਪਟਾਕਿਆਂ ਆਦਿ ਦਾ ਸਟਾਕ, ਮਸ਼ੀਨਰੀ ਅਤੇ ਸ਼ੈੱਡ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ। ਅੱਗ ਸਵੇਰੇ 8:30 ਵਜੇ ਦੇ ਕਰੀਬ ਅੱਗ ਲੱਗੀ, ਜਿਸ ਦਾ ਸੰਭਾਵਿਤ ਕਾਰਨ ਪਟਾਕੇ ਆਦਿ ਡਿੱਗਣ ਦਾ ਅੰਦਾਜਾ ਲਗਾਇਆ ਜਾ ਰਿਹਾ ਹੈ। ਸਰਵਜੀਤ ਸਿੰਘ ਨੇ ਮੌਕੇ 'ਤੇ ਪਹੁੰਚੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ, ਸਾਬਕਾ ਮੇਅਰ ਸ਼ਿਵ ਸੂਦ, ਸੁਰੇਸ਼ ਭਾਟੀਆ ਬਿੱਟੂ, ਅਸ਼ਵਨੀ ਗੈਂਦ, ਰਾਮਦੇਵ ਯਾਦਵ ਅਤੇ ਯਸ਼ਪਾਲ ਸ਼ਰਮਾ ਆਦਿ ਨੂੰ ਦੱਸਿਆ ਕਿ ਬੀਤੇ ਕੱਲ੍ਹ ਸਾਢੇ ਅੱਠ ਵਜੇ ਦੇ ਕਰੀਬ ਉਨ੍ਹਾਂ ਦੇ ਗੁਆਂਢੀ ਨੇ ਦੱਸਿਆ ਕਿ ਪਏ ਸਾਮਾਨ ਤੋਂ ਫੈਕਟਰੀ 'ਚ ਅੱਗ ਲੱਗ ਰਹੀ ਸੀ, ਇਸ ਲਈ ਉਨ੍ਹਾਂ ਨੇ ਫਾਇਰ ਬ੍ਰਿਗੇਡ ਨੂੰ ਬੁਲਾਇਆ ਅਤੇ ਸਮੂਹ ਇਲਾਕਾ ਨਿਵਾਸੀਆਂ ਨੇ ਵੀ ਅੱਗ ਬੁਝਾਉਣ 'ਚ ਮਦਦ ਕੀਤੀ ਅਤੇ ਕਰੀਬ 6 ਘੰਟੇ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਉਸ ਨੇ ਦੱਸਿਆ ਕਿ ਫੈਕਟਰੀ ਦੇ ਨਾਲ ਲੱਗਦੀ ਅਮਰੀਕ ਸਿੰਘ ਦੀ ਡੇਅਰੀ ਵਿੱਚ ਅੱਗ ਲੱਗਣ ਕਾਰਨ ਉਸ ਦੀਆਂ 6 ਮੱਝਾਂ ਗੰਭੀਰ ਰੂਪ ਵਿੱਚ ਜਖਮੀ ਹੋ ਗਈਆਂ ਅਤੇ ਉਸ ਦਾ ਲੜਕਾ ਵੀ ਅੱਗ ਦੀ ਲਪੇਟ ਵਿੱਚ ਆ ਗਿਆ, ਫੈਕਟਰੀ ਦੇ ਅਹਾਤੇ ਵਿੱਚ ਖੜੀ ਇੱਕ ਟੈਂਟ, ਇੱਕ ਕਾਰ, ਐਕਟਿਵਾ ਵੀ ਪੂਰੀ ਤਰ੍ਹਾਂ ਸੜ ਗਈ। ਉਨ੍ਹਾਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਇਸ ਭਿਆਨਕ ਅੱਗ ਵਿੱਚ ਕਰੋੜਾਂ ਰੁਪਏ ਦਾ ਨੁਕਸਾਨ ਹੋਣ ਦੇ ਬਾਵਜੂਦ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

# ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਕਰਵਾਈ



**ਫਿਲੌਰ (ਨਿਰਮਲ)** ਕੰਨਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਵਿਖੇ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਕਰਵਾਈ ਗਈ। ਜਿਸ ਦਾ ਉਦਘਾਟਨ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਆਪ ਫਿਲੌਰ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਮਿਡਲ ਵਿੰਗ ਵਿੱਚ 19 ਸਕੂਲਾਂ ਨੇ ਭਾਗ ਲਿਆ ਅਤੇ ਹਾਈ ਵਿੰਗ ਵਿੱਚ 13 ਸਕੂਲਾਂ ਨੇ ਭਾਗ ਲਿਆ। ਬੱਚਿਆਂ ਦੁਆਰਾ ਸਾਧਾਰਨ ਵਿਗਿਆਨ ਨੂੰ ਬੜੇ ਹੀ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਅਤੇ ਉਸ ਦੀ ਵਰਤੋਂ ਸੰਬੰਧੀ ਵੀ ਪੂਰੀ ਜਾਣਕਾਰੀ ਦਿੱਤੀ ਗਈ। ਸਮਾਗਮ ਦੀ ਅਗਵਾਈ ਪ੍ਰਿੰਸੀਪਲ ਸ੍ਰੀਮਤੀ ਸੁਸੀਲਾ ਕੁਮਾਰੀ ਦੁਆਰਾ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਮਿਡਲ ਵਿੰਗ ਵਿੱਚ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਦਿਆਲਪੁਰ, ਦੂਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਰਸਿੰਘ ਪੁਰਾ ਅਤੇ ਤੀਸਰਾ ਸਥਾਨ ਸਰਕਾਰੀ ਮਿਡਲ ਸਕੂਲ ਸੈਲਕੀਆਣਾ ਨੇ ਪ੍ਰਾਪਤ ਕੀਤਾ। ਸੈਕੰਡਰੀ ਵਿੰਗ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਿਲੌਰ, ਦੂਸਰਾ ਸਥਾਨ ਸਰਕਾਰੀ ਹਾਈ ਸਕੂਲ ਹਰੀਪੁਰ ਖਾਲਸਾ ਅਤੇ ਤੀਸਰਾ ਸਥਾਨ ਸਰਕਾਰੀ ਹਾਈ ਸਕੂਲ ਥਲਾਂ ਨੇ ਪ੍ਰਾਪਤ ਕੀਤਾ। ਇਸ ਮੌਕੇ ਬੀ ਐਨ ਓ ਰਜਵੰਤ ਸਿੰਘ, ਜਸਵੀਰ ਸਿੰਘ, ਰਣਵੀਰ ਸਿੰਘ, ਮੈਡਮ ਸਰਬਜੀਤ ਕੌਰ, ਰਵਨੀਤ ਕੌਰ, ਜਸਲੀਨ ਕੌਰ, ਸ਼ਿਲਪਾ ਅਤੇ ਸ੍ਰੀ ਹਰੀ ਕ੍ਰਿਸ਼ਨ ਆਦਿ ਹਾਜਰ ਸਨ।

## ਕੀਰਤਨ ਦਰਬਾਰ ਕਰਵਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪਿੰਡ ਕੰਧਾਲੀ ਨਾਰੰਗਪੁਰ ਵਿਖੇ ਬੰਦੀ ਛੋੜ ਦਿਵਸ ਨੂੰ ਸਮਰਪਿਤ 9ਵਾਂ ਮਹਾਨ ਸਾਲਾਨਾ ਕੀਰਤਨ ਦਰਬਾਰ ਤੇ ਗੁਰਮਤਿ ਸਮਾਗਮ ਸ਼ਰਧਾ,ਭਾਵਨਾ ਤੇ ਸਤਿਕਾਰ ਨਾਲ ਕਰਵਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਆਪਣੀ ਹਾਜਰੀ ਲਗਵਾਈ। ਪਿੰਡ ਦੀ ਨੌਜਵਾਨ ਸਭਾ ਵੱਲੋਂ, ਪਰਵਾਸੀ ਭਾਰਤੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਪਰੰਤ ਸ਼ਾਮ ਸਮੇਂ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਕਰਵਾਏ ਗਏ ਮਹਾਨ ਕੀਰਤਨ ਦਰਬਾਰ ਵਿੱਚ ਕਥਾ ਵਾਚਕ ਗਿਆਨੀ ਸਰਤਾਜ ਸਿੰਘ ਬਸਰਾਵਾਂ ਵਾਲੇ, ਭਾਈ ਤਜਿੰਦਰ ਸਿੰਘ ਦੇਹਰੀਵਾਲ ਵਾਲੇ, ਕਵੀਸ਼ਰੀ ਜਥਾ ਭਾਈ ਜਸਵੀਰ ਸਿੰਘ ਮੋਹਲਕੇ ਅਤੇ ਭਾਈ ਜਗਤਾਰ ਸਿੰਘ ਘਰਿਆਲ ਦੇ ਢਾਡੀ ਜਥੇ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਗੁਰਮਤਿ ਵਿਚਾਰਾਂ ਅਤੇ ਢਾਡੀ ਵਾਰਾਂ ਰਾਹੀਂ ਨਿਹਾਲ ਕਰਦੇ ਹੋਏ ਬੰਦੀ ਛੋੜ ਦਿਵਸ ਦੀ ਮਹੱਤਤਾ ਅਤੇ ਇਤਿਹਾਸ 'ਤੇ ਚਾਨਣਾ ਪਾਉਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਬਾਣੀ ਨੂੰ ਆਪਣੇ ਜੀਵਨ ਵਿਚ ਅਪਣਾ ਕੇ ਮਨੁੱਖਾ ਜਨਮ ਸਫਲਾ ਕਰਨ ਦੀ ਪ੍ਰੇਰਨਾ ਦਿੱਤੀ।

## ਸ ਸ ਸ ਸ ਸਕੂਲ ਰੇਲਵੇ ਮੰਡੀ ਵਿਖੇ ਕਮੈਮੋਰੇਸ਼ਨ ਡੇ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸੀਨੀਅਰ ਪੁਲਸ ਕਪਤਾਨ ਅਤੇ ਜਿਲ੍ਹਾ ਸਿੱਖਿਆ ਅਫਸਰ ਦੇ ਹੁਕਮਾਂ ਅਨੁਸਾਰ ਅਤੇ ਸ੍ਰੀਮਤੀ ਲਲਿਤਾ ਅਰੋੜਾ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਵਿਖੇ ਕਮੈਮੋਰੇਸ਼ਨ ਡੇ ਦੇ ਸੰਬੰਧ ਵਿੱਚ ਰਾਸ਼ਟਰ ਦੇ ਨਿਰਮਾਣ ਵਿੱਚ ਪੁਲਸ ਦੀ ਭੂਮਿਕਾ ਵਿਸ਼ੇ 'ਤੇ ਬਹਿਸ, ਚਿੱਤਰਕਾਰੀ ਅਤੇ ਲੇਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਸਾਰੀਆਂ ਗਤੀਵਿਧੀਆਂ ਵਿਚ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਬਹਿਸ ਮੁਕਾਬਲੇ ਵਿਚ ਸਿਮਰਨ ਦੱਸਵੀਂ-ਈ ਨੇ ਪਹਿਲਾ ਸਥਾਨ, ਦਿਵੀਆ ਦੱਸਵੀਂ-ਸੀ ਨੇ ਦੂਜਾ ਸਥਾਨ ਅਤੇ ਦਿਆ ਸੈਣੀ ਛੇਵੀਂ-ਈ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੇਖ ਮੁਕਾਬਲੇ ਵਿੱਚ ਅਰੂਸੀ ਚਾਵਲਾ ਨੇ ਪਹਿਲਾ ਸਥਾਨ, ਅਮਨਦੀਪ ਨੇ ਦੂਜਾ ਸਥਾਨ, ਰਾਜਵੰਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਚਿੱਤਰਕਾਰੀ ਮੁਕਾਬਲੇ ਵਿੱਚ ਸੋਨੀਆਂ ਬਾਰਵੀਂ-ਏ ਨੇ ਪਹਿਲਾ ਸਥਾਨ, ਰੀਆ ਬਾਰਵੀਂ-ਈ ਨੇ ਦੂਜਾ ਸਥਾਨ ਅਤੇ ਸੁਧਾ ਬਾਰਵੀਂ-ਈ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਨੇ ਕਿਹਾ ਕਿ ਰਾਸ਼ਟਰ ਦੇ ਨਿਰਮਾਣ ਵਿੱਚ ਪੁਲਸ ਦੀ ਬਹੁਤ ਵੱਡੀ ਭੂਮਿਕਾ ਹੈ ਅਤੇ ਸਾਨੂੰ ਇਸ ਦੀ ਇੱਜਤ ਅਤੇ ਸ਼ਲਾਘਾ ਕਰਨੀ ਚਾਹੀਦੀ ਹੈ। ਇਸ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਿੰਸੀਪਲ ਮੈਡਮ ਨੇ ਸ੍ਰੀਮਤੀ ਸੁਮਨ ਗੁਪਤਾ, ਸ੍ਰੀਮਤੀ ਦਲਜੀਤ ਕੌਰ, ਸ੍ਰੀਮਤੀ ਸੋਨਾਲੀ, ਸ੍ਰੀਮਤੀ ਰਜਨੀ ਨਾਹਰ, ਸ੍ਰੀਮਤੀ ਭਾਰਤੀ ਖੁਰਾਨਾ ਅਤੇ ਸ੍ਰੀਮਤੀ ਤਰਨਪ੍ਰੀਤ ਕੌਰ ਦੀ ਸ਼ਲਾਘਾ ਕੀਤੀ।

## ਜਨਮ ਦਿਨ ਬੂਟੇ ਲਗਾ ਕੇ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜਟਾਂ ਕੋਹਿਨੂਰ 321ਡੀ ਵੱਲੋਂ ਗ੍ਰੀਨ ਦੀਵਾਲੀ ਅਤੇ ਸੁਖਤਾਜ ਸਿੰਘ ਸਜਣ ਦਾ ਜਨਮ ਦਿਨ ਬਹੁਤ ਉਤਸ਼ਾਹਿਤ ਤਰੀਕੇ ਨਾਲ ਮਨਾਇਆ ਗਿਆ। ਹਵਾ ਨੂੰ ਪ੍ਰਦੂਸ਼ਣ ਰਹਿਤ ਕਰਨ ਵਾਸਤੇ ਫੁੱਲਦਾਰ ਫਲਦਾਰ ਛਾਂਦਾਰ ਅਤੇ ਔਸ਼ਧੀ ਵਾਲੇ ਬੂਟੇ ਲਗਾਏ ਗਏ। ਜਨਮ ਦਿਨ ਦਾ ਕੇਕ ਕੱਟਿਆ ਗਿਆ, ਉਪਰੰਤ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਪ੍ਰਦੂਸ਼ਣ ਰਹਿਤ ਆਬੋ ਹਵਾ ਪ੍ਰਦਾਨ ਕਰਨ ਵਾਸਤੇ ਬੂਟੇ ਲਗਾਏ ਗਏ। ਇਸ ਸਮੇਂ ਕਲੱਬ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਕਲੱਬ ਪੀ ਆਰ ਓ ਕੁਲਦੀਪ ਸਿੰਘ ਭੁੱਲਰ, ਬੀਬੀ ਗੁਰਦੇਵ ਕੌਰ ਸਜਣ, ਹਰਜਿੰਦਰ ਸਿੰਘ ਸਜਣ, ਬੀਬੀ ਸੁਖਵਿੰਦਰ ਕੌਰ ਸਜਣ, ਬੀਬੀ ਪਰਮਜੀਤ ਕੌਰ ਸਜਣ, ਸਵਰਨ ਸਿੰਘ ਸਜਣ, ਬੇਟੀ ਜਰਮਨਜੀਤ ਕੌਰ, ਬੇਟੀ ਜਸਮਨਜੀਤ ਕੌਰ, ਬੇਟੀ ਸਹਿਜਗੁਣ ਕੌਰ ਧਾਲੀਵਾਲ ਨੇ ਵਿਸ਼ੇਸ਼ ਸ਼ਿਰਕਤ ਕਰਨ ਉਪਰੰਤ ਕਲੱਬ ਦੇ ਉਪਰਾਲੇ ਦੀ ਪੁਰਜ਼ੋਰ ਪ੍ਰਸ਼ੰਸਾ ਕੀਤੀ ਹੈ।

## ਚੋਰ 15 ਹਜ਼ਾਰ ਲੈ ਉੱਡੇ

**ਫਿਲੌਰ (ਨਿਰਮਲ)**- ਨਜ਼ਦੀਕ ਪੈਂਦੇ ਮੁਹੱਲਾ ਰਵਿਦਾਸਪੁਰਾ ਵਿਖੇ ਚੋਰਾਂ ਵੱਲੋਂ ਇਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ। ਘਰ ਦੇ ਮਾਲਕ ਨਿਰਮਲ ਚੰਦ ਅਤੇ ਪਤਨੀ ਪਾਲੋ ਨੇ ਦੱਸਿਆ ਹੈ ਕਿ ਉਹ ਕਿਸੇ ਕੰਮ ਕਰਕੇ ਘਰੋਂ ਬਾਹਰ ਗਏ ਹੋਏ ਸਨ ਕਿ ਇੰਨੇ ਨੂੰ ਘਰ ਦੇ ਅੰਦਰ ਕੁਝ ਅਣਪਛਾਤੇ ਚੋਰ ਦਾਖਲ ਹੋ ਗਏ। ਚੋਰ ਉਨ੍ਹਾਂ ਦੇ ਟਰੰਕ ਦੇ ਵਿੱਚੋਂ 15000 ਰੁਪਏ ਨਕਦੀ ਅਤੇ ਬੈਂਕ ਦੀਆਂ ਕਾਪੀਆਂ ਲੈ ਕੇ ਫ਼ਰਾਰ ਹੋ ਗਏ। ਇਸ ਬਾਰੇ ਉਨ੍ਹਾਂ ਨੇ ਫਿਲੌਰ ਥਾਣੇ ਨੂੰ ਸੂਚਨਾ ਦੇ ਦਿੱਤੀ। ਜਿਸ ਉਪਰੰਤ ਮੌਕੇ ਤੇ ਥਾਣਾ ਫਿਲੌਰ ਪੁਲਸ ਅਧਿਕਾਰੀ ਉਨ੍ਹਾਂ ਦੇ ਘਰ ਆਏ ਅਤੇ ਸਾਰਾ ਮੌਕਾ ਦੇਖਿਆ। ਇਸ ਸਬੰਧੀ ਜਦੋਂ ਪੁਲਸ ਮੁਲਾਜ਼ਮਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਹੈ ਕਿ ਘਰਦਿਆਂ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪ੍ਰਭਾਤ ਫੇਰੀਆਂ ਸ਼ੁਰੂ

**ਕਰਤਾਰਪੁਰ (ਹਰਮੇਸ਼ ਦੱਤ)**- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 8 ਨਵੰਬਰ ਨੂੰ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਕਰਤਾਰਪੁਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਸਭਾ ਸੁਸਾਇਟੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਾਲ ਮਨਾਇਆ ਜਾ ਰਿਹਾ ਹੈ, ਜਿੱਥੇ ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ ਅਤੇ ਹੋਰ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕਰਨਗੇ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 27 ਅਕਤੂਬਰ ਤੋਂ 8 ਨਵੰਬਰ ਤੱਕ ਭਾਈ ਘਨੱਈਆ ਜੀ ਸੇਵਾ ਸੁਸਾਇਟੀ (ਰਜਿ.) ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਤੋਂ ਪ੍ਰਭਾਤ ਫੇਰੀਆਂ ਸ਼ੁਰੂ ਹਨ।

## ਸ਼ਿਵਾ ਪਬਲਿਕ ਸਕੂਲ 'ਚ ਕਰਵਾਇਆ ਮਹਿੰਦੀ ਮੁਕਾਬਲਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸ਼ਿਵਾ ਪਬਲਿਕ ਸਕੂਲ ਵਿਚ ਮਹਿੰਦੀ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਜਮਾਤ ਛੇਵੀਂ ਤੋਂ ਦਸਵੀਂ ਤੱਕ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸਾਰੇ ਬੱਚਿਆਂ ਨੇ ਬਹੁਤ ਸੋਹਣੇ - ਸੋਹਣੇ ਮਹਿੰਦੀ ਦੇ ਡਿਜ਼ਾਈਨ ਬਣਾਏ। ਸ਼੍ਰੀਮਤੀ ਸੁਮਨ ਪਾਠਕ ਪ੍ਰਿਸੀਪਲ ਨੇ ਸਾਰੀਆਂ ਵਿਦਿਆਰਥੀਆਂ ਦਾ ਹੌਸਲਾ ਵਧਾਉਂਦੇ ਹੋਏ ਭਵਿੱਖ ਵਿਚ ਇਸੇ ਤਰ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਕਿਹਾ। ਇਸ ਮੁਕਾਬਲੇ ਵਿਚ ਪਹਿਲੇ ਸਥਾਨ 'ਤੇ ਜੈਸਮੀਨ, ਰਵਨੀਤ, ਜਸਲੀਨ, ਗੁਰਜੀਤ, ਲਲਿਤਾ ਅਤੇ ਦੂਸਰੇ ਸਥਾਨ ਤੇ ਪ੍ਰਿਅੰਕਾ, ਹਰਜੋਤ, ਮੀਨਾਕਸ਼ੀ, ਜੋਬਨਪ੍ਰੀਤ, ਕੋਮਲ ਸੱਭਰਵਾਲ ਅਤੇ ਤੀਸਰੇ ਸਥਾਨ 'ਤੇ ਮੰਨਤ, ਪ੍ਰਭਜੋਤ, ਸਾਰਾ, ਗਗਨਪ੍ਰੀਤ ਕੌਰ ਰਹੇ।

## ਪਾਠ ਦਾ ਭੋਗ ਤੇ ਰਸਮ ਪਗੜੀ 31 ਨੂੰ

**ਫਿਲੌਰ (ਕੈਨੇਡੀ)** ਉਘੇ ਸਮਾਜ ਸੇਵਕ ਅਤੇ ਬਾਬਾ ਲਾਲ ਦਿਆਲ ਮੰਦਿਰ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਟੌਕਿਓ ਦਾ ਬੀਤੇ ਦਿਨ ਦੇਹਾਂਤ ਹੋ ਗਿਆ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਰਸਮ ਪਗੜੀ 31 ਅਕਤੂਬਰ ਦਿਨ ਸੋਮਵਾਰ ਨੂੰ 1 ਤੋਂ 2 ਵਜੇ ਤੱਕ ਮੁਹੱਲਾ ਚੌਧਰੀਆਂ ਸ਼ਿਵ ਮੰਦਿਰ ਫਿਲੌਰ ਵਿਖੇ ਹੋਣਗੇ।

## ਕੀਰਤਨ ਦਰਬਾਰ ਭਲਕੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਅੱਠਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਯੁਵਰਾਜ ਖ਼ਾਲਸਾ ਗਰੁੱਪ ਵੱਲੋਂ ਬੈਕਸਾਈਡ ਸਟੇਟ ਬੈਂਕ ਪਿੱਪਲਾਂਵਾਲਾ ਵਿਖੇ 29 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਮ 5 ਵਜੇ ਤੋਂ ਰਾਤ 12 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਕੀਰਤਨ ਦਰਬਾਰ ਦਾ ਪੋਸਟਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਨਗਰ ਕੀਰਤਨ ਦੇ ਰੂਪ ਵਿਚ ਪਿੰਡ ਪਿੱਪਲਾਂਵਾਲਾ ਦੀ ਪਰਿਕਰਮਾ ਕਰਦੇ ਹੋਏ ਸ਼ਾਨੋ ਸ਼ੌਕਤ ਨਾਲ ਪੰਡਾਲ ਵਾਲੇ ਅਸਥਾਨ ਵਿਚ ਲਿਆਂਦੀ ਜਾਵੇਗੀ। ਸ੍ਰੀ ਰਹਿਰਾਸ ਸਾਹਿਬ ਦੇ ਜਾਪ ਉਪਰੰਤ ਕੀਰਤਨ ਦਰਬਾਰ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਮਹਿਤਾਬ ਸਿੰਘ ਜਲੰਧਰ ਵਾਲੇ,ਢਾਡੀ ਗਿਆਨੀ ਬਲਵਿੰਦਰ ਸਿੰਘ ਆਲਮ ਸ਼ਾਹਕੋਟ ਬੱਗਾ ਵਾਲੇ,ਭਾਈ ਜਤਿੰਦਰ ਸਿੰਘ ਪਿਪਲੀ ਵਾਲੇ,ਭਾਈ ਗੁਰਪ੍ਰੀਤ ਸਿੰਘ ਕੰਧਾਲਾ ਜੱਟਾਂ,ਭਾਈ ਬਲਜੀਤ ਸਿੰਘ ਹੁਸ਼ਿਆਰਪੁਰ ਅਤੇ ਭਾਈ ਸਰਬਜੀਤ ਸਿੰਘ ਹੁਸ਼ਿਆਰਪੁਰ ਵਾਲੇ ਰਸ ਭਿੰਨਾ ਕੀਰਤਨ ਕਰਨਗੇ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਅਨੋਖੇ ਢੰਗ ਨਾਲ ਮਨਾਇਆ ਭਾਈ ਦੂਜ



**ਜਲੰਧਰ, (ਇਕਬਾਲ ਸਿੰਘ ਉੱਭੀ)**- ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਭਾਈ ਦੂਜ ਦਾ ਤਿਉਹਾਰ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੜੇ ਉਤਸ਼ਾਹ ਅਤੇ ਨਿਵੇਕਲੇ ਢੰਗ ਨਾਲ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਝੁੱਗੀ ਝੌਂਪੜੀ ਵਿੱਚ ਰਹਿਣ ਵਾਲੇ ਬੱਚਿਆਂ ਨਾਲ ਮਿਲ ਕੇ ਮਾਨਵਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਇਹ ਤਿਉਹਾਰ ਮਨਾਇਆ। ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਝੁੱਗੀ-ਝੌਂਪੜੀ ਵਿੱਚ ਰਹਿ ਰਹੇ ਬੱਚਿਆਂ ਨੂੰ ਕੱਪੜੇ, ਫਲ, ਸਟੇਸ਼ਨਰੀ ਆਦਿ ਦਾ ਸਮਾਨ ਦਿੱਤਾ ਅਤੇ ਸਾਰਿਆਂ ਦੀ ਲੰਬੀ ਉਮਰ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸਭ ਨੂੰ ਇਸ ਦਿਨ ਦੀ ਵਧਾਈ ਦਿੰਦੇ ਹੋਏ ਦੱਸਿਆ ਕਿ ਇਸ ਦਿਨ ਭੈਣਾਂ ਆਪਣੇ ਭਰਾ ਨੂੰ ਤਿਲਕ ਲਾਉਂਦੀਆਂ ਹਨ ਅਤੇ ਲੰਬੀ ਉਮਰ ਲਈ ਹੱਥ ਜੋੜ ਕੇ ਪ੍ਰਾਰਥਨਾ ਕਰਦੀਆਂ ਹਨ।

# ਕਿੱਕ ਬਾਕਸਿੰਗ ਦੀ ਖਿਡਾਰਨ ਨੂੰ ਵਿਧਾਇਕ ਰਾਜਾ ਨੇ ਕੀਤਾ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਜੋ ਮਕਸਦ ਲੈ ਕੇ ਕਰਵਾਈਆਂ ਗਈਆਂ ਸਨ ਉਹ ਮਕਸਦ ਪੂਰੀ ਤਰ੍ਹਾਂ ਸੰਪੂਰਨ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਇਨ੍ਹਾਂ ਖੇਡਾਂ ਦੌਰਾਨ ਪੰਜਾਬ ਅਤੇ ਜ਼ਿਲ੍ਹਾ ਪੱਧਰ ਕਿੱਕ ਬਾਕਸਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕਰਨ ਖਿਡਾਰਨ ਤ੍ਰਿਪਤੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਸਮੇਂ ਕੀਤਾ। ਦਸਮੇਸ਼ ਨਗਰ ਟਾਂਡਾ ਨਾਲ ਸਬੰਧਤ ਖਿਡਾਰਨ ਤ੍ਰਿਪਤਾ ਤੋਂ ਇਲਾਵਾ ਉਸ ਦੇ ਪਿਤਾ ਅਧਿਆਪਕ ਵਰਿੰਦਰ ਕੁਮਾਰ, ਮਾਤਾ ਅਧਿਆਪਕਾ ਪੰਕਜ ਰਾਣੀ ਅਤੇ ਕੋਚ ਪੁਸ਼ਪਿੰਦਰ ਗੋਲਡੀ ਨੂੰ ਵੀ ਵਿਧਾਇਕ ਰਾਜਾ ਨੇ ਆਪ ਦੇ ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਕੌਂਸਲਰ ਸਤਵੰਤ ਜੱਗੀ, ਬਲਾਕ ਪ੍ਰਧਾਨ ਕੇਸ਼ਵ ਸੈਣੀ, ਚੇਅਰਮੈਨ ਰਾਜਿੰਦਰ ਮਾਰਸ਼ਲ, ਯੂਥ ਆਗੂ ਪ੍ਰੇਮ ਪਡਵਾਲ ਤੇ ਹੋਰਨਾਂ ਦੀ ਹਾਜ਼ਰੀ ਵਿੱਚ ਸਨਮਾਨਤ ਕਰਦਿਆਂ ਕਿਹਾ ਕਿ ਇਨ੍ਹਾਂ ਖੇਡਾਂ ਦਾ ਮੁੱਖ ਮਕਸਦ ਇਹੀ ਸੀ ਕਿ ਪੰਜਾਬ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਨਸ਼ਿਆਂ ਵਰਗੀ ਭੈੜੀ ਦਲਦਲ ਤੋਂ ਬਚਾ ਕੇ ਖੇਡਾਂ ਨਾਲ ਜੋੜਿਆ ਜਾਵੇ। ਇਹ ਤਦ ਹੀ ਸੰਭਵ ਸੀ ਜਦੋਂ ਪ੍ਰਤਿਭਾ ਰੱਖਣ ਵਾਲੇ ਖਿਡਾਰੀਆਂ ਦੀ ਖੋਜ ਅਤੇ ਉਨ੍ਹਾਂ ਨੂੰ ਸਹੀ ਪਲੇਟਫਾਰਮ ਪ੍ਰਦਾਨ ਕੀਤਾ ਜਾਵੇ ਅਤੇ ਸੂਬਾ ਸਰਕਾਰ ਨੇ ਖੇਡ ਤੇ ਖਿਡਾਰੀਆਂ ਨੂੰ ਸਹੀ ਪਲੇਟਫਾਰਮ ਪ੍ਰਦਾਨ ਕਰਕੇ ਇਹ ਮੌਕਾ ਦਿੱਤਾ ਹੈ ਜਿਸ ਨਾਲ ਕਈ ਪੰਜਾਬ ਪੱਧਰ ਦੇ ਜੇਤੂ ਖਿਡਾਰੀ ਪੈਦਾ ਹੋਏ ਹਨ ਅਤੇ ਅਗਾਂਹ ਜਾ ਕੇ ਇਹੀ ਖਿਡਾਰੀ ਰਾਸ਼ਟਰੀ ਪੱਧਰ 'ਤੇ ਪੰਜਾਬ, ਆਪਣੇ ਮਾਤਾ-ਪਿਤਾ ਅਤੇ ਆਪਣੇ ਇਲਾਕੇ ਦਾ ਨਾਂਅ ਰੌਸ਼ਨ ਕਰਨਗੇ ਇਸ ਮੌਕੇ ਉਨ੍ਹਾਂ ਯਕੀਨ ਦਿਵਾਇਆ ਕਿ ਸੂਬਾ ਸਰਕਾਰ ਇਨ੍ਹਾਂ ਖਿਡਾਰੀਆਂ ਦੀ ਬਿਹਤਰੀ ਲਈ ਹੋਰ ਵੀ ਕਾਰਜ ਕਰੇਗੀ। ਇਸ ਮੌਕੇ ਡਾਇਰੈਕਟਰ ਰਣਵੀਰ ਸਿੰਘ ਨੱਥੂਪੁਰ,ਅਤਵਾਰ ਸਿੰਘ ਪਲਾਹ ਚੱਕ, ਨਿਰਮਲ ਸਿੰਘ ਕੁਰਾਲਾ, ਪਰਮਜੀਤ ਸਿੰਘ ਟਾਂਡਾ, ਵਿੱਕੀ ਮਹਿੰਦਰੂ, ਸਰੂਪ ਸਿੰਘ ਨੱਥੂਪੁਰ, ਰਾਮਪਾਲ ਬੈਂਸ, ਜਤਿੰਦਰ ਕੁਮਾਰ, ਅਵਤਾਰ ਸਿੰਘ, ਵਿਨੇ ਕੁਮਾਰ, ਅਨੀਤਾ, ਮਨਜੀਤ ਕੌਰ, ਹਰਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਸਰਕਾਰੀ ਕਾਲਜ 'ਚ ਕਰਵਾਇਆ ਸੱਭਿਆਚਾਰਕ ਮੇਲਾ



**ਰੋਪੜ (ਬਿੰਦਰਾ)** ਸਰਕਾਰੀ ਕਾਲਜ ਰੋਪੜ ਵਿੱਚ ਸਭਿਆਚਾਰਕ ਮੇਲਾ 2022 ਕਰਵਾਇਆ ਗਿਆ। ਜਿਸ ਵਿੱਚ ਹਲਕਾ ਵਿਧਾਇਕ ਦਿਨੇਸ਼ ਚੱਢਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਗਜਲ, ਲੋਕ ਗੀਤ, ਕਲੀਆਂ ਗਾਇਨ, ਲੁੱਡੀ, ਝੂਮਰ, ਪੰਜਾਬ ਦੇ ਲੋਕ ਨਾਚ, ਗਿੱਧਾ ਭੰਗੜਾ ਦੀ ਪੇਸ਼ਕਾਰੀ ਕੀਤੀ ਗਈ। ਕਾਲਜ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਨੇ ਕਾਲਜ ਦੀਆਂ ਸਭਿਆਚਾਰਕ, ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਦਾ ਵਰਨਣ ਕੀਤਾ। ਮੁੱਖ ਮਹਿਮਾਨ ਦਿਨੇਸ਼ ਚੱਢਾ ਨੇ ਖੇਤਰੀ ਯੁਵਕ ਮੇਲੇ ਅਤੇ ਖੇਡਾਂ ਪੰਜਾਬ ਦੀਆਂ ਵਿੱਚ ਕਾਲਜ ਦੇ ਵਿਦਿਆਰਥੀਆਂ/ਵਿਦਿਆਰਥਣਾਂ ਦੀਆਂ ਪ੍ਰਾਪਤੀਆਂ ਲਈ ਕਾਲਜ ਪ੍ਰਿੰਸੀਪਲ,ਕਾਲਜ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰੇਗੀ। ਉਹਨਾਂ ਨੇ ਭੰਗੜੇ, ਛਿੱਕੂ ਬਣਾਉਣ ਵਿੱਚ ਪਹਿਲਾ, ਝੂਮਰ, ਮੌਕੇ ਤੇ ਚਿਤ੍ਰਕਾਰੀ,ਕਾਰਟੂਨਿੰਗ,ਇੰਸਟਾਲੇਸ਼ਨ, ਪੀੜ੍ਹੀ ਬੁਣਨੀ, ਮਿੱਟੀ ਦੇ ਖਿਡੌਣੇ, ਪਰਾਂਦਾ ਬਣਾਉਣ ਵਿੱਚ ਦੂਜਾ ਅਤੇ ਗਿੱਧਾ, ਸਕਿੱਟ, ਜਨਰਲ ਕੁਇਜ਼, ਪੱਖੀ ਬੁਣਨਾ, ਕਰੋਸੀਏ ਦੀ ਬੁਣਤੀ, ਰੰਗੋਲੀ, ਕਾਵਿ ਉਚਾਰਨ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਖੇਡਾਂ ਵਤਨ ਪੰਜਾਬ ਦੀਆਂ 2022 ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਕਾਲਜ ਦਾ ਕਿਕ ਬਾਕਸਿੰਗ ਮੁਕਾਬਲੇ ਵਿੱਚ ਦੂਜਾ ਸਥਾਨ,ਖੋ-ਖੋ( ਲੜਕੀਆਂ) ਵਿੱਚ ਤੀਜਾ ਸਥਾਨ, ਵਾਟਰ ਸਪੋਰਟਸ ਵਿੱਚ 19 ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਵੀ ਸਨਮਾਨਿਤ ਕੀਤਾ। ਇਸ ਸਭਿਆਚਾਰਕ ਮੇਲੇ ਦੀ ਸਫਲਤਾ ਲਈ ਵਾਇਰਸ ਪ੍ਰਿੰਸੀਪਲ ਡਾ. ਹਰਜਸ ਕੌਰ, ਡਾ. ਸੁਖਜਿੰਦਰ ਕੌਰ, ਪ੍ਰੋ. ਮੀਨਾ ਕੁਮਾਰੀ, ਪ੍ਰੋ.ਹਰਜੀਤ ਸਿੰਘ ਦਾ ਯੋਗਦਾਨ ਰਿਹਾ। ਮੰਚ ਸੰਚਾਲਨ ਡਾ.ਨਿਰਮਲ ਸਿੰਘ ਬਰਾੜ ਨੇ ਕੀਤਾ।

# ਗੋਲਡ ਮੈਡਲਿਸਟ ਸਮਰਿੱਧੀ ਭਾਰਦਵਾਜ ਨੂੰ ਕੀਤਾ ਸਨਮਾਨਤ



**ਕਰਤਾਰਪੁਰ (ਹਰਮੇਸ਼ ਦੱਤ)**- ਖੇਡ ਵਿਭਾਗ ਪੰਜਾਬ ਵੱਲੋਂ ਲੋਕਾਂ ਨੂੰ ਖੇਡਾਂ ਪ੍ਰਤੀ ਉਤਸ਼ਹਿਤ ਕਰਨ ਲਈ, ਖੇਡਾਂ ਵਤਨ ਪੰਜਾਬ ਦੀਆਂ 2022 ਦੇ ਬੈਨਰ ਹੇਠ ਪੰਜਾਬ ਵਿੱਚ ਕਰਵਾਈਆਂ ਗਈਆਂ ਖੇਡਾਂ ਵਿੱਚ ਬੈਡਮਿੰਟਨ ਅੰਡਰ-17 ਵਿੱਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੀ ਕਰਤਾਰਪੁਰ ਦੀ ਹੋਣਹਾਰ ਬੇਟੀ ਸਮਰਿੱਧੀ ਭਾਰਦਵਾਜ ਨੂੰ ਸਮਾਜ ਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਪੰਡਿਤ ਹੀਰਾ ਲਾਲ ਅਕੈਡਮੀ ਕਰਤਾਰਪੁਰ ਵਿਖੇ ਸਨਮਾਨਿਤ ਕੀਤਾ ਗਿਆ। ਉਸ ਨੂੰ ਸੰਸਥਾ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਕਿਹਾ ਕਿ ਬੇਟੀ ਦੀ ਇਸ ਪ੍ਰਾਪਤੀ ਨੇ ਜਿੱਥੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ ਉੱਥੇ ਖਾਸ ਕਰਕੇ ਸ਼ਹਿਰ ਕਰਤਾਰਪੁਰ ਦਾ ਮਾਣ ਵਧਾਇਆ ਹੈ। ਸੰਸਥਾ ਦੇ ਮੈਂਬਰਾਂ ਨੇ ਸਮਰਿੱਧੀ ਦੇ ਮਾਪਿਆਂ ਅਤੇ ਕੋਚ ਨੂੰ ਵਧਾਈ ਦਿੰਦਿਆਂ ਉਸਦੇ ਪਿਤਾ ਨਿਖਿਲ ਭਾਰਦਵਾਜ ਅਤੇ ਕੋਚ ਲਵ ਕੁਮਾਰ ਨੂੰ ਵੀ ਸਨਮਾਨਤ ਕੀਤਾ ਕਿਉਂਕਿ ਉਸਦੀ ਇਸ ਪ੍ਰਾਪਤੀ ਵਿੱਚ ਇਨ੍ਹਾਂ ਦਾ ਵੀ ਬਹੁਤ ਯੋਗਦਾਨ ਹੈ। ਸੰਸਥਾ ਨੇ ਬੇਟੀ ਦੀ ਤਰੱਕੀ ਦੀ ਕਾਮਨਾ ਕੀਤੀ। ਇਸ ਮੌਕੇ ਡਾ. ਸੁਰਜੀਤ ਲਾਲ (ਜਿਲ੍ਹਾ ਸਵੀਪ ਨੋਡਲ ਅਫਸਰ ਜਲੰਧਰ), ਕਮਲਜੀਤ ਸਿੰਘ ਸੈਣੀ, ਸੁਰਜੀਤ ਸਿੰਘ, ਸਰਬਜੀਤ ਸਿੰਘ ਮੱਕੜ, ਨਰਿੰਦਰ ਨਾਥ ਫੁੱਲ, ਸਮੀਰ ਸਿੰਘ ਸੈਣੀ, ਸਾਹਿਲ ਭਾਰਦਵਾਜ, ਦਵਿੰਦਰ ਸਿੰਘ ਸਿਹਰਾ,ਵਰੁਣ ਬਾਵਾ, ਸੁਰਿੰਦਰ ਕੁਮਾਰ, ਰਮੇਸ਼ ਸੂਰੀ, ਸਮਰਥ ਭਾਰਦਵਾਜ, ਹਰਜਿੰਦਰ ਸਿੰਘ, ਰੂਬਲ ਵਾਲੀਆ, ਕਿੱਟੂ ਵਾਲੀਆ, ਮੰਨਤ, ਸਾਨਵੀ ਆਦਿ ਹਾਜ਼ਰ ਸਨ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਹੁਣ ਤੱਕ 613398 ਮੀਟ੍ਰਿਕ ਟਨ ਝੋਨੇ ਦੀ ਆਮਦ

**ਜਲੰਧਰ (ਸ਼ੈਲੀ ਐਲਬਰਟ)**- ਚੱਲ ਰਹੇ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਬੁੱਧਵਾਰ ਸ਼ਾਮ ਤੱਕ 613398 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 613150 ਮੀਟ੍ਰਿਕ ਟਨ ਫਸਲ ਦੀ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਖਰੀਦ ਉਪਰੰਤ ਫਸਲ ਦੀ ਨਾਲੋ-ਨਾਲ ਲਿਫਟਿੰਗ ਅਤੇ ਅਦਾਇਗੀ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਖਰੀਦ ਉਪਰੰਤ ਨਿਰਧਾਰਿਤ ਸਮੇਂ ਦੇ ਅੰਦਰ 96 ਫੀਸਦੀ ਫਸਲ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਅਤੇ ਕਿਸਾਨਾਂ ਨੂੰ 1102 ਕਰੋੜ ਰੁਪਏ ਦਾ ਭੁਗਤਾਨ ਕੀਤਾ ਚੁੱਕਾ ਹੈ। ਏਜੰਸੀ ਵਾਰ ਫਸਲ ਦੀ ਖਰੀਦ ਬਾਰੇ ਜਾਣਕਾਰੀ ਦਿੰਦਿਆਂ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪਨਗਰੇਨ ਵੱਲੋਂ 202876 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 158638 ਮੀਟ੍ਰਿਕ ਟਨ, ਪਨਸਪ ਵੱਲੋਂ 168502 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 80866 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 2268 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਉਪਜ ਦਾ ਦਾਣਾ-ਦਾਣਾ ਖਰੀਦਣ ਲਈ ਵਚਨਬੱਧ ਹੈ ਅਤੇ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮੰਡੀਆਂ ਵਿੱਚ ਖਰੀਦ ਤੇ ਲਿਫਟਿੰਗ ਕਾਰਜਾਂ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਸਿਰੇ ਚਾੜ੍ਹਿਆ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਿਰਧਾਰਿਤ ਸਮੇਂ ਦੇ ਅੰਦਰ ਯਕੀਨੀ ਬਣਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਨਮੀ ਦੀ ਸੀਮਾ ਅਨੁਸਾਰ ਹੀ ਮੰਡੀਆਂ ਵਿੱਚ ਝੋਨਾ ਲੈ ਕੇ ਆਉਣ ਅਤੇ ਫਸਲ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਵੀ ਕੀਤੀ।

## ਆਪ ਸਰਕਾਰ ਦਾ ਅਸਲ ਚਿਹਰਾ ਸਾਹਮਣੇ ਆਇਆ : ਗੜ੍ਹੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਲਈ ਤਿਆਰ ਕੀਤੇ ਗਏ ਸਪੈਸ਼ਲ ਕੈਡਰ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਖਤਮ ਕਰਨ ਦੀ ਬਹੁਜਨ ਸਮਾਜ ਪਾਰਟੀ ਨੇ ਸਖਤ ਨਿਖੇਧੀ ਕੀਤੀ ਹੈ। ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚੇਹਰਾ ਸਾਹਮਣੇ ਆ ਚੁੱਕਿਆ ਹੈ ਜਦੋਂਕਿ ਦਲਿਤ ਪਿਛੜੇ ਵਰਗਾਂ ਦੇ ਹੱਕਾਂ ਤੇ ਡਾਕਾ ਮਾਰ ਰਿਹਾ ਅਰਵਿੰਦ ਕੇਜਰੀਵਾਲ ਕਰੰਸੀ 'ਤੇ ਲੱਛਮੀ ਤੇ ਗਣੇਸ਼ ਦੀ ਫੋਟੋ ਲਾਗੂ ਕਰਵਾਉਣ ਲਈ ਵਿਅਸਤ ਹਨ ਅਤੇ ਬਾਬਾ ਸਾਹਿਬ ਅੰਬੇਡਕਰ ਵਿਰੋਧੀ ਵਿਚਾਰ ਧਾਰਾ 'ਤੇ ਚੱਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ 7 ਮਹੀਨਿਆਂ ਦੇ ਕਾਰਜਕਾਲ ਵਿੱਚ ਦੂਜੀ ਵਾਰ ਰਾਖਵਾਂਕਰਨ ਉਤੇ ਹਮਲਾ ਬੋਲਿਆ ਗਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਸਪੈਸ਼ਲ ਕੈਡਰ ਦੀ ਲਿਆਂਦੀ ਗਈ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਸਰਕਾਰ ਨੇ ਜਾਣਬੁੱਝ ਕੇ ਖਤਮ ਕਰਕੇ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਵੱਖ ਵੱਖ ਕੈਟਾਗਿਰੀਆਂ ਦੇ ਅਧਿਕਾਰਾਂ ਵੱਡਾ ਹਮਲਾ ਕੀਤਾ ਹੈ। ਗੜ੍ਹੀ ਨੇ ਕਿਹਾ ਕਿ 'ਆਪ' ਸਰਕਾਰ ਨੇ ਪਹਿਲਾਂ ਐਡਵੋਕੇਟ ਜਨਰਲ ਦੇ ਦਫ਼ਤਰ ਵਿਚੋਂ ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਨੂੰ ਨਜ਼ਰਅੰਦਾਜ਼ ਕੀਤਾ, ਹੁਣ ਸੰਵਿਧਾਨ ਦੇ ਬਿਲਕੁਲ ਉਲਟ ਜਾ ਕੇ ਸਪੈਸ਼ਲ ਕੈਡਰ ਦੀ ਨੀਤੀ ਤਹਿਤ ਰਾਖਵਾਂਕਰਨ ਹੀ ਖਤਮ ਕਰ ਦਿੱਤਾ ਹੈ। ਰਾਖਵਾਂਕਰਨ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਦੇ ਮਨਸੂਬਿਆਂ ਨੂੰ ਕਦੇ ਵੀ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਬਹੁਜਨ ਸਮਾਜ ਪਾਰਟੀ ਦਲਿਤ ਭਾਈਚਾਰੇ, ਪਛੜੀਆਂ ਸ਼੍ਰੇਣੀਆਂ ਤੇ ਹੋਰ ਸਮੂਹ ਪੰਜਾਬੀਆਂ ਨੂੰ ਲਾਮਬੰਦ ਕਰਕੇ 'ਆਪ' ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਨੂੰ ਮਜਬੂਤ ਤਰੀਕੇ ਨਾਲ ਲੜੇਗੀ।

# ਬੇਲਾ ਕਾਲਜ ਨੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਰੋਇੰਗ ਮੁਕਾਬਲਿਆਂ ਚ 12 ਮੈਡਲ ਕੀਤੇ ਹਾਸਲ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਵਿਦਿਆਰਥੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਰੋਪੜ ਵਿਖੇ ਸਤਲੁਜ ਦਰਿਆ ਤੇ ਰੋਇੰਗ ਮੁਕਾਬਲਿਆਂ ਵਿੱਚ ਬੇਲਾ ਕਾਲਜ ਲਈ 12 ਮੈਡਲ ਜਿੱਤ ਕੇ ਨਾਮਣਾ ਖੱਟਿਆ। ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਬੇਲਾ ਕਾਲਜ ਦੇ ਵਿਦਿਆਰਥੀਆਂ ਨੇ ਰੋਇੰਗ ਦੇ ਵੱਖ-ਵੱਖ ਮੁਕਾਬਲਿਆਂ ਵਿੱਚ 7 ਗੋਲਡ, 4 ਸਿਲਵਰ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ, ਜਿਹਨਾਂ ਵਿੱਚ ਮੈਂਨ ਕੋਕਸਲੈਂਸ ਫੋਰ ਵਿੱਚ ਜਸਕਰਨ ਸਿੰਘ ਨੇ ਇੱਕ ਸੋਨ ਤਗਮਾ, ਮੈਂਨ ਡਬਲ ਵਿੱਚ ਇੱਕ ਸੋਨ ਤਗਮਾ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ। ਇਸੇ ਤਰ੍ਹਾਂ ਰਿਪਨ ਦੀਪ ਸਿੰਘ ਨੇ ਇੱਕ ਸੋਨ ਤਗਮਾ ਅਤੇ ਇੱਕ ਚਾਂਦੀ ਦਾ ਤਗਮਾ, ਗੁਰਸੇਵਕ ਸਿੰਘ ਨੇ ਇੱਕ ਸੋਨੇ ਅਤੇ ਇੱਕ ਚਾਂਦੀ ਦੇ ਤਗਮੇ ਜਿੱਤੇ। ਸੰਗਮ ਸਹਾਰਨ ਨੇ ਮੈਂਨ ਜੂਨੀਅਰ ਫੋਰ ਵਿੱਚ ਇੱਕ ਸੋਨ ਤਗਮਾ, ਮੈਂਨ ਜੂਨੀਅਰ ਟੀਮ ਵਿੱਚ ਇੱਕ ਚਾਂਦੀ ਦਾ ਤਗਮਾ ਅਤੇ ਮੈਂਨ ਜੂਨੀਅਰ ਡਬਲ ਸਕੱਲ ਵਿੱਚ ਇੱਕ ਚਾਂਦੀ ਦਾ ਤਗਮਾ ਜਿੱਤ ਕੇ ਕਾਲਜ ਦਾ ਮਾਣ ਵਧਾਇਆ। ਇਸੇ ਤਰ੍ਹਾਂ ਕਾਲਜ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਸਿੰਗਲ ਸਕੱਲ ਈਵੈਂਟ ਵਿੱਚ ਇੱਕ ਸੋਨ ਤਗਮਾ ਅਤੇ ਡਬਲ ਸਕੱਲ ਈਵੈਂਟ ਵਿੱਚ ਵੀ ਇੱਕ ਸੋਨ ਤਗਮਾ ਜਿੱਤਿਆ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਵਿਦਿਆਰਥੀਆਂ ਨੂੰ 7 ਸੋਨ ਤਗਮੇ, 4 ਚਾਂਦੀ ਦੇ ਤਗਮੇ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਣ ਤੇ ਬਹੁਤ-ਬਹੁਤ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਸਰਵਪੱਖੀ ਵਿਕਾਸ ਲਈ ਬਹੁਤ ਜਰੂਰੀ ਹਨ ਅਤੇ ਬੇਲਾ ਕਾਲਜ ਦੇ ਵਿਦਿਆਰਥੀਆਂ ਵਲੋਂ ਅਕਾਦਮਿਕ, ਕਲਚਰਲ ਅਤੇ ਖੇਡਾਂ ਦੇ ਖੇਤਰ ਵਿੱਚ ਹਾਸਲ ਕੀਤੀਆਂ ਉਪਲੱਬਧੀਆਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਉਹਨਾਂ ਕਿਹਾ ਕਿ ਸਾਨੂੰ ਇਹਨਾਂ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ। ਇਸ ਮੌਕੇ ਡਾ. ਮਮਤਾ ਅਰੋੜਾ, ਸਹਾਇਕ ਪ੍ਰੋਫੈਸਰ ਸੁਨੀਤਾ ਰਾਣੀ, ਸਹਾਇਕ ਪ੍ਰੋਫੈਸਰ ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋਫੈਸਰ ਅਮਰਜੀਤ ਸਿੰਘ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਉਪ ਰਾਸ਼ਟਰਪਤੀ ਕੋਲ ਉਠਾਏ ਮੁੱਦੇ

**ਜਲੰਧਰ (ਸੁਰਿੰਦਰ ਕੁਮਾਰ)**-ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਦੇ ਮੈਂਬਰ ਡਾ: ਸਲਿਲ ਕੁਮਾਰ ਜੈਨ ਅਤੇ ਡੀ.ਏ.ਵੀ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ: ਤੇਜਿੰਦਰ ਕੁਮਾਰ ਨੇ ਭਾਰਤ ਦੇ ਉਪ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਡਾ: ਜੈਨ ਨੇ ਉਪ ਰਾਸ਼ਟਰਪਤੀ ਨਾਲ ਪੰਜਾਬ ਦੇ ਘੱਟ ਗਿਣਤੀ ਭਾਈਚਾਰੇ ਦੀ ਆਪਸੀ ਭਾਈਚਾਰਕ ਸਾਂਝ ਅਤੇ ਭਾਰਤੀ ਸੱਭਿਆਚਾਰ ਵਿੱਚ ਜੈਨ ਸਮਾਜ ਦੇ ਵਡਮੁੱਲੇ ਯੋਗਦਾਨ ਬਾਰੇ ਚਰਚਾ ਕੀਤੀ। ਪੰਜਾਬ ਦੇ ਸਰਹਿੰਦ ਵਿਖੇ ਦੀਵਾਨ ਟੋਡਰ ਮੱਲ ਜੈਨ ਦੀ ਜਹਾਜ ਹਵੇਲੀ ਨੂੰ ਵਿਰਾਸਤੀ ਬਣਾਉਣ ਦਾ ਪ੍ਰਸਤਾਵ ਮਹਾਮਹਿਮ ਦੇ ਸਨਮੁੱਖ ਰੱਖਿਆ ਤਾਂ ਜੋ ਨਵੀਂ ਪੀੜ੍ਹੀ ਵਿੱਚ ਸ਼ਰਧਾ, ਸਮਰਪਣ ਅਤੇ ਸਦਭਾਵਨਾ ਦੀ ਚੇਤਨਾ ਆ ਸਕੇ। ਕਮਿਸਨ ਮੈਂਬਰ ਨੇ ਪੰਜਾਬ ਯੂਨੀਵਰਸਿਟੀ ਚੰਡਗੜ੍ਹ ਵਿੱਚ ਭਗਵਾਨ ਮਹਾਂਵੀਰ ਚੇਅਰ ਸਥਾਪਤ ਕਰਨ ਦਾ ਪ੍ਰਸਤਾਵ ਵੀ ਉਪ ਰਾਸ਼ਟਰਪਤੀ ਦੇ ਸਾਹਮਣੇ ਰੱਖਿਆ ਤਾਂਕਿ ਮਹਾਵੀਰ ਦਾ ਸੰਦੇਸ਼ ਲੋਕਾਂ ਤੱਕ ਪਹੁੰਚੇ ਅਤੇ ਅਹਿੰਸਾ ਦਾ ਰਾਜ ਸਥਾਪਿਤ ਹੋਵੇ। ਉਨ੍ਹਾਂ ਨੇ ਮਹਾਮਹਿਮ ਨੂੰ ਚੰਡੀਗੜ੍ਹ ਵਿਖੇ ਸੈਮੀਨਾਰ ਲਈ ਸੱਦਾ ਵੀ ਦਿੱਤਾ। ਮਹਾਮਹਿਮ ਨੇ ਸਾਰੇ ਮੁੱਦਿਆਂ 'ਤੇ ਭਰੋਸਾ ਦਿੱਤਾ। ਇਸ ਮੌਕੇ ਡਾ: ਜੈਨ ਅਤੇ ਡਾ: ਤੇਜਿੰਦਰ ਨੇ ਆਚਾਰੀਆ ਮਹਾਪ੍ਰਗਿਆ ਅਤੇ ਭਾਰਤ ਰਤਨ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਪੁਸਤਕ ਸੁਖੀ ਪਰਵਾਰ ਸਮਰਿੱਧ ਰਾਸ਼ਟਰ ਉਪ ਰਾਸ਼ਟਪਤੀ ਨੂੰ ਭੇਂਟ ਕੀਤੀ।

# ਸ਼੍ਰੋਮਣੀ ਭਗਤ ਨਾਮਦੇਵ ਦੇ 752ਵੇਂ ਪ੍ਰਕਾਸ਼ ਉਤਸਵ ਸੰਬੰਧੀ ਸੂਬਾ ਪੱਧਰੀ ਸਮਾਗਮ 30 ਨੂੰ



**ਜਲੰਧਰ (ਇਕਬਾਲ ਸਿੰਘ ਉੱਭੀ)** ਸੰਤ ਨਾਮਦੇਵ ਕਸ਼ੱਤਰੀਆ (ਟਾਂਕ) ਸਭਾ ਜਲੰਧਰ ਵੱਲੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 752ਵੇਂ ਪ੍ਰਕਾਸ਼ ਉਤਸਵ ਸਬੰਧੀ ਸੂਬਾ ਪੱਧਰੀ ਸਮਾਗਮ 30 ਅਕਤੂਬਰ ਨੂੰ ਸੰਤ ਨਾਮਦੇਵ ਭਵਨ ਮਾਡਲ ਹਾਊਸ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਵਿਧਾਇਕ ਸ਼ੀਤਲ ਅੰਗੁਰਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਸਭਾ ਦੇ ਪ੍ਰਧਾਨ ਮਨੋਹਰ ਲਾਲ ਨੇ ਦੱਸਿਆ ਕਿ ਸਮਾਗਮ ਦੌਰਾਨ ਮਹਾਂ ਮੰਡਲੇਸ਼ਵਰ ਸਵਾਮੀ ਸ਼ਾਂਤਾ ਨੰਦ ਕਥਾ ਕਰਨਗੇ ਅਤੇ ਭਾਈ ਲਾਲ ਸਿੰਘ ਦਾ ਜਥਾ ਤੇ ਸੰਤ ਨਾਮਦੇਵ ਕੋ-ਐਜੂਕੇਸ਼ਨਲ ਕਾਲਜ ਦੀਆਂ ਵਿਦਿਆਰਥਣਾਂ ਦੇ ਜਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੈਂਟਰਲ ਯੂਨੀਵਰਸਿਟੀ ਪਾਲਮਪੁਰ ਦੇ ਚਾਂਸਲਰ ਡਾ. ਹਰਮੋਹਿੰਦਰ ਸਿੰਘ ਬੇਦੀ, ਸੰਤ ਨਾਮਦੇਵ ਜੀ ਦੇ ਜੀਵਨ 'ਤੇ ਵਿਸ਼ੇਸ਼ ਲੈਕਚਰ ਦੇਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅਹਿਮ ਸ਼ਖ਼ਸੀਅਤਾਂ ਤੋਂ ਇਲਾਵਾ ਖੇਡਾਂ ਤੇ ਪੜ੍ਹਾਈ 'ਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਦੇ ਨਾਲ ਨਾਲ ਜਿਨ੍ਹਾਂ ਲੜਕਿਆਂ ਨੇ ਬਿਨਾਂ ਦਾਜ ਤੋਂ ਵਿਆਹ ਸਾਦੇ ਢੰਗ ਨਾਲ ਕਰਵਾਇਆ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸੇ ਦੌਰਾਨ 80 ਸਾਲ ਜਾਂ ਉਪਰ ਉਮਰ ਦੇ ਬਜ਼ੁਰਗਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ ਅਤੇ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ। ਅੰਤ 'ਚ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਧੀਰੋਵਾਲ ਵਿਖੇ ਬਾਬਾ ਵਿਸ਼ਵਕਰਮਾ ਦਾ ਜਨਮ ਦਿਹਾੜਾ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**:- ਪਿੰਡ ਧੀਰੋਵਾਲ ਮੰਦਰ ਵਿਖੇ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਸਮੂਹ ਇਲਾਕਾ ਵਾਸੀਆਂ ਨੇ ਬੜੀ ਧੂਮਧਾਮ ਨਾਲ ਮਨਾਇਆ। ਕਮੇਟੀ ਦੇ ਪ੍ਰਧਾਨ ਕਰਨੈਲ ਸਿੰਘ ਰਾਣਾ ਨੇ ਦੱਸਿਆ ਬਾਬਾ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਦਿਵਸ ਸੰਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਜੀ ਦੇ ਸੰਪੂਰਨ ਜਾਪ ਕਰਵਾਏ ਉਪਰੰਤ ਰਾਗੀ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਥਾਨ 'ਤੇ ਪਿਛਲੇ ਲੰਮੇ ਸਮੇਂ ਤੋਂ ਸਾਲਾਨਾ ਜੋੜ ਮੇਲਾ ਲੱਗ ਰਿਹਾ ਹੈ। ਇਸ ਮੌਕੇ ਟਰੱਕ ਯੂਨੀਅਨ ਆਦਮਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਧੀਰੋਵਾਲ ਚਮਨ ਸਿੰਘ ਰਘਬੀਰ ਸਿੰਘ ਰਾਮਦਿਆਲ ਰਣਜੀਤ ਸਿੰਘ ਬਿੱਟੂ ਸਤਪਾਲ ਸਿੰਘ ਹਰਬੰਸ ਸਿੰਘ ਕੋਟ ਬਿਧੀ ਚੰਦ ਸਰਪੰਚ ਕੁਲਵੰਤ ਸਿੰਘ ਦੂਹਰੇ ਮੈਂਬਰ ਸਤਪਾਲ ਸਿੰਘ ਗਿਆਨੀ ਨਰਿੰਦਰਪਾਲ ਸਿੰਘ ਬਾਬਾ ਹਰੀ ਸਿੰਘ ਗੁਰਵਿੰਦਰ ਸਿੰਘ ਬੰਟੀ ਜਸਵੰਤ ਸਿੰਘ ਚੱਢਾ ਰਣਜੀਤ ਸਿੰਘ ਨਰਿੰਦਰਪਾਲ ਕਮਲਜੀਤ ਸਿੰਘ ਲੰਬੜਦਾਰ ਆਈ ਡੀ ਬੀ ਪੀ ਬੈਂਕ ਦੇ ਏ ਜੀ ਐਮ ਤਰੁਣ ਕੁਮਾਰ ਐਮ ਵਰਿੰਦਰ ਮਹਿਤਾ ਵਲੋਂ ਪਾਣੀ ਦੀ ਸੇਵਾ ਕੀਤੀ ਗਈ।

# ਰਾਜਾ ਨੇ ਫੂਡ ਸਪਲਾਈ ਵਿਭਾਗ ਟਾਂਡਾ ਦੀ ਨਿਗਰਾਨ ਕਮੇਟੀ ਦਾ ਕੀਤਾ ਗਠਨ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**- ਹਲਕਾ ਉੜਮੁੜ ਟਾਂਡਾ ਵਿਚ ਫੂਡ ਸਪਲਾਈ ਵਿਭਾਗ ਦੇ ਕਾਰਜ ਨੂੰ ਸਹੀ ਤੇ ਇਮਾਨਦਾਰੀ ਤਰੀਕੇ ਨਾਲ ਚਲਾਉਣ ਦੇ ਉਦੇਸ਼ ਲਈ ਵਿਧਾਇਕ ਜਸਵੀਰ ਸਿੰਘ ਰਾਜਾ ਵੱਲੋਂ ਫੂਡ ਸਪਲਾਈ ਵਿਭਾਗ ਨਿਗਰਾਨ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸਰਬਸੰਮਤੀ ਨਾਲ ਚੁਣੀ ਗਈ 8 ਮੈਂਬਰੀ ਨਿਗਰਾਨ ਕਮੇਟੀ ਵਿੱਚ ਸਰੂਪ ਸਿੰਘ ਨੱਥੂਪੁਰ ਨੂੰ ਚੇਅਰਮੈਨ ਤੇ ਨਵਨੀਤ ਸਿੰਘ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ। ਜਦਕਿ ਜਤਿੰਦਰ ਕੁਮਾਰ ,ਅਵਤਾਰ ਸਿੰਘ ,ਵਿਜੇ ਕੁਮਾਰ, ਮਨਜੀਤ ਕੌਰ ਅਤੇ ਹਰਜਿੰਦਰ ਸਿੰਘ ਨੂੰ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ। ਰਾਜਾ ਨੇ ਕਿਹਾ ਕਿ ਫੂਡ ਸਪਲਾਈ ਵਿਭਾਗ ਦਾ ਕਾਰਜ ਬੜੇ ਹੀ ਸੁਚੱਜੇ ਤਰੀਕੇ ਨਾਲ ਚਲਾਉਣ ਅਤੇ ਇਸ ਦੀ ਸਕਰੀਨਿੰਗ ਕਰਨ ਵਾਸਤੇ ਇਹ ਕਮੇਟੀ ਕਾਰਜ ਕਰੇਗੀ ਅਤੇ ਹਲਕੇ ਅੰਦਰ ਸਹੀ ਤੇ ਲੋੜਵੰਦ ਲੋਕਾਂ ਦੀ ਪਹਿਚਾਣ ਕਰ ਕੇ ਵਿਭਾਗ ਨੂੰ ਰਿਪੋਰਟ ਦੇਵੇਗੀ। ਇਸ ਤੋਂ ਇਲਾਵਾ ਇਹ ਕਮੇਟੀ ਫੂਡ ਸਪਲਾਈ ਵਿਭਾਗ ਨਾਲ ਪੂਰੀ ਤਰ੍ਹਾਂ ਤਾਲਮੇਲ ਬਣਾ ਕੇ ਕੰਮ ਕਰੇਗੀ ਤਾਂ ਜੋ ਇਲਾਕੇ ਅੰਦਰ ਲੋੜਵੰਦ ਲੋਕਾਂ ਤਕ ਫੂਡ ਸਪਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਪਹੁੰਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ।

ਇਸ ਮੌਕੇ ਸਿਟੀ ਪ੍ਰਧਾਨ ਆਪ ਨੰਬਰਦਾਰ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ,ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ,ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਡਾਇਰੈਕਟਰ ਰਣਵੀਰ ਸਿੰਘ ਨੱਥੂਪੁਰ, ਪ੍ਰੇਮ ਪਡਵਾਲ , ਅਤਵਾਰ ਸਿੰਘ ਪਲਾਹਚੱਕ ,ਨਿਰਮਲ ਸਿੰਘ ਕੁਰਾਲਾ ,ਰਾਮਪਾਲ ਬੈਂਸ ਨੇ ਨਵੀਂ ਚੁਣੀ ਗਈ ਟੀਮ ਨੂੰ ਮੁਬਾਰਕਬਾਦ ਦਿੱਤੀ।

# ਕੈਬਿਨਟ ਮੰਤਰੀ ਨਾਲ ਸਫਾਈ ਕਰਮਚਾਰੀ ਯੂਨੀਅਨ ਦੇ ਵਫਦ ਦੀ ਹੋਈ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸਫਾਈ ਕਰਮਚਾਰੀ ਯੂਨੀਅਨ ਰਜਿ. ਨਗਰ ਨਿਗਮ ਅਤੇ ਭਗਵਾਨ ਵਾਲਮੀਕਿ ਸਭਾ ਰਜਿ: ਹੁਸ਼ਿਆਰਪੁਰ ਦੇ ਇੱਕ ਵਫਦ ਨੇ ਕੈਬਿਨੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਜਿਸ ਵਿੱਚ ਆਊਟ ਸੋਰਸ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਜਲਦੀ ਤੋਂ ਜਲਦੀ ਪੱਕਾ ਕਰਵਾਉਣ ਬਾਰੇ ਗੱਲ ਕੀਤੀ ਗਈ। ਜਿਸ ਵਿੱਚ ਸਫਾਈ ਕਰਮਚਾਰੀ ਯੂਨੀਅਨ ਨੂੰ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਮੇਅਰ ਨਗਰ ਨਿਗਮ ਹੁਸ਼ਿਆਰਪੁਰ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਮੌਜੂਦਾ ਸਫਾਈ ਕਰਮਚਾਰੀ ਜੋ ਆਊਟਸੋਰਸ ਹੋਣ ਤੋਂ ਰਹਿ ਗਏ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੱਕਾ ਕੀਤਾ ਜਾਵੇਗਾ ਤਾਂ ਕਿ ਜੋ ਸਫਾਈ ਕਰਮਚਾਰੀ ਨਗਰ ਨਿਗਮ ਵਿੱਚ ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਉਨ੍ਹਾਂ ਨੂੰ ਬਣਦਾ ਹੱਕ ਮਿਲ ਸਕੇ। ਇਸ ਮੌਕੇ ਭਗਵਾਨ ਵਾਲਮੀਕਿ ਸਭਾ ਦੇ ਸ਼ਹਿਰੀ ਪ੍ਰਧਾਨ ਤਰਸੇਮ ਲਾਲ ਆਦੀਆ, ਚੇਅਰਮੈਨ ਤਰਸੇਮ ਲਾਲ ਹੰਸ, ਕਰਨਜੋਤ ਆਦੀਆ ਪ੍ਰਧਾਨ ਸਫਾਈ ਕਰਮਚਾਰੀ ਯੂਨੀਅਨ, ਲਾਲ ਚੰਦ ਭੱਟੀ, ਐਸ.ਐਮ. ਸਿੱਧੂ, ਜੋਗਿੰਦਰ ਪਾਲ ਮੰਗੂ, ਚਿੰਟੂ ਹੰਸ, ਸੋਮਨਾਥ ਆਦੀਆ, ਜੋਗਿੰਦਰ ਪਾਲ ਆਦੀਆ, ਹੀਰਾ ਲਾਲ ਹੰਸ, ਵਿਕਰਮਜੀਤ ਬੰਟੀ, ਆਸੂ, ਦੇਵ ਕੁਮਾਰ, ਨਾਥ ਰਾਮ, ਸੁਭਾਸ ਚੰਦਰ, ਪਵਨ ਕੁਮਾਰ ਆਦਿ ਹਾਜਰ ਸਨ।

# ਸੀ ਬੀ ਐੱਸ ਈ ਸਕੂਲਾਂ ਦੇ ਰੰਗੋਲੀ ਮੁਕਾਬਲੇ ਕਰਵਾਏ



**ਟਾਂਡਾ ਉੜਮੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਮ. ਐੱਸ. ਕੇ. ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਸ਼ਿਵਾਲਿਕ ਹਿਲਜ ਸਹੋਦਿਆ ਪ੍ਰਧਾਨ ਰਸਿਕ ਗੁਪਤਾ ਦੀ ਪ੍ਰਧਾਨਗੀ ਹੇਠ ਰੰਗੋਲੀ ਮੁਕਾਬਲੇ ਕਰਵਾਏ ਗਏ। ਸਕੂਲ ਦੀ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਦੇਖ ਰੇਖ ਹੇਠ ਕਰਵਾਈ ਗਈ ਇਸ ਇੰਟਰ ਸਕੂਲ ਪ੍ਰਤਿਯੋਗਿਤਾ ਵਿੱਚ ਜ਼ਿਲ੍ਹੇ ਭਰ ਵਿੱਚੋਂ ਵੱਖ-ਵੱਖ ਸੀ ਬੀ ਐਸ ਈ ਸਕੂਲਾਂ ਨੇ ਭਾਗ ਲਿਆ। ਇਸ ਪ੍ਰਤੀਯੋਗਤਾ ਵਿਚ ਸਿਰਫ ਦੋ ਕੈਟਾਗਰੀ ਜੂਨੀਅਰ ਅਤੇ ਸੀਨੀਅਰ ਵਿਚ ਹੋਏ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਸ਼ਿਵਾਲਿਕ ਹਿਲਜ ਵੱਲੋਂ ਕਰਵਾਏ ਇਸ ਪ੍ਰੋਗਰਾਮ ਵਿੱਚ ਰਜਿੰਦਰ ਸਿੰਘ ਮਾਰਸ਼ਲ ਚੇਅਰਮੈਨ ਸ਼ਰਮਾ ਰਸਲ ਐਜੂਕੇਸ਼ਨ ਸੁਸਾਇਟੀ , ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੰਦਾਚੌਰ ਦੇ ਪ੍ਰਿੰਸੀਪਲ ਹਰਕੀਰਤ ਕੌਰ, ਕੋਹਿਨੂਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਪੰਧੇਰ ਸ਼ਾਮਲ ਹੋਏ। ਮੁਕਾਬਲੇ ਵਿੱਚ ਜੂਨੀਅਰ ਕੈਟਾਗਰੀ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੰਦਾਚੌਰ ਨੇ ਪਹਿਲਾ, ਐੱਸ.ਵੀ.ਜੀ.ਸੀ ਡੀ ਏ ਵੀ ਪਬਲਿਕ ਸਕੂਲ ਦਸੂਹਾ ਨੇ ਦੂਸਰਾ, ਕੋਹਿਨੂਰ ਇੰਟਰਨੈਸ਼ਨਲ ਸਕੂਲ ਨੇ ਤੀਸਰਾ ਸਥਾਨ ਹਾਸਲ ਕੀਤਾ। ਸੀਨੀਅਰ ਕੈਟਾਗਰੀ ਵਿਚ ਐੱਮ ਐੱਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਨੇ ਪਹਿਲਾ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੰਦਾਚੌਰ ਅਤੇ ਕੈਂਬਰਿਜ ਓਵਰਸੀਜ ਸਕੂਲ ਮੁਕੇਰੀਆਂ ਨੇ ਦੂਸਰਾ ਅਤੇ ਐੱਸ.ਵੀ.ਜੀ.ਸੀ ਡੀ ਏ ਵੀ ਪਬਲਿਕ ਸਕੂਲ ਦਸੂਹਾ ਨੇ ਤੀਸਰਾ ਸਥਾਨ ਹਾਸਲ ਕੀਤਾ। ਜੇਤੂ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੁਕਾਬਲੇ ਦਾ ਅੰਤ ਐੱਮ ਐੱਸ ਕੇ ਕੋਟਲੀ ਜੰਡ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬ ਦੇ ਲੋਕ ਨਾਚ ਗਿੱਧੇ ਨਾਲ ਕੀਤਾ ਗਿਆ। ਮੰਚ ਦਾ ਸੰਚਾਲਨ ਈਸ਼ਿਤਾ ਵੱਲੋਂ ਬਾਖੂਬੀ ਨਿਭਾਇਆ ਗਿਆ।

# ਲੋਕ-ਪੱਖੀ ਤੇ ਜਮਹੂਰੀ ਜਨਤਕ ਜਥੇਬੰਦੀਆਂ ਵੱਲੋਂ 6 ਨੂੰ ਜਨਤਕ ਕਨਵੈਨਸ਼ਨ ਕਰਵਾਉਣ ਦਾ ਫੈਸਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਅੰਮ੍ਰਿਤਸਰ ਦੀਆਂ ਲੋਕਪੱਖੀ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਦੀ ਇਕ ਵਿਸ਼ੇਸ਼ ਮੀਟਿੰਗ ਸਥਾਨਕ ਕੰਪਨੀ ਬਾਗ਼ ਵਿਖੇ ਹੋਈ, ਜਿਸ ਵਿਚ ਪ੍ਰੋ. ਜੀ.ਐੈਨ. ਸਾਈ ਬਾਬਾ ਅਤੇ ਭੀਮਾ ਕੋਰੇਗਾਓਂ ਕੇਸ ਵਿਚ ਪਿਛਲੇ ਸਾਢੇ ਚਾਰ ਸਾਲ ਤੋਂ ਨਜਾਇਜ਼ ਕੈਦ ਭੁਗਤ ਰਹੇ ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਸਮੇਤ ਬੇਗੁਨਾਹ ਅਤੇ ਸਜ਼ਾ ਪੂਰੀ ਕਰ ਚੁੱਕੇ ਵਿਅਕਤੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ 6 ਨਵੰਬਰ ਨੂੰ ਜਨਤਕ ਕਨਵੈਨਸ਼ਨ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਜਮਹੂਰੀ ਆਗੂ ਡਾ. ਪਰਮਿੰਦਰ ਸਿੰਘ ਨੇ ਦੱਸਿਆ ਕਿ ਬੰਬਈ ਹਾਈ ਕੋਰਟ ਵਲੋਂ ਦਿੱਲੀ ਯੂਨੀਵਰਸਿਟੀ ਦੇ ਪ੍ਰੋ.ਜੀ.ਐਨ ਸਾਈ ਬਾਬਾ ਜੋ ਕਿ ਸਰੀਰਕ ਤੌਰ 'ਤੇ 90 ਫੀਸਦੀ ਅਪਾਹਜ ਹਨ,ਨੂੰ ਰਿਹਾਅ ਕਰਨ ਦੇ ਫੈਸਲੇ 'ਤੇ ਸੁਪਰੀਮ ਕੋਰਟ ਵਲੋਂ ਹਕੂਮਤੀ ਦਬਾਅ ਹੇਠ ਤੁਰੰਤ ਰੋਕ ਲਾਉਣ ਦੇ ਗ਼ੈਰ ਜਮਹੂਰੀ ਫੈਸਲੇ ਦੇ ਖਿਲਾਫ ਅਤੇ ਸਮੂਹ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਅਤੇ ਨਜਾਇਜ਼ ਨਜ਼ਰਬੰਦ ਕੀਤੇ ਤਮਾਮ ਵਿਅਕਤੀਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਦੇਸ਼ ਭਰ ਦੀਆਂ ਇਨਸਾਫ਼ ਪਸੰਦ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਵਲੋਂ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਮੋਦੀ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਦੇਸ਼ ਦੇ ਜਲ,ਜੰਗਲ,ਜ਼ਮੀਨ, ਪਹਾੜਾਂ ਅਤੇ ਧਰਤੀ ਹੇਠਲੇ ਕੁਦਰਤੀ ਖਣਿਜ ਪਦਾਰਥਾਂ ਦੀ ਕਾਰਪੋਰੇਟ ਘਰਾਣਿਆਂ ਤੋਂ ਅੰਨੀ ਲੁੱਟ ਕਰਵਾਉਣ ਅਤੇ ਇਸਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ,ਆਦਿਵਾਸੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਇਕ ਸਾਜਿਸ਼ ਹੇਠ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸੁੱਟ ਕੇ ਮਾਰਨਾ ਚਾਹੁੰਦੀ ਹੈ ਅਤੇ ਅਜਿਹੇ ਮਕਸਦ ਦੀ ਪੂਰਤੀ ਲਈ ਜਾਂਚ ਏਜੰਸੀਆਂ ਅਤੇ ਨਿਆਂਪਾਲਿਕਾ ਦੀ ਲਗਾਤਾਰ ਦੁਰਵਰਤੋਂ ਕੀਤੀ ਜਾ ਰਹੀ ਹੈ ਜਿਸਦਾ ਦੇਸ਼ ਭਰ ਵਿਚ ਡਟਵਾਂ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਪੰਜਾਬ ਕਿਸਾਨ ਯੂਨੀਅਨ,ਆਲ ਇੰਡੀਆ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਆਦਿ ਜਥੇਬੰਦੀਆਂ ਦੇ ਆਗੂਆਂ ਯਸ਼ਪਾਲ ਝਬਾਲ,ਸੁਮੀਤ ਸਿੰਘ, ਗੁਰਬਚਨ ਸਿੰਘ,ਬਲਬੀਰ ਝਾਮਕਾ,ਬਲਬੀਰ ਮੂਧਲ,ਮਾਸਟਰ ਬਲਦੇਵ ਰਾਜ ਵੇਰਕਾ,ਲਖਵਿੰਦਰ ਗਿੱਲ,ਅਮਰਜੀਤ ਵੇਰਕਾ,ਮਾਸਟਰ ਕੁਲਜੀਤ ਵੇਰਕਾ,ਗੁਰਦੇਵ ਕਾਲਾ, ਜੋਗਿੰਦਰ ਲਾਲ,ਸੁਖਦੇਵ ਸਿੰਘ, ਮਨਜੀਤ ਸਿੰਘ ਆਦਿ ਨੇ ਹਿੱਸਾ ਲਿਆ।

ਇਸ ਮੌਕੇ ਹਾਜਰ ਜਨਤਕ ਆਗੂਆਂ ਵਲੋਂ ਮੀਟਿੰਗ ਵਿਚੋਂ ਕਿਸੇ ਕਾਰਨ ਗ਼ੈਰ ਹਾਜਰ ਰਹੀਆਂ ਬਾਕੀ ਲੋਕਪੱਖੀ ਜਨਤਕ ਜਥੇਬੰਦੀਆਂ ਨੂੰ ਵੀ ਇਸ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ। ਇਸ ਮੌਕੇ ਸਮੂਹ ਜਥੇਬੰਦੀਆਂ ਵਲੋਂ ਸਾਮਰਾਜੀ ਅਤੇ ਫਾਸ਼ੀਵਾਦੀ ਹਮਲਿਆਂ ਦੇ ਖਿਲਾਫ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ 30 ਅਕਤੂਬਰ ਤੋਂ 1 ਨਵੰਬਰ ਤਕ ਮਨਾਏ ਜਾ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਆਪਣੇ ਸਾਥੀਆਂ ਅਤੇ ਪਰਵਾਰਾਂ ਸਮੇਤ ਸ਼ਮੂਲੀਅਤ ਕਰਨ ਦਾ ਫੈਸਲਾ ਵੀ ਕੀਤਾ ਗਿਆ।

# ਕੀੜੀ ਅਫਗਾਨਾਂ ਵਿਖੇ ਪੌੜ ਗੋਤ ਵਾਲਿਆਂ ਨੇ ਮੇਲਾ ਕਰਵਾਇਆ



**ਮੇਹਲੀ ( ਗੁਰਨਾਮ)** ਇਥੋਂ ਕੁਝ ਦੂਰ ਕੀੜੀ ਅਫਗਾਨਾ ਪੌੜ ਗੋਤ ਵਾਲਿਆਂ ਨੇ ਪ੍ਰਬੰਧਕ ਕਮੇਟੀ ਵੱਲੋਂ ਮੇਲਾ ਕਰਵਾਇਆ ਗਿਆ। ਪਹਿਲੇ ਦਿਨ ਝੰਡੇ ਦੀ ਰਸਮ ਅਦਾ ਕੀਤੀ ਤੇ ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਵੱਲੋਂ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਦਾ ਲੰਗਰ ਅਤੇ ਚਾਹ ਪਕੌੜਿਆਂ ਦਾ ਲੰਗਰ ਵੀ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਆਈਆਂ ਹੋਈਆਂ ਮੁੱਖ ਸ਼ਖਸੀਅਤਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੇਵਾ ਕਰਨ ਵਾਲਿਆਂ 'ਚ ਸਾਬਕਾ ਚੇਅਰਮੈਨ ਬਿਸ਼ਨ ਦਾਸ ਮਜਾਰੀ,ਕਿਰਪਾ ਰਾਮ ਕੰਗ ਧਿਆਏ ਸਿੰਘ ਮੋਜੇਵਾਲ, ਸੰਦੇਸ ਰਾਜ, ਮੇਜਰ ਲਾਲ,ਸੁਖਬੀਰ ਸਿੰਘ ਪੀ.ਏ.ਪੀ, ਸ਼ਿੰਗਾਰਾ ਸਿੰਘ ਸਾਬਕਾ ਚੇਅਰਮੈਨ ਧਰਮਪਾਲ ਨਿਰਮਲ ਸਿੰਘ,ਨਵੀਨ ਕੁਮਾਰ, ਰਾਮਲਾਲ, ਦਿਲਵਰ ਸਿੰਘ, ਹਰਬੰਸ ਲਾਲ, ਅਮਨ ਕੁਮਾਰ ਪੌੜ ਚੱਕ ਮੰਡੇਰ ਆਦਿ ਹਾਜਰ ਸਨ।

## ਐੈਮ ਐੈਸ ਐੈਮ ਈ ਭਾਰਤੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ

**ਲੁਧਿਆਣਾ :** ਪੰਜਾਬ ਰਾਜ ਵਿੱਚ ਲਗਭਗ 1.6 ਲੱਖ ਐਮ ਐਸ ਐਮ ਈ ਨੂੰ 'ਐਮ1ਐਕਸਚੇਂਜ ਦੁਆਰਾ ਟੀ ਆਰ ਈ ਡੀ ਐਸ' ਨਾਮਕ ਇੱਕ ਜਮਾਂਦਰੂ-ਮੁਕਤ ਵਿਲੱਖਣ ਸੇਵਾ ਰਾਹੀਂ ਲਾਭ ਮਿਲੇਗਾ। ਇਹ ਭਾਰਤ ਦਾ ਪਹਿਲਾ ਅਤੇ ਪ੍ਰਮੁੱਖ ਵਪਾਰ ਪ੍ਰਾਪਤੀ ਇਲੈਕਟ੍ਰਾਨਿਕ ਡਿਸਕਾਊਂਟਿੰਗ ਸਿਸਟਮ (ਟੀਆਰਈਡੀਐਸ) ਹੈ। ਇਸ ਸੇਵਾ ਦਾ ਉਦੇਸ਼ ਸੂਬੇ ਦੇ ਸੂਖਮ, ਛੋਟੇ ਅਤੇ ਦਰਮਿਆਨੇ ਕਾਰੋਬਾਰ (ਐਮਐਸਐਮਈ) ਸਪਲਾਈਰਾਂ ਨੂੰ ਔਨਲਾਈਨ ਪਲੇਟਫਾਰਮ ਰਾਹੀਂ 24-72 ਘੰਟਿਆਂ ਦੇ ਅੰਦਰ-ਅੰਦਰ ਉਨ੍ਹਾਂ ਦੇ ਭਵਿੱਖ ਦੀ ਪ੍ਰਾਪਤੀਯੋਗ ਰਕਮ ਪ੍ਰਦਾਨ ਕਰਾਉਣਾ ਹੈ। ਐਮ ਐਸ ਐਮ ਈ ਐਮ1ਐਕਸਚੇਂਜ ਦੇ ਟੀ ਆਰ ਈ ਡੀ ਐਸ ਪਲੇਟਫਾਰਮ 'ਤੇ ਬਿੱਲ ਅੱਪਲੋਡ ਕਰਦੇ ਹਨ ਅਤੇ ਕਾਰਪੋਰੇਟ ਉਨ੍ਹਾਂ ਨੂੰ ਸਵੀਕਾਰ ਕਰਦੇ ਹਨ। ਕਈ ਵਿੱਤੀ ਸੰਸਥਾਵਾਂ ਸਵੀਕਾਰ ਕੀਤੇ ਬਿੱਲਾਂ 'ਤੇ ਬੋਲੀ ਲਗਾਉਂਦੀਆਂ ਹਨ। ਇਹ ਬਿੱਲ ਨਿਲਾਮੀ ਵਿਧੀ ਦੀ ਵਰਤੋਂ ਕਰਕੇ ਮਾਰਕੀਟ ਦੁਆਰਾ ਨਿਰਧਾਰਤ ਵਿਆਜ ਦਰਾਂ 'ਤੇ ਅਦਾ ਕੀਤੇ ਜਾਂਦੇ ਹਨ। ਐਮ ਐਸ ਐਮ ਈ ਭਾਰਤੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਐਮ1ਐਕਸਚੇਂਜ ਨੇ 1200 ਸ਼ਹਿਰਾਂ ਵਿੱਚ ਫੈਲੇ 13000 ਤੋਂ ਵੱਧ ਐਮ ਐਸ ਐਮ ਈ ਦੇ ਬਿੱਲਾਂ ਦੇ ਭੁਗਤਾਨ (ਕੁੱਲ 35,000 ਕਰੋੜ ਰੁਪਏ ਤੋਂ ਵੱਧ) ਲਈ ਇੱਕ ਪੂਰੀ ਡਿਜੀਟਲ ਪ੍ਰਕਿਰਿਆ ਦੀ ਸੁਵਿਧਾ ਪ੍ਰਦਾਨ ਕੀਤੀ ਹੈ।

## ਵਿਦਿਆਰਥੀਆਂ ਨੇ ਪ੍ਰਦੂਸ਼ਣ ਮੁਕਤ ਦੀਵਾਲੀ ਦਾ ਸੱਦਾ ਦਿੱਤਾ



**ਮਾਹਿਲਪੁਰ, (ਸਫਰੀ)**-ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਐਨ ਐਸ ਐਸ ਯੂਨਿਟ ਵੱਲੋਂ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਮੁਕਤ ਦੀਵਾਲੀ ਦੀ ਪ੍ਰੇਰਨਾ ਦਿੰਦੇ ਹੋਏ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਯੂਨਿਟ ਦੇ ਇੰਚਾਰਜ ਪ੍ਰੋ. ਬਲਵੀਰ ਕੌਰ ਅਤੇ ਪ੍ਰੋ ਰਜਿੰਦਰ ਪ੍ਰਸਾਦ ਨੇ ਵਿਦਿਆਰਥੀਆਂ ਨੂੰ ਪਟਾਕਿਆਂ ਤੋਂ ਰਹਿਤ ਦੀਵਾਲੀ ਮਨਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਗਰੀਨ ਦੀਵਾਲੀ ਮਨਾ ਕੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦੇਣਾ ਸਮੇਂ ਦੀ ਵੱਡੀ ਲੋੜ ਹੈ। ਗਰੀਨ ਦੀਵਾਲੀ ਦੇ ਥੀਮ 'ਤੇ ਕਰਵਾਏ ਪੋਸਟਰ ਮੁਕਾਬਲੇ ਵਿੱਚ ਨਵਨੀਤ ਕੌਰ ਨੇ ਪਹਿਲਾ, ਸਿਧਾਰਥ ਰਾਜ ਨੇ ਦੂਜਾ ਅਤੇ ਸੋਨੀਆ ਤੇ ਸਿਮਰਜੀਤ ਕੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।

## ਮ੍ਰਿਤਕ ਲਾਭਪਾਤਰੀਆਂ ਦੀ ਸ਼ਨਾਖਤ ਨਾਲ ਸਰਕਾਰ ਨੂੰ ਪ੍ਰਤੀ ਮਹੀਨਾ 13.53 ਕਰੋੜ ਦੀ ਬਚਤ : ਡਾ.ਬਲਜੀਤ ਕੌਰ

**ਚੰਡੀਗੜ੍ਹ ( ਗੁਰਜੀਤ ਬਿੱਲਾ )**-ਬਜ਼ੁਰਗਾਂ, ਵਿਧਵਾਵਾਂ, ਆਸ਼ਰਿਤ ਬੱਚਿਆਂ ਅਤੇ ਦਿਵਿਆਂਗਾਂ ਦੀਆਂ ਪੈਨਸ਼ਨਾਂ ਸਬੰਧੀ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ.ਬਲਜੀਤ ਕੌਰ ਦੇ ਹੁਕਮਾਂ 'ਤੇ ਹੋਏ ਸਰਵੇ ਨਾਲ 90248 ਲਾਭਪਾਤਰੀਆਂ ਦੀ ਸ਼ਨਾਖਤ ਨਾਲ ਪ੍ਰਤੀ ਮਹੀਨਾ ਸਰਕਾਰ ਨੂੰ 13.53 ਕਰੋੜ ਦੀ ਬਚਤ ਹੋਵੇਗੀ। ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ 30.46 ਲੱਖ ਲਾਭਪਾਤਰੀਆਂ ਦਾ ਸਰਵੇ ਕਰਵਾਇਆ ਗਿਆ ਹੈ। ਇਸ ਸਰਵੇ ਦੇ ਮੁਕੰਮਲ ਹੋਣ ਤੇ 90248 ਮ੍ਰਿਤਕ ਲਾਭਪਾਤਰੀਆਂ ਦੀ ਸਨਾਖਤ ਹੋਈ ਹੈ। ਮ੍ਰਿਤਕ ਲਾਭਕਾਰੀਆਂ ਦੀ ਸ਼ਨਾਖਤ ਨਾਲ ਸਰਕਾਰ ਨੂੰ ਪ੍ਰਤੀ ਮਹੀਨਾ 13.53 ਕਰੋੜ ਅਤੇ ਸਲਾਨਾ 162.36 ਕਰੋੜ ਰੁਪਏ ਦੀ ਬਚਤ ਹੋਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ 90,248 ਮ੍ਰਿਤਕ ਲਾਭਪਾਤਰੀਆਂ ਦੀ ਸ਼ਨਾਖਤ ਨਾਲ ਜਿੱਥੇ ਸਰਕਾਰ ਦਾ ਵਿੱਤੀ ਨੁਕਸਾਨ ਹੋਣੋ ਰੁਕਿਆ ਹੈ, ਸਗੋਂ ਇਸ ਰਾਸੀ ਨਾਲ ਹੋਰ ਲੋੜਵੰਦ ਲੋਕਾਂ ਦੀ ਸਹਾਇਤਾ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਕਰਨ ਲਈ ਇਲੈਕਟ੍ਰੋਨਿਕ ਬੈਨੀਫਿਟ ਟਰਾਂਸਫਰ (ਈ.ਬੀ.ਟੀ) ਸਕੀਮ ਲਾਗੂ ਕੀਤੀ ਜਾਵੇਗੀ, ਬੈਂਕ ਵਲੋਂ ਤੈਨਾਤ ਬਿਜਨਸ ਕਾਰਸਪੋਡੈਂਸ ਰਾਹੀਂ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਵੰਡ ਕੀਤੀ ਜਾਵੇਗੀ। ਲਾਭਪਾਤਰੀਆਂ ਨੂੰ ਬੈਂਕਾਂ ਦੀ ਕਤਾਰਾਂ ਵਿੱਚ ਨਹੀਂ ਖੜਨਾ ਪਵੇਗਾ। ਸਕੀਮ ਨੂੰ ਲਾਗੂ ਕਰਨ ਲਈ ਪਹਿਲਾਂ ਦੋ ਪਾਇਲਟ ਪ੍ਰੋਜੈਕਟ ਜ਼ਿਲ੍ਹਾ ਸੰਗਰੂਰ, ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ੁਰੂ ਕੀਤੇ ਜਾਣਗੇ, ਇਸ ਬਾਰੇ ਬੈਂਕਾਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ।

## ਅਣਪਛਾਤੀ ਲਾਸ਼ ਬਰਾਮਦ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ-ਪਠਾਨਕੋਟ ਜੀ ਟੀ ਰੋਡ ਸਥਿਤ ਪਿੰਡ ਕਾਹਨਪੁਰ ਵਿੱਚ ਇੱਕ ਖਾਲੀ ਪਲਾਟ ਵਿੱਚੋਂ ਇੱਕ ਅਣਪਛਾਤੀ ਲਾਸ਼ ਮਿਲਣ ਨਾਲ ਪੂਰੇ ਇਲਾਕੇ ਵਿੱਚ ਸਨਸਨੀ ਫੈਲ ਗਈ। ਲੋਕਾਂ ਨੇ ਇਸ ਲਾਸ਼ ਦੀ ਸੂਚਨਾ ਥਾਣਾ ਮਕਸੂਦਾਂ ਦੀ ਪੁਲਸ ਨੂੰ ਦਿੱਤੀ। ਐਸ ਐਚ ਓ ਮਨਜੀਤ ਸਿੰਘ ਮੌਕੇ 'ਤੇ ਆਪਣੀ ਟੀਮ ਨਾਲ ਪੁਹੰਚੇ ਲਾਸ਼ ਨੂੰ ਆਪਣੇ ਕਬਜੇ ਵਿੱਚ ਲੈ ਕੇ ਪੋਸਟ ਮਾਸਟਮ ਲਈ ਜਲੰਧਰ ਦੇ ਸਿਵਿਲ ਹਸਪਤਾਲ ਵਿੱਚ ਭੇਜਿਆ। ਸ਼ਨਾਖਤ ਲਈ ਇਥੇ ਮੋਰਚਰੀ ਵਿੱਚ 72 ਘੰਟਿਆਂ ਲਈ ਰਖਵਾ ਦਿੱਤਾ ਹੈ। ਐਸ ਐਚ ਓ ਨੇ ਦੱਸਿਆ ਕਿ ਕਤਲ ਕਰਕੇ ਲਾਸ਼ ਨੂੰ ਇਥੇ ਸੁੱਟਿਆ ਗਿਆ ਲੱਗਦਾ ਹੈ। ਇਸ ਦੀ ਜਾਂਚ ਲਈ ਇਲਾਕੇ ਵਿੱਚ ਲੱਗੇ ਸੀ ਸੀ ਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

# ਅਧਿਆਪਕਾਂ ਨੂੰ ਨਹੀਂ ਮਿਲੀ ਜੁਲਾਈ ਮਹੀਨੇ ਤੋਂ ਤਨਖਾਹ : ਟੂਰਾ

**ਫਗਵਾੜਾ ( ਜਸਵਿੰਦਰ ਢੱਡਾ)**- ਐੱਸ.ਸੀ .ਬੀ.ਸੀ ਸਮਾਜ ਦੇ ਮੁਲਾਜ਼ਮ ਵਰਗ ਦੀ ਜਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ ਬੀ.ਸੀ ਇੰਪਲਾਈਜ ਵੈਲਫ਼ੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਸਿੰਘ ਟੂਰਾ,ਮਨਜੀਤ ਗਾਟ, ਲਖਵੀਰ ਚੰਦ, ਗਿਆਨ ਚੰਦ ਵਾਹਦ ,ਵਿਨੋਦ ਕੁਮਾਰ ਤੇ ਸਤਨਾਮ ਗਿੱਲ ਅਤੇ ਬਲਵਿੰਦਰ ਨਿਧੜਕ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ 6635 ਪੋਸਟਾਂ ਅਧੀਨ ਪ੍ਰਾਇਮਰੀ ਕਾਡਰ ਵਿੱਚ ਈਟੀਟੀ ਅਧਿਆਪਕਾਂ ਦੀ ਭਰਤੀ ਜੁਲਾਈ 2022 ਅਧੀਨ ਜ਼ਿਲ੍ਹੇ ਦੇ ਬਲਾਕ ਫਗਵਾੜਾ ਅਤੇ ਨਡਾਲਾ ਵਿੱਚ ਹੋਈ ਸੀ। ਇਹਨਾਂ ਅਧਿਆਪਕਾਂ ਨੂੰ ਨੌਕਰੀ ਮਿਲਣ ਦੇ 3 ਮਹੀਨੇ ਬੀਤ ਜਾਣ ਦੇ ਉਪਰੰਤ ਵੀ ਅਜੇ ਤੱਕ ਪਹਿਲੀ ਤਨਖਾਹ ਨਸੀਬ ਨਹੀਂ ਹੋਈ। ਇਸ ਸਬੰਧੀ ਟੂਰਾ ਨੇ ਕਿਹਾ ਕਿ ਅੱਜ ਵੀ ਉਨ੍ਹਾਂ ਨੇ ਖ਼ਜ਼ਾਨਾ ਅਧਿਕਾਰੀ ਨਾਲ ਗੱਲਬਾਤ ਕੀਤੀ ਅਤੇ ਇਸ ਸਬੰਧੀ ਖ਼ਜ਼ਾਨਾ ਅਫਸਰ ਨੇ ਉਨ੍ਹਾਂ ਨੂੰ ਦੱਸਿਆ ਕਿ ਬਲਾਕ ਫਗਵਾੜਾ ਦੇ ਪਹਿਲਾਂ 34 ਅਧਿਆਪਕਾਂ ਦੇ ਪਰਾਨ ਨੰਬਰ ਅਲਾਟ ਕਰਨ ਲਈ ਕੇਸ ਭੇਜੇ ਗਏ ਹਨ । ਇਨ੍ਹਾਂ ਵਿੱਚੋਂ 22 ਕੇਸ ਅਪਡੇਟ ਹੋ ਚੁੱਕੇ ਹਨ ਅਤੇ 32 ਕੇਸ ਅੱਜ ਪਰਾਨ ਨੰਬਰ ਅਲਾਟ ਕਰਨ ਲਈ ਭੇਜੇ ਗਏ ਹਨ । ਜਿਸ ਵੀ ਕਿਸੇ ਕੇਸ ਤੇ ਇਤਰਾਜ਼ ਹੈ ਉਹ ਵਾਪਸ ਮੰਗਵਾ ਕੇ ਅਤੇ ਜੋ ਵੀ ਇਤਰਾਜ਼ ਲੱਗਾ ਹੈ ਉਹ ਦੂਰ ਕਰਕੇ ਜਲਦ ਪਰਾਨ ਨੰਬਰ ਅਲਾਟ ਕਰਨ ਵਾਸਤੇ ਵਾਪਸ ਭੇਜੇ ਜਾਣਗੇ । ਇਸ ਸੰਬੰਧੀ ਉਨ੍ਹਾਂ ਜ਼ਿਲ੍ਹਾ ਖਜ਼ਾਨਾ ਅਫਸਰ ਕਪੂਰਥਲਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਵੇਂ ਨਿਯੁਕਤ ਅਧਿਆਪਕਾਂ ਦੇ ਪਰਾਨ ਨੰਬਰ ਜਲਦ ਜਾਰੀ ਕਰਵਾਉਣ ਲਈ ਯਤਨ ਕਰਨ ਤਾਂ ਕਿ ਉਨ੍ਹਾਂ ਨੂੰ ਤਨਖਾਹਾਂ ਮਿਲ ਸਕਣ ਕਿਉਂਕਿ ਪਹਿਲਾਂ ਹੀ ਇਹ ਅਧਿਆਪਕ ਦੂਰ ਦੁਰਾਡੇ ਖੇਤਰਾਂ ਵਿੱਚੋਂ ਨਿਯੁਕਤ ਹੋਏ ਹਨ ਤੇ ਤਨਖਾਹਾਂ ਨਾ ਮਿਲਣ ਕਰਕੇ ਇਨ੍ਹਾਂ ਲਈ ਗੁਜ਼ਾਰਾ ਕਰਨਾ ਬੜਾ ਮੁਸ਼ਕਿਲ ਹੈ । ਪ੍ਰੈੱਸ ਨੂੰ ਜਾਣਕਾਰੀ ਦੇਣ ਸਮੇਂ ਅਸ਼ੋਕ ਮੂਲਨਿਵਾਸੀ, ਸੁਰਜੀਤ ਲਾਲ ,ਅਮਰਿੰਦਰ ਸਿੰਘ , ਰੇਨੂੰ ਬਾਲਾ, ਕਮਲੇਸ ਕੌਰ, ਰਾਮਪਾਲ, ਅਨੁਪਮ ਕੰਵਲ, ਜੋਤੀ, ਗੁਰਸੇਵਕ ,ਸੀਤਲ ਕੁਮਾਰ, ਵਿਜੇ ਕੁਮਾਰ, ਗੁਰਦਿਆਲ ਹੀਰ,ਸੋਹਣ ਲਾਲ ਸਹੋਤਾ ਅਤੇ ਹੋਰ ਕਈ ਮੈਂਬਰ ਸ਼ਾਮਲ ਸਨ।

# ਡਿਪਟੀ ਕਮਿਸ਼ਨਰ ਵੱਲੋਂ ਪਿੰਡਾਂ 'ਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)**—ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਪੇਂਡੂ ਵਿਕਾਸ ਤਹਿਤ ਚੱਲ ਰਹੀਆਂ ਵੱਖ ਵੱਖ ਸਕੀਮਾਂ ਦੇ ਕੰਮਾਂ ਦੀ ਸਮੀਖਿਆ ਕੀਤੀ ਗਈ ਜਿਸ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਂਦੇ ਹੋਏ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਏ ਜਾਣ ਅਤੇ ਚਲ ਰਹੇ ਵਿਕਾਸ ਨੂੰ ਵੀ ਮਿਥੇ ਸਮੇਂ ਵਿੱਚ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਜ਼ਿਲ੍ਹੇ ਦੀਆਂ ਸਾਰੀਆਂ ਖਰਾਬ ਸੜਕਾਂ ਦੀ ਮੁਰੰਮਤ ਕਰਨ ਅਤੇ ਛੋਟੀਆਂ ਸੜਕਾਂ ਨੂੰ ਚੌੜੀਆਂ ਕਰਨ ਦੇ ਆਦੇਸ਼ ਦਿੱਤੇ। ਇਸ ਤੋਂ ਇਲਾਵਾ ਮੁਕੰਮਲ ਹੋਏ ਕੰਮਾਂ ਦੀ ਪ੍ਰਗਤੀ ਰਿਪੋਰਟ ਤਿਆਰ ਕੀਤੀ ਜਾਵੇ। ਇਸ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋ ਜ਼ਿਲਾ ਵਿਕਾਸ ਤੇ ਪੰਚਾਇਤ ਅਫਸਰ , ਬੀ.ਡੀ.ਪੀ.ਓਜ਼, ਵੱਖ ਵੱਖ ਵਿਭਾਗਾਂ ਦੇ ਕਾਰਜਕਾਰੀ ਇੰਜੀਨੀਅਰਜ਼ ਅਤੇ ਹੋਰ ਸੀਨੀਅਰ ਅਧਿਕਾਰੀਆਂ ਤੋਂ ਪਿੰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਹਾਸਲ ਕਰਦੇ ਹੋਏ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸੂਬਾ ਸਰਕਾਰ ਵੱਲੋਂ ਲੋਕ ਭਲਾਈ ਵਿਕਾਸ ਕਾਰਜਾਂ ਹਿੱਤ ਸਾਰੀਆਂ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਯੋਗ ਵਿਅਕਤੀਆਂ ਤੱਕ ਪਹੁੰਚੇ।

ਉਨ੍ਹਾਂ ਮੀਟਿੰਗ ਦੇ ਦੌਰਾਨ ਪੰਚਾਇਤ ਘਰਾਂ ਸਬੰਧੀ ਵਿਕਾਸ ਕਾਰਜ, ਸਕੂਲਾਂ ਵਿੱਚ ਕਰਵਾਏ ਜਾ ਰਹੇ ਕਾਰਜ, ਪਾਰਕਾਂ ਸਬੰਧੀ, ਯੋਗ ਥਾਵਾਂ ਤੇ ਖੇਡ ਮੈਦਾਨ ਅਤੇ ਯੋਗ ਥਾਵਾਂ ਤੇ ਵਾਲੀਬਾਲ ਮੈਦਾਨ ਬਣਾਉਣ ਸਬੰਧੀ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਪਾਣੀ ਦੇ ਟਿਊਬਲਾਂ ਸਬੰਧੀ ਕਾਰਜ, ਪੀ.ਡਬਲਿਊ ਵਰਕਸ, ਸਵੱਛਤਾ ਸਰਵੇਖਣ ਆਦਿ ਯੋਜਨਾਵਾਂ ਦਾ ਜਾਇਜ਼ਾ ਲੈਂਦੇ ਹੋਏ ਸਬੰਧਤ ਵਿਭਾਗਾਂ ਦੇ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੀਟਿੰਗ ਦੌਰਾਨ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀਮਤੀ ਅਮਨਿੰਦਰ ਕੌਰ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਅਵਨੀਤ ਕੌਰ, ਐਸ.ਡੀ.ਐਮ ਡੇਰਾਬਸੀ ਹਿਮਾਂਸ਼ੂ ਗੁਪਤਾ, ਐਸ.ਡੀ.ਐਮ. ਖਰੜ ਰਵਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਕੋਕਾ ਕੋਲਾ ਫੈਕਟਰੀ ਬੰਦ ਕਰਵਾਉਣ ਦੇ ਮਾਮਲੇ 'ਤੇ ਵੀਰ ਪ੍ਰਤਾਪ ਰਾਣਾ ਅੰਦੋਲਨ ਤੋਂ ਹੋਏ ਅਲੱਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-2018 ਤੋਂ ਊਨਾ ਰੋਡ ਹੁਸ਼ਿਆਰਪੁਰ ਵਿੱਚ ਲੱਗੀ ਕੋਕਾ ਫੈਕਟਰੀ ਜੋ ਸਿਹਤ ਅਤੇ ਪਾਣੀ ਦੀ ਦੁਸ਼ਮਣ ਬਣੀ ਹੋਈ ਹੈ ਨੂੰ ਬੰਦ ਕਰਾਉਣ ਸਬੰਧੀ ਸੰਘਰਸ਼ ਕਰ ਰਹੇ ਵੀਰ ਪ੍ਰਤਾਪ ਰਾਣਾ ਨੇ ਜੇਲ੍ਹ ਕੱਟਣ ਅਤੇ ਕਰੋਨਾ ਕਾਲ ਤੋਂ ਬਾਦ ਫਿਰ ਤੋਂ ਬੜੇ ਪੈਮਾਨੇ ਤੇ ਕੋਕਾ ਕੋਲਾ ਫੈਕਟਰੀ ਨੂੰ ਬੰਦ ਕਰਾਉਣ ਲਈ ਧਰਨਾ ਸ਼ੁਰੂ ਕੀਤਾ, ਜਿਸਦਾ ਫੈਕਟਰੀ ਅਤੇ ਪੰਜਾਬ ਪ੍ਰਸ਼ਾਸਨ ਤੇ ਬਹੁਤ ਜਿਆਦਾ ਦਬਾਅ ਪੈ ਗਿਆ ਸੀ, ਉਹੀ ਵੀਰ ਪ੍ਰਤਾਪ ਰਾਣਾ ਨੇ ਇਸ ਫੈਕਟਰੀ ਨੂੰ ਬੰਦ ਕਰਾਉਣ ਲਈ ਪਿੰਡਾਂ ਦੇ ਲੋਕਾਂ ਦੇ ਨਾਲ-ਨਾਲ ਪੰਜਾਬ ਭਰ ਦੀਆਂ ਕਿਸਾਨ ਜਥੇਬੰਦੀਆਂ, ਏਸਜੀਪੀਸੀ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੋਂ ਵੀ ਸਹਿਯੋਗ ਮੰਗਣ ਦੀ ਗੱਲ ਕੀਤੀ ਗਈ ਸੀ। ਇਸ ਦੇ ਦੌਰਾਨ 18 ਅਕਤੂਬਰ 2022 ਨੂੰ ਬਲਾਕ ਸੰਮਤੀ ਜਹਾਨ ਖੇਲਾਂ ਦੇ ਕੁਝ ਨਿਵਾਸੀਆਂ ਨੇ ਵੀਰ ਪ੍ਰਤਾਪ ਰਾਣਾ ਨੂੰ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਨੇਤਾ ਅਤੇ ਕੁਝ ਹੋਰ ਪਿੰਡ ਦੇ ਵਸਨੀਕਾਂ ਨੇ ਵਾਦਾ ਕੀਤਾ ਹੈ ਕਿ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਜੇਕਰ ਵੀਰ ਪ੍ਰਤਾਪ ਰਾਣਾ ਅੰਦੋਲਨ ਤੋਂ ਬਾਹਰ ਹੋ ਜਾਣ ਤਾਂ ਅਸੀਂ ਫੈਕਟਰੀ ਬੰਦ ਕਰਵਾ ਦੇਵਾਂਗੇ। ਵੀਰ ਪ੍ਰਤਾਪ ਰਾਣਾ ਨੇ ਪੰਜਾਬ ਦੀ ਭਲਾਈ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੇ ਨੇਤਾਵਾਂ, ਕੈਬਨਿਟ ਮੰਤਰੀ ਅਤੇ ਪਿੰਡ ਵਾਸੀਆਂ ਦੀ ਗੱਲ ਮੰਨਦੇ ਹੋਏ ਆਪਣੇ ਆਪ ਨੂੰ ਅੰਦੋਲਨ ਤੋਂ 2 ਮਹੀਨੇ ਦੇ ਲਈ ਵੱਖ ਕਰ ਲਿਆ ਅਤੇ ਘੋਸ਼ਣਾ ਕੀਤੀ ਹੈ ਕਿ ਜੇਕਰ ਇਹ ਫੈਕਟਰੀ 2 ਮਹੀਨੇ ਦੇ ਵਿੱਚ ਬੰਦ ਨ ਹੋਈ ਤਾਂ ਪੰਜਾਬ ਭਰ ਵਿੱਚੋ ਹਰ ਪ੍ਰਕਾਰ ਦੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਬੜਾ ਭਾਰੀ ਅੰਦੋਲਨ ਫਿਰ ਤੋਂ ਸ਼ੁਰੂ ਕਰਨਗੇ।

# ਰਿਆਤ ਬਾਹਰਾ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਮਨਾਇਆ ਵਿਸ਼ਵ ਆਰਥੋਡੌਂਟਿਕ ਦਿਵਸ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**-ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਆਰਥੋਡੋਨਟਿਕਸ ਅਤੇ ਡੈਂਟੋਫੈਸ਼ੀਅਲ ਆਰਥੋਪੈਡਿਕਸ ਵਿਭਾਗ ਵੱਲੋਂ ਹਰ ਸਾਲ ਅਕਤੂਬਰ ਵਿੱਚ ਮਨਾਏ ਜਾਂਦੇ ਆਰਥੋਡੌਂਟਿਕ ਮਹੀਨੇ ਦੇ ਮੌਕੇ 'ਤੇ ਵਾਇਰ ਕਲਾ ਅਤੇ ਟੈਟੂ ਮੇਕਿੰਗ ਮੁਕਾਬਲੇ ਕਰਵਾਏ ਗਏ। ਆਰਥੋਡੌਂਨਟਿਕਸ ਬਾਰੇ ਜਾਗਰੂਕਤਾ ਫੈਲਾਉਣ ਵਾਲੇ ਪੋਸਟਰ ਅਤੇ ਤਸਵੀਰਾਂ ਪ੍ਰਦਰਸ਼ਿਤ ਕਰਕੇ ਪੂਰੇ ਸਮਾਗਮ ਨੂੰ ਮਨੋਰੰਜਕ ਅਤੇ ਜਾਣਕਾਰੀ ਭਰਪੂਰ ਬਣਾਇਆ ਗਿਆ। ਇਸ ਦੌਰਾਨ ਇੱਕ ਇੰਟਰਐਕਟਿਵ ਫੋਟੋ ਬੂਥ ਵੀ ਤਿਆਰ ਕੀਤਾ ਗਿਆ, ਜਿੱਥੇ ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ (ਆਰਬੀਡੀਸੀਐਚ) ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਫੋਟੋਆਂ ਖਿੱਚੀਆਂ। ਵਿਦਿਆਰਥੀਆਂ ਨੂੰ ਡਾ.ਐਸ.ਐਸ.ਗਿੱਲ, ਡੀਨ, ਮੈਡੀਕਲ ਸਾਇੰਸਿਜ਼, ਡਾ. ਵਿਮਲ ਕਾਲੀਆ, ਪ੍ਰਿੰਸੀਪਲ, ਅਤੇ ਡਾ. ਨੀਨਾ ਮਹਿਤਾ, ਡੀਨ ਅਕਾਦਮਿਕ ਵੱਲੋਂ ਇਨਾਮ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਸਮਾਗਮ ਦੇ ਆਯੋਜਨ ਵਿੱਚ ਡੈਂਟਲ ਕਾਲਜ ਦੇ ਫੈਕਲਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਬੀ ਐੱਸ ਐੱਨ ਐੱਲ ਦੀ ਹਾਈ ਸਪੀਡ ਬ੍ਰਾਡਬੈਂਡ ਸੇਵਾ ਲਈ ਹੁਣ ਰੂਰਲ ਇਲਾਕੇ ਦੇ ਲੋਕਾਂ ਲਈ ਵਿਸ਼ੇਸ਼ ਸਕੀਮ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**



ਬੀ ਐਸ ਐਨ ਐਲ ਮਹਿਕਮੇ ਵੱਲੋਂ ਨੂਰਪੁਰ ਬੇਦੀ ਤੇ ਸ੍ਰੀ ਆਨੰਦਪੁਰ ਸਾਹਿਬ ਦੇ ਰੂਰਲ ਏਰੀਏ ਦੇ ਕੁਝ ਇਲਾਕਿਆਂ ਦੇ ਵਿੱਚ ਹਾਈ ਸਪੀਡ ਫਾਈਬਰ ਬਰੌਡਬੈਂਡ ਸੇਵਾ ਲੈਣ ਦੇ ਲਈ ਹੁਣ ਸਕਿਓਰਿਟੀ ਤੇ ਹੋਰ ਖਰਚ ਨੂੰ ਖ਼ਤਮ ਕਰ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬੀ ਐਸ ਐਨ ਐਲ ਵਿਭਾਗ ਦੇ ਡੀ ਜੀ ਐਮ ਤਲਵਿੰਦਰ ਸਿੰਘ ਨੇ ਕਿਹਾ ਕਿ ਨੂਰਪੁਰ ਬੇਦੀ ਇਲਾਕੇ ਦੇ ਕਲਮਾਂ ਧਮਾਣਾ, ਕਰਤਾਰਪੁਰ ਤੇ ਤੇ ਇਨ੍ਹਾਂ ਦੇ ਲਾਗ ਪਾਸ ਲੱਗਦੇ ਪਿੰਡਾਂ ਦੇ ਵਿਚ ਜੇਕਰ ਕੋਈ ਵੀ ਉਪਭੋਗਤਾ ਬਰੌਡਬੈਂਡ ਹਾਈ ਸਪੀਡ ਸੇਵਾਵਾਂ ਲੈਣਾ ਚਾਹੁੰਦਾ ਹੈ, ਤਾਂ ਉਹ ਬਿਨਾਂ ਕੋਈ ਸਕਿਓਰਿਟੀ ਲਾਈਨ ਚਾਰਜ ਆਦਿ ਕਰੀਬ ਪੈਂਤੀ ਸੌ ਰੁਪਏ ਦਾ ਖਰਚ ਬਚਾ ਸਕਦਾ ਹੈ। ਬੀ ਐਸ ਐਨ ਐਲ ਵਿਭਾਗ ਦੀ ਇਹ ਸੇਵਾ ਪ੍ਰਾਪਤ ਕਰਨ ਦੇ ਲਈ ਫ੍ਰੀ ਸਕਿਓਰਿਟੀ ਸਕੀਮ ਸਿਰਫ ਤੀਹ ਅਕਤੂਬਰ ਤੱਕ ਹੀ ਰਹੇਗੀ। ਉਨ੍ਹਾਂ ਨੇ ਦੱਸਿਆ ਕਿ ਇਸੇ ਪ੍ਰਕਾਰ ਸ੍ਰੀ ਆਨੰਦਪੁਰ ਸਾਹਿਬ ਦੇ ਵੀ ਕੁਝ ਚੋਣਵੇਂ ਇਲਾਕਿਆਂ ਨੂੰ ਇਸ ਫ੍ਰੀ ਸੇਵਾ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ। ਉਪਭੋਗਤਾਵਾਂ ਨੂੰ ਕੁਨੈਕਸ਼ਨ ਲੈਣ ਲਈ ਕੋਈ ਪੈਸਾ ਨਹੀਂ ਦੇਣਾ ਪਵੇਗਾ ਜਦਕਿ ਉਹ ਪ੍ਰਤੀ ਮਹੀਨਾ ਬਣਦਾ ਰੈਂਟ ਹੀ ਚੁਕਾਉਣਗੇ।

# ਫਾਇਰ ਬ੍ਰਿਗੇਡ ਨੂੰ ਅਪਡੇਟ ਕੀਤਾ ਜਾਵੇਗਾ : ਨਗਰ ਨਿਗਮ ਕਮਿਸ਼ਨਰ

**ਫਗਵਾੜਾ, ( ਜਸਵਿੰਦਰ ਢੱਡਾ)** ਫਗਵਾੜਾ ਨਗਰ ਨਿਗਮ ਦੇ ਕਮਿਸਨਰ ਡਾ: ਨਯਨ ਜੱਸਲ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਫਾਇਰ ਬ੍ਰਿਗੇਡ ਨੂੰ ਅਪਡੇਟ ਕੀਤਾ ਜਾਵੇਗਾ। ਇੱਥੇ ਫਾਇਰ ਫਾਈਟਿੰਗ ਸਟਾਫ ਨੂੰ ਗੱਮ ਬੂਟ ਵੰਡਣ ਵਾਲੇ ਕਮਿਸਨਰ ਨੇ ਕਿਹਾ ਕਿ ਐਮ ਸੀ ਕੋਲ ਸਟਾਫ ਦੀ ਕਿਸੇ ਵੀ ਲੋੜ ਨੂੰ ਪੂਰਾ ਕਰਨ ਲਈ ਕਾਫੀ ਫੰਡ ਮੌਜੂਦ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਵ ਅੱਗ ਬੁਝਾਊ ਅਮਲੇ ਨੂੰ ਅਤਿ ਆਧੁਨਿਕ ਉਪਕਰਨਾਂ ਨਾਲ ਲੈਸ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕਮਿਸਨਰ ਨੇ ਕਿਹਾ ਕਿ ਉਹ ਅੱਗ ਬੁਝਾਊ ਅਮਲੇ ਦੀਆਂ ਲੋੜਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜਿਵੇਂ ਫਗਵਾੜਾ ਨੇ ਬੇਮਿਸਾਲ ਤਰੱਕੀ ਕੀਤੀ ਹੈ, ਇਸ ਲਈ ਅੱਗ ਬੁਝਾਊ ਅਮਲੇ ਨੂੰ ਆਧੁਨਿਕ ਤਕਨੀਕ ਨਾਲ ਲੈਸ ਕਰਨਾ ਸਮੇਂ ਦੀ ਲੋੜ ਹੈ। ਅੱਗ ਬੁਝਾਉਣ ਦੇ ਆਧੁਨਿਕੀਕਰਨ ਦੇ ਸੰਦਰਭ ਵਿੱਚ ਇੱਕ ਵਿਸਤ੍ਰਿਤ ਖਾਕਾ ਪਹਿਲਾਂ ਹੀ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਿਗਮ ਕੋਲ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਨਾਲ ਨਿਪਟਣ ਲਈ ਦੋ ਮਲਟੀਪਰਪਜ਼ ਟੈਂਡਰ ਅਤੇ ਦੋ ਵਾਟਰ ਟੈਂਡਰ ਸਮੇਤ ਚਾਰ ਫਾਇਰ ਟੈਂਡਰ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਲੋਕ ਫੋਨ ਨੰਬਰ 100 ਜਾਂ 01824-261944 'ਤੇ ਸੰਪਰਕ ਕਰ ਸਕਦੇ ਹਨ। ਲੋਕਾਂ ਦੀ ਸੇਵਾ ਕਰਨ ਲਈ ਐਮਸੀ ਫਗਵਾੜਾ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਮੇਸ਼ਾ ਤਤਪਰ ਹਨ।

# ਦਸਤਾਵੇਜ਼ੀ ਫਿਲਮ '1984- ਸਿੱਖਾਂ ਦੀ ਨਸਲਕੁਸ਼ੀ, ਮਨੁੱਖਤਾ ਵਿਰੁੱਧ ਬੇਇਨਸਾਫੀ ਤੇ ਅਪਰਾਧ ਦੇ 38 ਸਾਲ'

**ਚੰਡੀਗੜ੍ਹ, (ਗੁਰਜੀਤ ਸਿੰਘ ਬਿੱਲਾ)**-ਗਲੋਬਲ ਮਿਡਾਸ ਕੈਪੀਟਲ ਇੱਕ ਅੰਤਰਰਾਸ਼ਟਰੀ ਮੂਵੀ ਪ੍ਰੋਡਕਸਨ ਹਾਊਸ, ਗਲੋਬਲ ਮਿਡਾਸ ਫਾਊਂਡੇਸਨ ਦੇ ਸਹਿਯੋਗ ਨਾਲ "1984- ਸਿੱਖਾਂ ਦੀ ਨਸਲਕੁਸ਼ੀ, ਮਨੁੱਖਤਾ ਵਿਰੁੱਧ ਬੇਇਨਸਾਫੀ ਅਤੇ ਅਪਰਾਧ ਦੇ 38 ਸਾਲ" ਸਿਰਲੇਖ ਨਾਲ ਇੱਕ ਦਸਤਾਵੇਜ਼ੀ ਫਿਲਮ ਬਣਾਈ ਗਈ ਹੈ। ਦਸਤਾਵੇਜ਼ੀ ਵਿੱਚ 31 ਅਕਤੂਬਰ, 1984 ਤੋਂ 7 ਨਵੰਬਰ 1984 ਤੱਕ ਦਿੱਲੀ, ਕਾਨਪੁਰ, ਬੋਕਾਰੋ ਵਿੱਚ ਮੁੱਖ ਤੌਰ ਜ਼ਤੇ ਵਾਪਰੀਆਂ ਘਟਨਾਵਾਂ ਨੂੰ ਸਮਝਣ ਲਈ ਦਿੱਲੀ ਭਰ ਵਿੱਚ 1984 ਦੇ ਦਿੱਲੀ ਕਤਲੇਆਮ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਦੀਆਂ ਇੰਟਰਵਿਊਆਂ ਨੂੰ ਕਵਰ ਕੀਤਾ ਗਿਆ ਹੈ। ਕਤਲਾਂ, ਲੁੱਟ-ਖਸੁੱਟ, ਨਿੱਜੀ ਜਾਇਦਾਦਾਂ ਅਤੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾਉਣ ਲਈ ਮੁਆਵਜੇ, ਔਰਤਾਂ, ਲੜਕੀਆਂ ਅਤੇ ਬੱਚਿਆਂ ਵਿਰੁੱਧ ਸ਼ਰਮਨਾਕ ਕਾਰਵਾਈਆਂ ਲਈ ਕਾਨੂੰਨੀ ਨਿਆਂ ਪ੍ਰਾਪਤ ਕਰਨ ਦੇ ਮਾਮਲੇ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ, ਇਨਸਾਫ ਪ੍ਰਾਪਤ ਕਰਨ ਵਿੱਚ ਕਿਹੜੀਆਂ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕੀ ਚੁਣੌਤੀਆਂ ਹਨ ? 38 ਸਾਲ ਦੇ ਸਾਰੇ ਸਬੰਧਤ ਹਿੱਸੇਦਾਰਾਂ ਨਾਲ ਨਿੱਜੀ ਤੌਰ 'ਤੇ ਇੰਟਰਵਿਊ ਕੀਤੀ ਗਈ ਸੀ। ਇਸ ਤੋਂ ਇਲਾਵਾ ਅੱਜ ਸਾਡੇ ਸਾਹਮਣੇ ਇਕ ਹੋਰ ਸਭ ਤੋਂ ਮਹੱਤਵਪੂਰਨ ਪਹਿਲੂ ਅਤੇ ਚੁਣੌਤੀ ਵੱਖ-ਵੱਖ ਕੇਂਦਰ ਸਰਕਾਰਾਂ, ਰਾਜ ਸਰਕਾਰਾਂ, ਧਾਰਮਿਕ ਅਤੇ ਸਿਆਸੀ ਲੀਡਰਸ਼ਿਪ ਆਦਿ ਦੁਆਰਾ ਕੀਤੇ ਵਾਅਦਿਆਂ ਦੀ ਰੌਸ਼ਨੀ ਵਿਚ ਨਸਲਕੁਸ਼ੀ ਪੀੜਤਾਂ ਦਾ ਪੁਨਰਵਾਸ ਹੈ। ਇਸ ਲਈ ਸਭ ਨੇ ਜੋ ਵਾਅਦੇ ਕੀਤੇ ਸਨ, ਕੀ ਹਾਸਲ ਕੀਤੇ ਸਨ ਅਤੇ ਮੁੜ ਵਸੇਬੇ ਦੀ ਅਸਲ ਸੱਚਾਈ ਇਸ ਦਸਤਾਵੇਜ਼ੀ ਵਿੱਚ ਸਾਹਮਣੇ ਆਈ ਹੈ। ਇਹ ਨਸਲਕੁਸ਼ੀ ਪੀੜਤਾਂ ਲਈ ਇਨਸਾਫ ਪ੍ਰਾਪਤ ਕਰਨ ਲਈ ਸੰਯੁਕਤ ਰਾਸ਼ਟਰ ਵਿੱਚ ਮਾਮਲਾ ਉਠਾਉਣ ਲਈ ਜਮਹੂਰੀ ਅਧਿਕਾਰਾਂ, ਨਾਗਰਿਕ ਸੁਤੰਤਰਤਾਵਾਂ ਅਤੇ ਮਨੁੱਖੀ ਅਧਿਕਾਰਾਂ ਲਈ ਇੱਕ ਠੋਸ ਆਧਾਰ ਪ੍ਰਦਾਨ ਕਰੇਗਾ, ਇਸ ਤੋਂ ਪਹਿਲਾਂ ਕਿ ਨਿਆਂ ਦੀ ਮੰਗ ਕਰਨ ਵਾਲਾ ਕੋਈ ਵੀ ਨਹੀਂ ਬਚਿਆ ਹੈ ਅਤੇ ਅੰਤਰਰਾਸ਼ਟਰੀ ਅਪੀਲ ਵੀ ਦੁਨੀਆ ਦੇ "ਹੱਥ ਫੜਨ" ਅਤੇ "ਸਮੂਹਿਕ ਯਤਨਾਂ" ਲਈ ਜਿਨ੍ਹਾਂ ਨੂੰ ਸਮਾਜਿਕ, ਵਿੱਤੀ ਅਤੇ ਨੈਤਿਕ ਤੌਰ 'ਤੇ ਮੁੜ ਵਸੇਬੇ ਲਈ ਲਾਗੂ ਕਰਨ ਦੀ ਜ਼ਰੂਰਤ ਹੈ, ਜਿਨ੍ਹਾਂ ਨੇ 31 ਅਕਤੂਬਰ 1984 ਤੋਂ ਪਿਛਲੇ 38 ਸਾਲਾਂ ਤੋਂ ਇਸ ਦਰਦ ਨੂੰ ਝੱਲਿਆ ਹੈ।

# ਗੁਰੂ ਨਾਨਕ ਨਾਮ ਸੇਵਾ ਮਿਸ਼ਨ ਨੇ ਸਮੂਹਕ ਅਨੰਦ ਕਾਰਜ ਕਰਵਾਏ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਥਾਨਕ ਕਸਬੇ ਦੇ ਦਸ ਡੋਗਰਾ ਮਾਰਗ ਸਥਿਤ ਦਰਬਾਰ ਬਾਬਾ ਸ੍ਰੀ ਚੰਦ ਜੀ ਵਿਖੇ ਸ੍ਰੀ ਗੁਰੂ ਨਾਨਕ ਨਾਮ ਸੇਵਾ ਮਿਸ਼ਨ ਰਜਿਸਟਰਡ ਦੇ ਚੇਅਰਮੈਨ ਬਾਬਾ ਬਲਬੀਰ ਸਿੰਘ ਬੇਦੀ ਸ੍ਰੀ ਚੋਲਾ ਸਾਹਿਬ ਵਾਲੇ ਸੋਲ੍ਹਵੀਂ ਪੀੜ੍ਹੀ ਅੰਸ਼0ਵੰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਹਰ ਸਾਲ ਦੀ ਤਰ੍ਹਾਂ ਸੰਗਤਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਨਾਲ ਸੰਬੰਧਤ 5 ਲੋੜਵੰਦ ਪਰਵਾਰਾਂ ਨਾਲ ਸਬੰਧਤ ਬੇਟੀਆਂ ਦੇ ਸਮੂਹਕ ਅਨੰਦ ਕਾਰਜ ਕਰਵਾਏ ਗਏ ,ਅਤੇ ਹਰੇਕ ਨਵੀਂ ਵਿਆਹੀ ਜੋੜੀ ਨੂੰ ਗ੍ਰਹਿਸਤ ਲਈ ਲੋੜੀਂਦਾ ਸਾਮਾਨ ਵੀ ਦਿੱਤਾ ਗਿਆ । ਇਸ ਮੌਕੇ ਧਾਰਮਿਕ ਸਮਾਗਮ ਦੌਰਾਨ ਭਾਈ ਮਹਿੰਦਰ ਸਿੰਘ ਕੀਰਤਨੀ ਜਥਾ ਕਲਾਨੌਰ ਵਾਲੇ ਅਤੇ ਭਾਈ ਸਾਹਿਬ ਸਿੰਘ ਖਾਸਾਂਵਾਲੀ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਉਪਰੰਤ ਗੁਰੂ ਨਾਨਕ ਨਾਮ ਸੇਵਾ ਮਿਸ਼ਨ ਰਜਿ: ਡੇਰਾ ਬਾਬਾ ਨਾਨਕ ਦੇ ਚੇਅਰਮੈਨ ਬਾਬਾ ਬਲਬੀਰ ਸਿੰਘ ਜੀ ਬੇਦੀ ਵੱਲੋਂ ਨਵੇਂ ਵਿਆਹੇ ਜੋੜਿਆਂ ਅਤੇ ਸਰਬੱਤ ਦੇ ਭਲੇ



ਦੀ ਅਰਦਾਸ ਕੀਤੀ ਗਈ । ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਾਬਾ ਬਲਬੀਰ ਸਿੰਘ ਬੇਦੀ ਨੇ ਦੱਸਿਆ ਕਿ ਗੁਰੂ ਨਾਨਕ ਨਾਮ ਸੇਵਾ ਮਿਸ਼ਨ ਰਜਿਸਟਰਡ ਡੇਰਾ ਬਾਬਾ ਨਾਨਕ ਵੱਲੋਂ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਬੀਬੀ ਸੁਰਿੰਦਰ ਕੌਰ ਯੂ ਕੇ ਅਤੇ ਸੰਗਤਾਂ ਦੇ ਵਿਸੇਸ ਸਹਿਯੋਗ ਨਾਲ 5 ਲੋੜਵੰਦ ਪਰਵਾਰਾਂ ਨਾਲ ਸੰਬੰਧਤ ਬੇਟੀਆਂ ਦੇ ਸਮੂਹਿਕ ਅਨੰਦ ਕਾਰਜ ਕਰਵਾਏ ਗਏ ਹਨ ਅਤੇ ਹਰੇਕ ਨਵੀਂ ਵਿਆਹੀ ਜੋੜੀ ਨੂੰ ਗ੍ਰਹਿਸਤ ਵਿੱਚ ਲੋੜੀਂਦਾ ਸਾਮਾਨ ਵੀ ਦਿੱਤਾ ਗਿਆ ਹੈ । ਉਨ੍ਹਾ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਪਿਛਲੇ 23 ਸਾਲਾਂ ਤੋਂ ਕਰੀਬ 900 ਤੋਂ ਵੱਧ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਅਨੰਦ ਕਾਰਜ ਕਰਵਾਏ ਗਏ ਹਨ । ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ 4 ਨਵੰਬਰ ਸ਼ੁੱਕਰਵਾਰ ਨੂੰ ਬਾਲ ਗੁਰਮਿਤ ਸਮਾਗਮ ਦੌਰਾਨ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ, ਸਿੱਖ ਇਤਿਹਾਸ ਨਾਲ ਸਬੰਧਤ ਕੁਇਜ਼ ਮੁਕਾਬਲੇ ਅਤੇ ਦਸਤਾਰ ਸਜਾਉਣ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿੱਚ ਬੱਚਿਆਂ ਨੂੰ 31000 ਹਜਾਰ ਦੀ ਨਗਦ ਰਾਸ਼ੀ ਸਮੇਤ ਇਨਾਮ ਵੀ ਵੰਡੇ ਜਾਣਗੇ । ਉਨ੍ਹਾ ਦੱਸਿਆ ਕਿ 8 ਨਵੰਬਰ ਮੰਗਲਵਾਰ ਗੁਰੂਪੁਰਬ ਵਾਲੇ ਦਿਨ 121 ਲੋੜਵੰਦ ਗਰੀਬ ਪਰਵਾਰਾਂ ਨੂੰ ਰਾਸ਼ਨ ਅਤੇ ਕੰਬਲਾਂ ਦੀ ਵੰਡ ਵੀ ਕੀਤੀ ਜਾਵੇਗੀ । ਇਸ ਮੌਕੇ ਬਾਬਾ ਜੀ ਨੇ ਨਵੇਂ ਵਿਆਹੇ ਜੋੜਿਆਂ ਨੂੰ ਸਗਨ ਪਾਇਆ ਅਤੇ ਗ੍ਰਹਿਸਤ ਜੀਵਨ ਬਿਤਾਉਣ ਲਈ ਅਸ਼ੀਰਵਾਦ ਵੀ ਦਿੱਤਾ । ਇਸ ਮੌਕੇ ਸੰਸਥਾ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ । ਇਸ ਮੌਕੇ ਸੰਸਥਾ ਵੱਲੋਂ ਸਮੂਹਿਕ ਆਨੰਦ ਕਾਰਜ ਵਿੱਚ ਹਾਜ਼ਰ ਸੰਗਤਾਂ ਲਈ ਲੰਗਰ ਵੀ ਲਗਾਇਆ ਗਿਆ । ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪਰਮੀਤ ਸਿੰਘ ਬੇਦੀ, ਬੀਬੀ ਸੁਖਵਿੰਦਰ ਕੌਰ ਬੇਦੀ, ਰਜੇਸ਼ ਕੁਮਾਰ ਬਲਹੋਤਰਾ ਜਨਰਲ ਮੈਨੇਜਰ ਮਿਲਕ ਪਲਾਂਟ ਗੁਰਦਾਸਪੁਰ, ਰਛਪਾਲ ਸਿੰਘ ਡੀ ਐੱਸ ਪੀ ਡੇਰਾ ਬਾਬਾ ਨਾਨਕ, ਦਿਲਪ੍ਰੀਤ ਕੌਰ ਐੱਸ ਐੱਚ ਓ ਡੇਰਾ ਬਾਬਾ ਨਾਨਕ, ਅਨੂਪ ਸਿੰਘ ਕੌਂਸਲ ਫਗਵਾੜਾ, ਰਜਨੀਸ਼ ਕਸ਼ਿਅਪ ਅਸਿਸਟੈਂਟ ਡਿਪਟੀ ਕਮਾਂਡੈਂਟ ਹੈੱਡ ਕੁਆਰਟਰ ਬੀ ਐੱਸ ਐੱਫ ਗੁਰਦਾਸਪੁਰ, ਗੁਰਮੀਤ ਸਿੰਘ, ਜਸਵੰਤ ਸਿੰਘ ,ਡਿਪਟੀ ਮੈਨੇਜਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸਹਿਕਾਰੀ ਬੈਂਕ ਨਾਲ 9 ਲੱਖ ਰੁਪਏ ਦੀ ਧੋਖਾਧੜੀ ਕਰਨ ਵਾਲੇ ਨੂੰ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਅੱਜ ਇੱਕ ਪ੍ਰਾਈਵੇਟ ਵਿਅਕਤੀ ਜਗਜੀਤ ਸਿੰਘ ਵਾਸੀ ਪਿੰਡ ਧੂਲਕਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਬੈਂਕ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਕੇਂਦਰੀ ਸਹਿਕਾਰੀ ਬੈਂਕ ਤਰਸਿੱਕਾ ਵਿੱਚ 9,75,771 ਰੁਪਏ ਦਾ ਗਬਨ ਕਰਨ ਦੇ ਦੋਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜਮ ਨੇ ਬੈਂਕ ਮੈਨੇਜਰ ਰਾਕੇਸ਼ ਕੁਮਾਰ, ਕੈਸ਼ੀਅਰ ਰਾਮ ਕਿਸ਼ੋਰ ਅਤੇ ਸਕੱਤਰ ਕੁਲਵੰਤ ਸਿੰਘ ਨਾਲ ਮਿਲੀਭੁਗਤ ਕਰਕੇ ਉਕਤ ਰਕਮ ਉਸ ਦੇ ਹੋਰ ਬੈਂਕਾਂ ਵਿਚਲੇ ਨਿੱਜੀ ਖਾਤਿਆਂ ਵਿੱਚ ਤਬਦੀਲ ਕਰਨ ਉਪਰੰਤ ਕਢਵਾ ਲਈ ਜਦਕਿ ਸਹਿਕਾਰੀ ਬੈਂਕ ਕਿਸਾਨ ਕ੍ਰੈਡਿਟ ਕਾਰਡ ਦੇ ਆਫ-ਲਾਈਨ ਖਾਤੇ ਤੋਂ ਅਜਿਹੀ ਰਕਮ ਦੂਜੇ ਬੈਂਕਾਂ ਦੇ ਖਾਤਿਆਂ ਵਿੱਚ ਤਬਦੀਲ ਨਹੀਂ ਕਰ ਸਕਦਾ। ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਤਫਤੀਸ ਦੌਰਾਨ ਇਹ ਪਾਇਆ ਗਿਆ ਕਿ ਉਪਰੋਕਤ ਮੁਲਜਮ ਬੈਂਕ ਅਧਿਕਾਰੀਆਂ ਨੇ ਦੋਸੀ ਜਗਜੀਤ ਸਿੰਘ ਨਾਲ ਮਿਲੀਭੁਗਤ ਕਰਕੇ 51,94,900 ਰੁਪਏ ਗਹਿਰੀ ਮੰਡੀ, ਅੰਮ੍ਰਿਤਸਰ ਜ਼ਿਲ੍ਹੇ ਦੇ ਹੋਰ ਬੈਂਕਾਂ ਵਿੱਚ ਟਰਾਂਸਫਰ ਕੀਤੇ ਸਨ। ਇਸ ਮਾਮਲੇ ਵਿੱਚ ਸੱਤ ਮੁਲਜਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਨੇ ਉਪਰੋਕਤ ਬੈਂਕ ਵਿੱਚ 24 ਕਰੋੜ ਰੁਪਏ ਦੀ ਅਜਿਹੀ ਧੋਖਾਧੜੀ ਕੀਤੀ ਹੈ। ਇਸ ਸਬੰਧੀ ਆਈਪੀਸੀ ਦੀ ਧਾਰਾ 420, 409, 419, 465, 467, 468, 471, 477-ਏ, 120-ਬੀ, ਆਈ.ਟੀ. ਐਕਟ ਦੀ ਧਾਰਾ 43-ਏ, 43 (ਆਈ), 66, 66-ਡੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਤੇ 13 ਤਹਿਤ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।

# 29 ਤੇ 30 ਨੂੰ ਦਿੱਤੇ ਜਾਣਗੇ 'ਨੈਸ਼ਨਲ ਸਕੂਲ ਐਵਾਰਡ-2022'

## ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ

**ਮੋਹਾਲੀ, (ਗੁਰਜੀਤ ਸਿੰਘ ਬਿੱਲਾ)**-ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ (ਫ਼ੈਪ) ਵੱਲੋਂ ਗੁਣਵੱਤਾਪੂਰਨ ਸਕੂਲ ਸਿੱਖਿਆ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਨਿੱਜੀ ਸਕੂਲਾਂ ਨੂੰ 29 ਅਤੇ 30 ਅਕਤੂਬਰ ਨੂੰ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕੌਮੀ ਪੱਧਰ ਦੇ 'ਨੈਸ਼ਨਲ ਸਕੂਲ ਐਵਾਰਡ-2022' ਦਿੱਤੇ ਜਾਣਗੇ। ਸਮਾਗਮ ਦੌਰਾਨ ਵੱਖ-ਵੱਖ ਸ਼੍ਰੇਣੀਆਂ ਅਧੀਨ ਦੇਸ਼ ਭਰ ਦੇ ਪ੍ਰਾਈਵੇਟ ਸਕੂਲਾਂ ਵਿਚੋਂ ਬੈਸਟ ਸਕੂਲ, ਬੈਸਟ ਟੀਚਰ ਅਤੇ ਬੈਸਟ ਪ੍ਰਿੰਸੀਪਲ ਐਵਾਰਡ ਦਿੱਤੇ ਜਾਣਗੇ। ਦੋ ਦਿਨ ਚੱਲਣ ਵਾਲੇ ਐਵਾਰਡ ਸਮਾਗਮ ਦੇ ਪਹਿਲੇ ਦਿਨ ਪੰਜਾਬ ਦੇ ਰਾਜਪਾਲ ਅਤੇ ਯੂ.ਟੀ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸੇ ਤਰ੍ਹਾਂ ਸਮਾਗਮ ਦੇ ਦੂਜੇ ਦਿਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੁਰਸਕਾਰਾਂ ਦੀ ਵੰਡ ਕਰਨਗੇ ਜਦਕਿ ਪੰਜਾਬ ਦੇ ਖੇਡ ਅਤੇ ਉਚੇਰੀ ਸਿੱਖਿਆ ਸਬੰਧੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਦੇ ਪ੍ਰਧਾਨ ਸ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਮਿਆਰੀ ਸਕੂਲ ਵਿਦਿਆ ਦੇ ਖੇਤਰ 'ਚ ਨਿੱਜੀ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਫ਼ੈਪ ਵੱਲੋਂ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਦੇਸ਼ ਭਰ ਦੇ ਪ੍ਰਾਈਵੇਟ ਸਕੂਲਾਂ ਨੂੰ ਇਹ ਵਕਾਰੀ ਐਵਾਰਡ ਦਿੱਤੇ ਜਾਣਗੇ। ਸ. ਧੂਰੀ ਨੇ ਕਿਹਾ ਕਿ ਸਕੂਲੀ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੈਲਫ਼ ਫਾਈਨਾਂਸਡ ਸਕੂਲਾਂ ਦੀ ਅਹਿਮ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਨਾ ਕੇਵਲ ਸੂਬਾ ਪੱਧਰ 'ਤੇ ਬਲਕਿ ਕੌਮੀ ਪੱਧਰ 'ਤੇ ਪ੍ਰਾਈਵੇਟ ਸਕੂਲਾਂ ਨੇ ਇੱਕ ਸੁਚੱਜਾ ਵਿਦਿਅਕ ਮਾਡਲ ਅਪਣਾਉਂਦਿਆਂ ਇੱਕ ਵਿਸ਼ਵਪੱਧਰੀ ਵਿਦਿਅਕ ਪ੍ਰਣਾਲੀ ਸਥਾਪਿਤ ਕੀਤੀ ਹੈ। ਇਸੇ ਯੋਗਦਾਨ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਇਸ ਵਰ੍ਹੇ ਫ਼ੈਪ ਵੱਲੋਂ ਪੰਜਾਬ ਸਮੇਤ ਸਮੁੱਚੇ ਭਾਰਤ ਦੇ ਪ੍ਰਾਈਵੇਟ ਸਕੂਲਾਂ ਨੂੰ ਐਵਾਰਡ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਐਵਾਰਡਾਂ ਦੀ ਨਾਮਜ਼ਦਗੀਆਂ ਅਤੇ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 29 ਅਕਤੂਬਰ ਦੀ ਸ਼ਾਮ ਪੰਜਾਬ ਦੇ ਉੱਘੇ ਸੂਫ਼ੀ ਗਾਇਕ ਲਖਵਿੰਦਰ ਵਡਾਲੀ ਸਮਾਗਮ ਦੀ ਰੌਣਕ ਨੂੰ ਵਧਾਉਣਗੇ। ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਅਤੇ ਐਸੋਸੀਏਸ਼ਨ ਆਫ਼ ਪੰਜਾਬ ਦਾ ਉਦੇਸ਼ ਸੂਬੇ ਦੇ ਸਾਰੇ ਨਿੱਜੀ ਸਕੂਲਾਂ ਜਿਵੇਂ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਪੀ.ਬੀ.ਐਸ.ਈ.ਬੀ, ਨੂੰ ਇੱਕ ਸਾਂਝੇ ਮੰਚ 'ਤੇ ਲਿਆਉਣਾ ਹੈ ਅਤੇ ਸਿੱਖਿਆ ਦੇ ਖੇਤਰ 'ਚ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਸਨਮਾਨ ਦੇਣਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦਾ ਮਿਸ਼ਨ ਨਿੱਜੀ ਸਕੂਲਾਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਦਾ ਠੋਸ ਹੱਲ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਦੇ ਖੇਤਰ 'ਚ ਨਿੱਜੀ ਸਕੂਲਾਂ ਦੀ ਭੂਮਿਕਾ, ਅਧਿਆਪਕਾਂ ਅਤੇ ਪ੍ਰਿੰਸੀਪਲਾਂ ਅਤੇ ਹੋਣਹਾਰ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਫ਼ੈਡਰੇਸ਼ਨ ਵੱਲੋਂ ਨੈਸ਼ਨਲ ਸਕੂਲ ਐਵਾਰਡ ਦਿੱਤੇ ਜਾਣਗੇ। ਸਿਖਲਾਈ ਪ੍ਰੀਕਿਰਿਆ ਦੌਰਾਨ ਵਿਦਿਆਰਥੀਆਂ ਦੀ ਸਹਾਇਤਾ ਅਤੇ ਯੋਗ ਮਾਰਗਦਰਸ਼ਨ 'ਚ ਅਧਿਆਪਕਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਜਿਹੇ 'ਚ ਫ਼ੈਡਰੇਸ਼ਨ ਵੱਲੋਂ ਅਧਿਆਪਨ ਦੇ ਖੇਤਰ 'ਚ ਯੋਗ ਭੂਮਿਕਾ ਨਿਭਾਉਣ ਵਾਲੇ ਅਧਿਆਪਕਾਂ ਦੇ ਸਨਮਾਨ ਲਈ 'ਬੈਸਟ ਟੀਚਰ ਨੈਸ਼ਨਲ ਐਵਾਰਡ' ਭੇਂਟ ਕੀਤੇ ਜਾਣਗੇ। ਇਹ ਐਵਾਰਡ ਚਾਰ ਵੱਖੋ ਵੱਖਰੀਆਂ ਸ਼੍ਰੇਣੀਆਂ ਅਧੀਨ ਦਿੱਤੇ ਜਾਣਗੇ, ਜਿਸ 'ਚ ਲਾਈਫ਼ ਟਾਈਮ ਅਚੀਵਮੈਂਟ, ਡਾਇਨੈਮਿਕ ਟੀਚਰ, ਬੈਸਟ ਟੀਚਰ ਅਤੇ ਮੋਸਟ ਇੰਸਪਾਈਰਿੰਗ ਟੀਚਰ ਐਵਾਰਡ ਸ਼ਾਮਲ ਹੈ। ਸਕੂਲਾਂ 'ਚ ਸੰਸਥਾਗਤ ਮਾਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਪਛਾਨਣ ਦੇ ਉਦੇਸ਼ ਨਾਲ 'ਨੈਸ਼ਨਲ ਸਕੂਲ ਐਵਾਰਡ' ਭੇਂਟ ਕੀਤੇ ਜਾਣਗੇ, ਜੋ ਵੱਖ-ਵੱਖ 9 ਸ਼੍ਰੇਣੀਆਂ ਅਧੀਨ ਵੰਡੇ ਗਏ ਹਨ। ਇਸ ਐਵਾਰਡ ਅਧੀਨ 'ਬੈਸਟ ਇੰਨਫ਼ਰਾਸਟ੍ਰਕਚਰ ਸਕੂਲ', ਬੈਸਟ ਸਪੋਰਟਸ ਸਕੂਲ, ਬੈਸਟ ਈਕੋ-ਫ੍ਰੈਂਡਲੀ ਸਕੂਲ, ਬੈਸਟ ਸਕੂਲ ਫ਼ਾਰ ਅਕੈਡਮਿਕ ਪ੍ਰਫਾਰਮੈਂਸ, ਬੈਸਟ ਕਲੀਨ ਐਂਡ ਹਾਈਜੀਨ ਵਾਤਾਵਰਣ, ਬੈਸਟ ਟੀਚਿੰਗ ਪ੍ਰੈਕਟਿਸ, ਸਕੂਲ ਵਿਦ ਯੂਨੀਕ ਫੈਸੀਲਿਟੀਜ਼, ਬੈਸਟ ਬਜ਼ਟ ਸਕੂਲ ਵਿੱਦ ਮੈਕਸੀਮਮ ਫੈਸੀਲਿਟੀਜ਼ ਅਤੇ ਬੈਸਟ ਸਕੂਲ ਯੂਜ਼ਿੰਗ ਟੈਕਨਾਲੋਜੀ ਐਵਾਰਡ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਕੂਲਾਂ ਅਤੇ ਸਮਾਜਿਕ ਪੱਧਰ 'ਤੇ ਬਿਹਤਰੀਨ ਯੋਗਦਾਨ ਪਾਉਣ ਵਾਲੇ ਹੋਣਹਾਰ ਪ੍ਰਿੰਸੀਪਲਾਂ ਨੂੰ ਮਾਨਤਾ ਅਤੇ ਸਨਮਾਨ ਦੇਣ ਲਈ ਵਰ੍ਹੇ ਰਾਸ਼ਟਰ ਪੱਧਰ 'ਤੇ 'ਬੈਸਟ ਪ੍ਰਿੰਸੀਪਲ ਨੈਸ਼ਨਲ ਐਵਾਰਡ' ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਐਵਾਰਡ ਚਾਰ ਵੱਖੋ ਵੱਖਰੀਆਂ ਸ਼੍ਰੇਣੀਆਂ ਅਧੀਨ ਦਿੱਤੇ ਜਾਣਗੇ, ਜਿਸ 'ਚ ਲਾਈਫ਼ ਟਾਈਮ ਅਚੀਵਮੈਂਟ, ਡਾਇਨੈਮਿਕ ਪ੍ਰਿੰਸੀਪਲ, ਯੰਗ ਪ੍ਰਿੰਸੀਪਲ ਅਤੇ ਗੋਲਡਨ ਪ੍ਰਿੰਸੀਪਲ ਐਵਾਰਡ ਸ਼ਾਮਲ ਹੈ।

# ਜਿੰਪਾ ਨੇ ਅੱਗ ਨਾਲ ਹੋਏ ਨੁਕਸਾਨ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸੈਣੀ )**- ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸੁਖੀਆਬਾਦ ਸਥਿਤ ਅਨਮੋਲ ਵੁੱਡ ਵਰਕਸ ਵਿਚ ਲੱਗੀ ਅੱਗ ਨਾਲ ਹੋਏ ਨੁਕਸਾਨ ਦਾ ਮੌਕੇ 'ਤੇ ਜਾਇਜ਼ਾ ਲੈਂਦਿਆਂ ਅਤੇ ਵਰਕਸ਼ਾਪ ਦੇ ਮਾਲਕ ਸਾਬਕਾ ਕੌਂਸਲਰ ਸਰਬਜੀਤ ਸਿੰਘ ਨਾਲ ਹਮਦਰਦੀ ਪ੍ਰਗਟ ਕਰਦਿਆਂ ਘਟਨਾ ਦੀ ਜਾਣਕਾਰੀ ਲਈ। ਉਨ੍ਹਾਂ ਸਰਬਜੀਤ ਸਿੰਘ ਨੂੰ ਭਰੋਸਾ ਦਿਵਾਇਆ ਕਿ ਇਸ ਦੁੱਖ ਦੀ ਘੜੀ ਵਿਚ ਪੰਜਾਬ ਸਰਕਾਰ ਉਸ ਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਕੈਬਨਿਟ ਮੰਤਰੀ ਨੇ ਸਰਬਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੁਕਾਨ ਵਿਚ ਅਚਾਨਕ ਲੱਗੀ ਅੱਗ ਨਾਲ ਜਿਥੇ ਉਨ੍ਹਾਂ ਦਾ ਆਰਥਿਕ ਨੁਕਸਾਨ ਹੋਇਆ ਹੈ, ਉਥੇ ਨਾਲ ਬਣੀ ਡੇਅਰੀ ਦੇ ਕੁਝ ਜਾਨਵਰ ਵੀ ਝੁਲਸ ਗਏ ਹਨ। ਉਨ੍ਹਾਂ ਫਾਇਰ ਬ੍ਰਿਗੇਡ, ਪੁਲਸ ਅਤੇ ਪਸ਼ੂ ਪਾਲਣ ਵਿਭਾਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਗ ਦੀ ਘਟਨਾ ਤੇ ਤੁਰੰਤ ਬਾਅਦ ਇਨ੍ਹਾਂ ਤਿੰਨਾਂ ਵਿਭਾਗਾਂ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਨੁਕਸਾਨ 'ਤੇ ਕਾਬੂ ਪਾਇਆ, ਜਿਸ ਲਈ ਉਹ ਪ੍ਰਸੰਸਾ ਦੇ ਪਾਤਰ ਹਨ। ਜ਼ਿਕਰਯੋਗ ਹੈ ਕਿ ਬੀਤੀ 25 ਅਕਤੂਬਰ ਫਰਨੀਚਰ ਵਰਕਸ਼ਾਪ ਵਿਚ ਅਚਾਨਕ ਅੱਗ ਲੱਗ ਗਈ ਸੀ।

# ਸੰਤ ਫਰਾਂਸਿਸ ਕਾਨਵੈਂਟ ਸਕੂਲ ਵੱਲੋਂ ਖੇਡਾਂ ਦਾ ਆਗਾਜ਼



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਰਹੱਦੀ ਕਸਬੇ ਦੇ ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਵਿਖੇ ਡਾਇਰੈਕਟਰ ਫਾਦਰ ਰਿਮੋਲਡ ਮਾਰੀਓ ਦੇ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਸਿਸਟਰ ਐਨਸਲੇਟ ਦੀ ਅਗਵਾਈ ਵਿੱਚ ਖੇਡਾਂ ਦਾ ਆਗਾਜ਼ ਕੀਤਾ ਗਿਆ ।ਇਸ ਮੌਕੇ ਮੁੱਖ ਮਹਿਮਾਨ ਵਜੋ ਰਛਪਾਲ ਸਿੰਘ ਡੀ ਐੱਸ ਪੀ ਡੇਰਾ ਬਾਬਾ ਨਾਨਕ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ , ਜਿਸ ਦੌਰਾਨ ਸਕੂਲ ਦੇ ਬੱਚਿਆਂ ਵੱਲੋਂ ਮੁੱਖ ਮਹਿਮਾਨ ਨੂੰ ਗੇਟ ਤੋਂ ਮੰਚ ਤੱਕ ਲਿਜਾਇਆ ਗਿਆ, ਜਿਥੇ ਵੱਖ-ਵੱਖ ਹਾਊਸਾਂ ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਦੇ ਹੋਏ ਸਲਾਮੀ ਦਿੱਤੀ । ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ।ਮੁੱਖ ਮਹਿਮਾਨ ਡੀ ਐੱਸ ਪੀ ਰਛਪਾਲ ਸਿੰਘ ਨੇ ਮਸ਼ਾਲ ਰੋਸ਼ਨ ਕਰਕੇ ਖਿਡਾਰੀਆਂ ਨੂੰ ਸੌਂਪੀ ਗਈ। ਖਿਡਾਰੀਆਂ ਵੱਲੋਂ ਇਸ ਜਗਦੀ ਮਸ਼ਾਲ ਨਾਲ ਸਾਰੀ ਗਰਾਊਂਡ ਦਾ ਚੱਕਰ ਲਗਾ ਕੇ ਖੇਡਾਂ ਦਾ ਆਗਾਜ਼ ਕੀਤਾ ਗਿਆ । ਡੀਐਸਪੀ ਰਛਪਾਲ ਸਿੰਘ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੀ ਜ਼ਿੰਦਗੀ ਵਿੱਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਬਹੁਤ ਜਰੂਰੀ ਹਨ ਜੋ ਸਾਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ ਅਤੇ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ । ਸਕੂਲ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਡੀਐਸਪੀ ਰਛਪਾਲ ਸਿੰਘ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਐੱਸ ਪੀ ਰੀਡਰ ਗੁਰਕ੍ਰਿਪਾਲ ਸਿੰਘ, ਨਾਇਬ ਰੀਡਰ ਹਰਪਾਲ ਸਿੰਘ, ਸਿਸਟਰ ਗਲੋਰੀ, ਮੈਡਮ ਅੰਜੂ ਰੋਜ਼, ਮੈਡਮ ਸ਼ਰਨਜੀਤ, ਸਟਾਫ ਸੈਕਟਰੀ ਕੁਲਵਿੰਦਰ ਕੌਰ, ਪੀ ਆਰ ਓ ਸਟੀਫਨ ਮਸੀਹ,ਮਿਸਟਰ ਜੌਹਨ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਮਲਕਾਨਾ 'ਚ ਚਿੱਟੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

## ਪੁਲਸ ਵੱਲੋਂ ਇੱਕ ਮਹਿਲਾ ਸਮੇਤ ਤਿੰਨ ਵਿਰੁੱਧ ਮਾਮਲਾ ਦਰਜ



ਲਾਸ਼ ਨੂੰ ਸੜਕ 'ਤੇ ਰੱਖ ਕੇ ਰੋਸ ਜ਼ਾਹਰ ਕਰਦੇ ਪਰਿਵਾਰਕ ਮੈਂਬਰ ਤੇ ਪਿੰਡ ਵਾਸੀ।

**ਤਲਵੰਡੀ ਸਾਬੋ (ਜਗਦੀਪ ਗਿੱਲ)**

ਨੇੜਲੇ ਪਿੰਡ ਮਲਕਾਨਾ ਵਿਖੇ ਚਿੱਟੇ ਦੀ ਓਵਰਡੋਜ਼ ਨਾਲ 18 ਸਾਲਾ ਨੌਜਵਾਨ ਮਹਿਕਵੀਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਦੀ ਮੌਤ ਹੋਣ ਨਾਲ ਪਿੰਡ ਵਿੱਚ ਸੋਗ ਦੀ ਲਹਿਰ ਹੈ। ਪਰਵਾਰ ਵੱਲੋਂ ਲਾਸ਼ ਨੂੰ ਸੜਕ 'ਤੇ ਰੱਖ ਕੇ ਮੁਲਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ। ਮੌਕੇ 'ਤੇ ਹੈਲਪ ਲਾਈਨ ਵੈੱਲਫੇਅਰ ਸੁਸਾਇਟੀ ਦੀ ਟੀਮ ਤੇ ਥਾਣਾ ਪ੍ਰਮੁੱਖ ਇੰਸਪੈਕਟਰ ਅੰਗਰੇਜ਼ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਪਹੁੰਚੀ। ਲੋਕਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਵੇਰੇ ਉਕਤ ਨੌਜਵਾਨ ਦੀ ਲਾਸ਼ ਪਿੰਡ ਦੇ ਛੱਪੜ ਵਿੱਚ ਪਈ ਵੇਖੀ ਗਈ ਸੀ। ਮ੍ਰਿਤਕ ਨੌਜਵਾਨ ਦੇ ਚਾਚੇ ਜਸਵਿੰਦਰ ਸਿੰਘ ਨੇ ਥਾਣਾ ਮੁਖੀ ਨੂੰ ਦੱਸਿਆ ਕਿ ਪਿੰਡ ਦੇ ਹੀ ਪ੍ਰਗਟ ਸਿੰਘ, ਉਸ ਦੇ ਨਾਲ ਰਹਿ ਰਹੀ ਮਹਿਲਾ ਰੀਤੂ ਕੌਰ ਤੇ ਚੰਨੀ ਸਿੰਘ ਨੇ ਮਿਲ ਕੇ ਉਸ ਦੇ ਭਤੀਜੇ ਮਹਿਕਪ੍ਰੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਨੂੰ ਨਸ਼ੇ ਦੀ ਓਵਰਡੋਜ਼ ਦਿੱਤੀ ਹੈ, ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ 3 ਭਾਈ ਤੇ ਦੋ ਭੈਣਾਂ ਵਿੱਚੋਂ ਸਭ ਤੋਂ ਵੱਡਾ ਸੀ। ਪਿੰਡ ਦੇ ਇੱਕ ਮੋਹਤਬਰ ਵਿਅਕਤੀ ਬਲਵੀਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਿੰਡ ਵਿੱਚ ਮਜ਼ਬੀ ਸਿੱਖਾਂ ਦੀ ਬਸਤੀ ਚਿੱਟੇ ਦਾ ਗੜ੍ਹ ਬਣੀ ਹੋਈ ਹੈ, ਜਿੱਥੇ ਪਿੰਡ ਤੋਂ ਵਗੈਰ ਦੂਸਰੇ ਪਿੰਡਾਂ ਦੇ ਤਸਕਰ ਵੀ ਸ਼ਰੇਆਮ ਆ ਕੇ ਨਸ਼ਾ ਸਪਲਾਈ ਕਰਦੇ ਹਨ। ਇਸ ਤੋਂ ਪਹਿਲਾਂ ਵੀ ਇੱਕ ਇੱਕ ਕਰਕੇ ਤਿੰਨ ਪਰਵਾਰਾਂ ਦੇ ਇਕਲੌਤੇ ਪੁੱਤਰ ਨਸ਼ੇ ਦੀ ਭੇਟ ਚੜ੍ਹ ਚੁੱਕੇ ਹਨ। ਜੇ ਸਰਕਾਰ ਨਸ਼ਾ ਤਸਕਰਾਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦੇਵੇ ਤਾਂ ਮੈਂ ਸਬੂਤਾਂ ਸਮੇਤ ਨਾਮ ਦੱਸਣ ਲਈ ਤਿਆਰ ਹਾਂ। ਮੁਸ਼ਕਲ ਇਸ ਗੱਲ ਦੀ ਹੈ ਕਿ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਦੇ ਰਾਜਕਾਲ ਦੌਰਾਨ ਪੰਜਾਬ ਵਿੱਚ ਚਿੱਟੇ ਦਾ ਬੀਜ ਬੀਜਿਆ ਗਿਆ ਸੀ, ਉਸ ਤੋਂ ਬਾਅਦ ਕਾਂਗਰਸ ਤੇ ਆਪ ਸਰਕਾਰ ਵਿੱਚ ਨਸ਼ਾ ਸਪਲਾਈ ਦਾ ਵਪਾਰ ਸਿਖਰਾਂ 'ਤੇ ਪਹੁੰਚ ਗਿਆ। ਇਹ ਤਸਕਰ ਤਸਕਰੀ ਦੇ ਨਾਲ ਅਪਰਾਧ ਵੀ ਕਰ ਰਹੇ ਹਨ, ਜਿਸ ਕਾਰਨ ਡਰਦੇ ਲੋਕ ਇਨ੍ਹਾਂ ਵਿਰੁੱਧ ਮੂੰਹ ਖੋਲ੍ਹਣ ਤੋਂ ਡਰਦੇ ਹਨ, ਕਿਉਂਕਿ ਸਰਕਾਰ ਵੀ ਤਸਕਰਾਂ ਦੇ ਨਾਮ ਦੱਸਣ ਵਾਲਿਆਂ ਦੀ ਕੋਈ ਸੁਰੱਖਿਆ ਨਹੀਂ ਕਰਦੀ। ਪੁਲਸ ਨੇ ਜਸਵਿੰਦਰ ਸਿੰਘ ਦੇ ਬਿਆਨਾਂ 'ਤੇ ਉਕਤ ਤਿੰਨੇ ਵਿਅਕਤੀਆਂ ਵਿਰੁੱਧ ਅਧੀਨ ਧਾਰਾ 304/34 ਆਈਪੀਸੀ ਐਕਟ ਰਾਮਾਂ ਥਾਣੇ ਵਿੱਚ ਮਾਮਲਾ ਦਰਜ ਕਰ ਲਿਆ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਬਾਹਰਲੇ ਰਾਜਾਂ ਤੋਂ ਆ ਰਹੇ ਝੋਨੇ ਦੇ ਮੁੱਦੇ 'ਤੇ ਵਿਚਾਰ-ਚਰਚਾ



**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਮਾਰਕੀਟ ਕਮੇਟੀ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੀਟਿੰਗ ਬੁਲਾਈ ਗਈ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੀਆਂ ਸਾਰੀਆਂ ਜਥੇਬੰਦੀਆਂ ਵੱਲੋਂ ਭਾਗ ਲਿਆ ਗਿਆ। ਇਸ ਮੀਟਿੰਗ ਵਿੱਚ ਬਾਹਰਲੇ ਸੂਬਿਆਂ ਤੋਂ ਆ ਰਹੇ ਝੋਨੇ ਤੇ ਬਾਸਮਤੀ ਦੇ ਮੁੱਦੇ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਕੁੱਝ ਦਿਨਾਂ ਤੋਂ ਸ਼੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹੇ ਦੀਆਂ ਮੰਡੀਆਂ 'ਚ ਬਾਹਰਲੇ ਸੂਬਿਆਂ ਜਿਵੇਂ ਯੂ. ਪੀ. ਤੇ ਬਿਹਾਰ ਆਦਿ ਤੋਂ ਝੋਨੇ ਅਤੇ ਬਾਸਮਤੀ ਦੀ ਆਮਦ ਕਾਫੀ ਵੱਧ ਗਈ ਹੈ ਅਤੇ ਲੋਕਲ ਸ਼ੈਲਰਾਂ ਵਾਲੇ ਬਹੁਤ ਘੱਟ ਰੇਟ ਤੋਂ ਉਨ੍ਹਾਂ ਸੂਬਿਆਂ ਤੋਂ ਝੋਨਾ ਤੇ ਬਾਸਮਤੀ ਖਰੀਦ ਕੇ ਇਨ੍ਹਾਂ ਮੰਡੀਆਂ ਵਿੱਚ ਵੇਚ ਰਹੇ ਹਨ, ਜਿਸ ਦਾ ਖਮਿਆਜ਼ਾ ਇੱਥੋਂ ਦੇ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਜਦੋਂ ਇਹ ਵਪਾਰੀ ਦੂਸਰੇ ਰਾਜਾਂ ਤੋਂ ਬਹੁਤ ਘੱਟ ਰੇਟ 'ਤੇ ਝੋਨਾ ਖਰੀਦ ਕੇ ਇਨ੍ਹਾਂ ਮੰਡੀਆਂ ਵਿੱਚ ਵੇਚਦੇ ਹਨ ਤਾਂ ਜਿੱਥੇ ਇਨ੍ਹਾਂ ਮੰਡੀਆਂ ਦੀ ਕੁਆਲਿਟੀ 'ਤੇ ਅਸਰ ਪੈਂਦਾ ਹੈ, ਉੱਥੇ ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨਾਂ ਦੀਆਂ ਫਸਲਾਂ ਨੂੰ ਕੋਈ ਪੁੱਛਦਾ ਨਹੀਂ। ਇਹ ਵਪਾਰੀ ਬਹੁਤ ਘੱਟ ਰੇਟ 'ਤੇ ਫਸਲ ਲਿਆ ਕੇ ਪੰਜਾਬ ਵਿੱਚ ਮਹਿੰਗੇ ਭਾਅ ਵੇਚਦੇ ਹਨ, ਇਸ ਨਾਲ ਜਿੱਥੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ, ਪ੍ਰੰਤੂ ਇਹ ਸਭ ਕੁੱਝ ਸਰਕਾਰ ਦੀਆਂ ਨਜ਼ਰਾਂ ਦੇ ਸਾਹਮਣੇ ਹੋਣ ਦੇ ਬਾਵਜੂਦ ਸਰਕਾਰ ਸੁੱਤੀ ਪਈ ਹੈ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਜਾਂ ਸਰਕਾਰ ਦੀ ਮਿਲੀਭਗਤ ਹੈ ਜਾਂ ਸਰਕਾਰ ਦੀ ਨਲਾਇਕੀ ਹੈ। ਇਸ ਮੀਟਿੰਗ ਵਿੱਚ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਕੋਈ ਹੱਲ ਨਾ ਕੀਤਾ ਤਾਂ ਅਸੀਂ ਸਰਕਾਰ ਦੇ ਉੱਲਟ ਪੱਕੇ ਤੌਰ 'ਤੇ ਮੋਰਚਾ ਲਾਵਾਂਗੇ।

# ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਆਨਲਾਈਨ ਵੈਬੀਨਾਰ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਸਿਵਲ ਇੰਜੀਨੀਅਰਿੰਗ ਵਿਭਾਗ ਤੇ ਕਾਲਜ ਇਨੋਵੇਸ਼ਨ ਕੌਂਸਲ (ਬੀ.ਬੀ.ਐੱਸ.ਬੀ.ਈ.ਸੀ.ਆਈ.ਆਈ.ਸੀ.) ਵੱਲੋਂ "ਕੈਰੀਅਰ ਦੇ ਵਿਕਾਸ ਵਿੱਚ ਉੱਦਮ ਦੀ ਸਾਰਥਕਤਾ" ਵਿਸ਼ੇ 'ਤੇ ਇੱਕ ਆਨਲਾਈਨ ਵੈਬੀਨਾਰ ਕੀਤਾ ਗਿਆ। ਪ੍ਰੋ: ਗਗਨਦੀਪ ਸਿੰਘ ਨੇ ਸ੍ਰੀ ਬਰਜਿੰਦਰ ਸਿੰਘ ਜੌਹਲ (ਇੰਜੀਨੀਅਰਿੰਗ ਮੈਨੇਜਰ, ਕੌਂਗਰੂਐਕਸ ਏਸ਼ੀਅਨ ਪੈਸਿਫਿਕ ਐੱਲ.ਐੱਲ.ਪੀ.) ਦਾ ਸਵਾਗਤ ਕੀਤਾ। ਸ੍ਰੀ ਬਰਜਿੰਦਰ ਸਿੰਘ ਜੌਹਲ ਨੇ ਇਸ ਖੇਤਰ ਦੇ ਆਪਣੇ ਨਿੱਜੀ ਤਜਰਬੇ ਸਾਂਝੇ ਕਰਦਿਆਂ ਮੌਜੂਦਾ ਦੌਰ ਵਿੱਚ ਉੱਦਮਤਾ ਦੀ ਮਹੱਤਤਾ ਬਾਰੇ ਦੱਸਿਆ ਕਿ ਬਿਹਤਰ ਟੀਚਾ ਨਿਰਧਾਰਤ ਕਰਨ ਤੇ ਭਵਿੱਖ ਦੀਆਂ ਸੰਭਾਵਨਾਵਾਂ ਲਈ ਆਪਣੇ ਵਿਅਕਤੀਗਤ ਵਿਕਾਸ ਤੇ ਵਿਅਕਤੀਗਤ ਗੁਣਾਂ ਨੂੰ ਕਿਵੇਂ ਅੱਗੇ ਵਧਾਉਣਾ ਹੈ। ਰਿਸੋਰਸ ਪਰਸਨ ਨੇ ਵਿਦਿਆਰਥੀਆਂ ਦੇ ਸਾਰੇ ਸ਼ੰਕਿਆਂ ਤੇ ਚਿੰਤਾਵਾਂ ਨੂੰ ਵੱਖ-ਵੱਖ ਲਗਨ ਨਾਲ ਸਪੱਸ਼ਟ ਕੀਤਾ। ਵੈਬੀਨਾਰ ਵਿੱਚ 30 ਤੋਂ ਵੱਧ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋ: ਹਰਕੋਮਲ ਕੌਰ (ਸਿਵਲ ਇੰਜੀਨੀਅਰਿੰਗ ਵਿਭਾਗ ਦੇ ਅਲੂਮਨੀ ਇੰਚਾਰਜ) ਤੇ ਪ੍ਰੋ: ਮਨਪ੍ਰੀਤ ਕੌਰ (ਬੀ ਬੀ ਐੱਸ ਬੀ ਈ ਸੀ ਆਈ ਆਈ ਸੀ ਦੀ ਮੈਂਬਰ) ਨੇ ਵੈਬੀਨਾਰ ਦਾ ਤਾਲਮੇਲ ਕੀਤਾ। ਪ੍ਰੋ: ਗੁਲਜੀਤ ਸਿੰਘ (ਮੁਖੀ, ਸਿਵਲ ਇੰਜੀਨੀਅਰਿੰਗ ਵਿਭਾਗ) ਨੇ ਸਪੀਕਰ, ਸਾਰੇ ਪ੍ਰਬੰਧਕਾਂ ਤੇ ਵੈਬੀਨਾਰ ਦੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ: ਲਖਵੀਰ ਸਿੰਘ ਨੇ ਸਮੂਹ ਪ੍ਰਬੰਧਕੀ ਟੀਮ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਰੁਟੀਨ ਦੇ ਆਧਾਰ 'ਤੇ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।




## ਕਾਤਰਾਂ

### ਆਰਥਿਕ ਤੰਗੀ ਦੇ ਚੱਲਦਿਆਂ ਕੀਤੀ ਆਤਮਹੱਤਿਆ



**ਬਰੇਟਾ (ਰੀਤਵਾਲ)**-ਆਰਥਿਕ ਤੰਗੀ ਦੇ ਚੱਲਦਿਆਂ ਇੱਕ ਵਿਅਕਤੀ ਵੱਲੋਂ ਖ਼ੁਦਕੁਸ਼ੀ ਕਰਨ ਦਾ ਸਮਾਚਾਰ ਹੈ। ਰੇਲਵੇ ਚੌਕੀ ਇੰਚਾਰਜ ਸੌਦਾਗਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਹਰਪਾਲ ਸਿੰਘ (38) ਵਾਸੀ ਕੁਲਰੀਆਂ ਨੇ ਆਰਥਿਕ ਤੰਗੀ ਦੇ ਕਾਰਨ ਸਵੇਰੇ ਜਾਖਲ ਤੋਂ ਬਠਿੰਡਾ ਵੱਲ ਜਾ ਰਹੇ ਰੇਲ ਇੰਜਣ ਹੇਠ ਆ ਕੇ ਰੇਲਵੇ ਫਾਟਕ ਦੇ ਨਜ਼ਦੀਕ ਖ਼ੁਦਕੁਸ਼ੀ ਕਰ ਲਈ। ਰੇਲਵੇ ਪੁਲਸ ਵੱਲੋਂ ਮ੍ਰਿਤਕ ਦੇ ਭਰਾ ਹੰਸਾਂ ਸਿੰਘ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਾਉਣ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤੀ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਲੜਕੇ ਛੱਡ ਗਿਆ ਹੈ। ਮ੍ਰਿਤਕ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਸੀ।

### ਵਿਜ਼ਡਮ ਵਰਲਡ ਸਕੂਲ 'ਚ ਮਨਾਈ ਦੀਵਾਲੀ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਦੀਵਾਲੀ ਦੇ ਮੌਕੇ 'ਤੇ ਪ੍ਰੋਗਰਾਮ ਆਯੋਜਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗ੍ਹਾ ਕੇ ਕੀਤੀ ਗਈ, ਜਿਸ ਵਿੱਚ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ, ਜਿਵੇਂ ਕਿ ਰੰਗੋਲੀ ਬਣਾਉਣੀ, ਮਹਿੰਦੀ, ਗ੍ਰੀਟਿੰਗ ਕਾਰਡ, ਪੇਪਰ ਕਰਾਫਟ ਆਦਿ। ਬੱਚਿਆਂ ਨੇ ਰੰਗੋਲੀ ਬਣਾ ਕੇ ਮਾਤਾ ਲੱਛਮੀ ਜੀ ਦੇ ਆਉਣ ਦੀ ਤਿਆਰੀ ਕੀਤੀ। ਬੱਚਿਆਂ ਨੂੰ ਦੀਵਾਲੀ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਇਸ ਦੇ ਪਿਛੋਕੜ ਬਾਰੇ ਦੱਸਿਆ। ਅੰਤ ਵਿੱਚ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ ਕੱਢੀ ਗਈ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਗਤੀਵਿਧੀਆਂ ਵਿੱਚ ਭਾਗ ਲਿਆ ਤੇ ਖੂਬ ਆਨੰਦ ਮਾਣਿਆ।

### ਧੀ ਨੂੰ ਦੀਵਾਲੀ ਦੇਣ ਆਈ ਔਰਤ ਨੂੰ ਟਰੱਕ ਨੇ ਕੁਚਲਿਆ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਰਤੀਆ ਤੋਂ ਸਿਰਸਾ ਆਪਣੀ ਧੀ ਨੂੰ ਦੀਵਾਲੀ ਦੀ ਮੁਬਾਰਕਬਾਦ ਦੇਣ ਆਈ ਇੱਕ ਮਹਿਲਾ ਦੀ ਟਰੱਕ ਹਾਦਸੇ 'ਚ ਮੌਕੇ 'ਤੇ ਹੀ ਮੌਤ ਹੋ ਗਈ। ਜਦੋਂ ਤੱਕ ਮੌਕੇ ਤੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋਏ ਤਾਂ ਇਸ ਦੌਰਾਨ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕੇਸ ਦਰਜ ਕਰ ਲਿਆ ਹੈ। ਰਤੀਆ ਦੀ ਰਹਿਣ ਵਾਲੀ ਸੰਤੋਸ਼ ਰਾਣੀ ਆਪਣੇ ਸਪੁੱਤਰ ਦੀਪ ਨਾਲ ਮੋਟਰਸਾਈਕਲ 'ਤੇ ਸਿਰਸਾ ਦੇ ਪਿੰਡ ਨੇਜ਼ਾਡੇਲਾ 'ਚ ਵਿਆਹੁਤਾ ਆਪਣੀ ਧੀ ਨੂੰ ਦਿਵਾਲੀ ਦੇਣ ਲਈ ਬਰਨਾਲਾ ਰੋਡ ਬਾਈਪਾਸ ਤੋਂ ਲੰਘ ਰਹੀ ਸੀ ਤਾਂ ਟਰੱਕ ਡਰਾਈਵਰ ਦੀ ਲਾਪ੍ਰਵਾਹੀ ਕਾਰਨ ਇਹ ਔਰਤ ਟਰੱਕ ਹੇਠ ਆ ਗਈ ਤੇ ਉਸਦਾ ਪੁਤਰ ਮਸਾਂ ਬਚਿਆ। ਪ੍ਰਤੱਖ ਦਰਸ਼ਕਾਂ ਅਨੁਸਾਰ ਇਸ ਔਰਤ ਨੂੰ ਟਾਇਰਾਂ ਹੇਠ ਕੁਚਲਣ ਤੋਂ ਬਾਅਦ ਟਰੱਕ ਉਸਨੂੰ ਘਸੀਟਦਾ ਲੈ ਗਿਆ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ ਵਿੱਚ ਲਿਆ, ਪਰ ਟਰੱਕ ਡਰਾਈਵਰ ਫਿਲਹਾਲ ਫਰਾਰ ਹੈ।

### ਪੰਚਾਇਤੀ ਜ਼ਮੀਨ 'ਤੇ ਕਬਜ਼ੇ ਦੀ ਕੋਸ਼ਿਸ਼ ਨੂੰ ਲੈ ਕੇ 9 ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੰਗੇਆਣਾ (ਸਾਬੂਆਣਾ) ਵਿਖੇ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨੂੰ ਲੈ ਕੇ ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਨੇ 9 ਵਿਅਕਤੀਆਂ ਖਿਲਾਫ 447, 506, 511, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਏਐੱਸਆਈ ਰਣਜੀਤ ਸਿੰਘ ਨੇ ਦੱਸਿਆ ਕਿ ਇਕ ਦਰਖਾਸਤ ਵੱਲੋਂ ਸਰਪੰਚ ਸ਼ਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਤੇ ਸਮੂਹ ਗ੍ਰਾਮ ਪੰਚਾਇਤ ਲੰਗੇਆਣਾ (ਸਾਬੂਆਣਾ) ਵੱਲੋਂ ਮੌਸੂਲ ਹੋਈ ਕਿ ਦੋਸ਼ੀਅਨ ਯਾਦਵਿੰਦਰ ਸਿੰਘ ਪੁੱਤਰ ਰਤਨ ਸਿੰਘ, ਰਤਨ ਸਿੰਘ ਪੁੱਤਰ ਨਿਰੰਜਨ ਸਿੰਘ, ਗੁਰਜੰਟ ਸਿੰਘ ਪੁੱਤਰ ਧਰਮ ਸਿੰਘ, ਬਲਜੀਤ ਸਿੰਘ ਪੁੱਤਰ ਧਰਮ ਸਿੰਘ, ਮਲਕੀਤ ਸਿੰਘ ਪੁੱਤਰ ਬਾਜ ਸਿੰਘ, ਬਾਜ ਸਿੰਘ ਪੁੱਤਰ ਨਿਰੰਜਨ ਸਿੰਘ, ਗੁਰਨਾਮ ਸਿੰਘ ਪੁੱਤਰ ਨਿਰੰਜਨ ਸਿੰਘ, ਦਿਲਰਾਜ ਸਿੰਘ ਪੁੱਤਰ ਗੁਰਨਾਮ ਸਿੰਘ, ਦਿਲਰਾਜ ਸਿੰਘ ਪੁੱਤਰ ਗੁਰਨਾਮ ਸਿੰਘ ਨੇ ਪੰਚਾਇਤੀ ਜ਼ਮੀਨ ਵਿਚ ਪਰਾਲੀ ਜੋੜ ਕੇ ਜ਼ਮੀਨ ਦੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਮੁੱਖ ਮੰਤਰੀ ਦੇ ਸਮਾਗਮ 'ਚੋਂ ਸਾਜ਼ਿਸ਼ੀ ਢੰਗ ਨਾਲ ਕਰਨਲ ਲਖਨਪਾਲ ਨੂੰ ਬਾਹਰ ਕੱਢਿਆ

## ਪੁਲਸ ਤੇ ਸਰਕਾਰ ਦੀ ਕਾਰਵਾਈ ਵਿਰੁੱਧ ਪੀ ਏ ਸੀ ਮੈਂਬਰਾਂ 'ਚ ਤਿੱਖਾ ਰੋਸ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**-ਲੁਧਿਆਣਾ ਵਿੱਚ ਵਿਸ਼ਵਕਰਮਾ ਦਿਵਸ ਮੌਕੇ ਉਂਝ ਤਾਂ ਕਈ ਚੰਗੇ ਚੰਗੇ ਸਮਾਗਮ ਹੋਏ, ਪਰ ਰਾਮਗੜ੍ਹੀਆ ਕਾਲਜ ਵਾਲਾ ਸਮਾਗਮ ਜ਼ਿਆਦਾ ਮਹੱਤਵਪੂਰਨ ਬਣ ਗਿਆ, ਕਿਉਂਕਿ ਇਸ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਆਉਣਾ ਸੀ। ਉਹ ਆਏ ਵੀ ਤੇ ਸਮਾਗਮ ਵੀ ਹੋਇਆ, ਪਰ ਉਸ ਵਿੱਚ ਇੱਕ ਅਜਿਹੀ ਮੰਦਭਾਗੀ ਘਟਨਾ ਵਾਪਰੀ, ਜਿਹੜੀ ਸਰਕਾਰ ਤੇ ਪੁਲਸ ਦੇ ਰਵੱਈਏ ਅਤੇ ਸੋਚ 'ਤੇ ਸੁਆਲੀਆ ਨਿਸ਼ਾਨ ਲਗਾਉਂਦੀ ਹੈ। ਇਸ ਸਮਾਗਮ ਨੂੰ ਕਰਵਾਉਣ ਵਾਲੇ ਰਾਮਗੜ੍ਹੀਆ ਕਾਲਜ ਦੀ ਐਜੂਕੇਸ਼ਨਲ ਸੋਸਾਇਟੀ ਦੇ ਮੁਖੀ ਸ੍ਰ. ਰਣਜੋਧ ਸਿੰਘ ਇਸ ਪਬਲਿਕ ਐਕਸ਼ਨ ਕਮੇਟੀ, ਜਿਹੜੀ ਕਿ ਪੀ ਏ ਸੀ ਦੇ ਨਾਮ ਨਾਲ ਪ੍ਰਸਿੱਧ ਹੈ, ਦੇ ਸਰਗਰਮ ਮੈਂਬਰ ਵੀ ਹਨ। ਇਸ ਲਈ ਇਸ ਸਮਾਗਮ ਵਿੱਚ ਪੀ ਏ ਸੀ ਦੇ ਚੋਣਵੇਂ ਮੈਂਬਰਾਂ ਦਾ ਵਫਦ ਵੀ ਸ਼ਾਮਲ ਹੋਣ ਲਈ ਆਇਆ ਹੋਇਆ ਸੀ। ਇਹ ਸੰਗਠਨ ਸਤਲੁਜ, ਮੱਤੇਵਾੜਾ ਤੇ ਬੁੱਢਾ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕਾਫੀ ਲੰਮੇ ਸਮੇਂ ਤੋਂ ਸਰਗਰਮ ਹੈ।

ਇਸ ਕਮੇਟੀ ਦੇ ਵਫਦ ਵਿੱਚ ਇਸ ਦੇ ਮੁੱਖ ਮੈਂਬਰਾਂ ਵਿੱਚੋਂ ਫੌਜ ਦੇ ਇੱਕ ਰਿਟਾਇਰਡ ਕਰਨਲ ਚੰਦਰ ਮੋਹਨ ਲਖਨਪਾਲ ਵੀ ਸਨ। ਪੁਲਸ ਤੇ ਇੰਟੈਲੀਜੈਂਸ ਦੇ ਮੈਂਬਰਾਂ ਦੀ ਟੀਮ ਨੇ ਸਮਾਗਮ ਵਾਲੇ ਹਾਲ ਵਿੱਚ ਕਰਨਲ ਦੀ ਖੁਫੀਆ ਢੰਗ ਨਾਲ ਸ਼ਨਾਖਤ ਕੀਤੀ ਤੇ ਫਿਰ ਸਾਹਨੇਵਾਲ ਥਾਣੇ ਦੇ ਇੱਕ ਉੱਚ ਅਧਿਕਾਰੀ ਨੇ ਉਨ੍ਹਾਂ ਕੋਲੋਂ ਹੀ ਇਸ ਦੀ ਪੁਸ਼ਟੀ ਵੀ ਕੀਤੀ ਕਿ ਹਾਂ ਉਹੀ ਚੰਦਰ ਮੋਹਨ ਲਖਨਪਾਲ ਹਨ। ਇਸ ਪੁਸ਼ਟੀ ਤੋਂ ਬਾਅਦ ਉਨ੍ਹਾਂ ਨੂੰ ਸਮਾਗਮ ਤੋਂ ਇੱਕ ਮਿੰਟ ਲਈ ਬਾਹਰ ਆਉਣ ਵਾਸਤੇ ਕਿਹਾ ਗਿਆ। ਸ਼੍ਰੀ ਲਖਨਪਾਲ ਨੇ ਸੋਚਿਆ ਕਿ ਸ਼ਾਇਦ ਸਪੀਕਰਾਂ ਦੀ ਉੱਚੀ ਆਵਾਜ਼ ਕਰਕੇ ਅਜਿਹਾ ਕਿਹਾ ਜਾ ਰਿਹਾ ਹੈ। ਉਹ ਗੱਲ ਮੰਨ ਕੇ ਬਾਹਰ ਆ ਗਏ। ਉਨ੍ਹਾਂ ਨੂੰ ਬਾਹਰ ਲਿਆਉਣ ਤੋਂ ਬਾਅਦ ਹੇਠਾਂ ਗਰਾਊਂਡ ਫਲੋਰ 'ਤੇ ਲਿਆਂਦਾ ਗਿਆ ਤੇ ਉਨ੍ਹਾ ਤੋਂ ਨਾਮ ਤੇ ਰਿਹਾਇਸ਼ੀ ਥਾਂ ਦੀ ਬੇਲੋੜੀ ਪੁੱਛਗਿੱਛ ਫਿਰ ਤੋਂ ਸ਼ੁਰੂ ਕਰ ਦਿੱਤੀ ਗਈ।

ਇਸ 'ਤੇ ਕਰਨਲ ਲਖਨਪਾਲ ਨੂੰ ਸ਼ੱਕ ਹੋਇਆ ਤਾਂ ਉਨ੍ਹਾ ਕਿਹਾ ਕਿ ਮੈਂ ਸਮਾਗਮ ਵਿੱਚ ਸ਼ਾਮਲ ਹੋਣ ਆਇਆ ਹਾਂ, ਇਸ ਲਈ ਮੈਂ ਵਾਪਸ ਉਪਰਲੇ ਹਾਲ ਵਿੱਚ ਜਾਣਾ ਚਾਹੁੰਦਾ ਹਾਂ। ਇਸ 'ਤੇ ਪੁਲਸ ਨੇ ਕਿਹਾ ਕਿ ਤੁਸੀਂ ਸਮਾਗਮ ਵਿੱਚ ਨਹੀਂ ਜਾ ਸਕਦੇ। ਇਹ ਸਭ ਸੁਣ ਕੇ ਕਰਨਲ ਲਖਨਪਾਲ ਨੇ ਸਮਾਗਮ ਦੇ ਕਰਤਧਰਤਾ ਸ੍ਰ. ਰਣਜੋਧ ਸਿੰਘ ਨੂੰ ਫੋਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਹੁਣੇ ਤੁਹਾਨੂੰ ਵਾਪਸ ਕਾਲ ਕਰਦਾ ਹਾਂ। ਜਦੋਂ ਪੰਜਾਂ ਮਿੰਟਾਂ ਦੀ ਉਡੀਕ ਮਗਰੋਂ ਵੀ ਫੋਨ ਨਾ ਆਇਆ ਤਾਂ ਕਰਨਲ ਲਖਨਪਾਲ ਨੇ ਦੋਬਾਰਾ ਸ੍ਰ. ਰਣਜੋਧ ਸਿੰਘ ਨੂੰ ਫੋਨ ਕੀਤਾ। ਇਸ 'ਤੇ ਸ੍ਰ. ਰਣਜੋਧ ਸਿੰਘ ਨੇ ਕਿਹਾ ਕਿ ਮੈਂ ਏਸੀਪੀ ਨਾਲ ਗੱਲ ਕਰ ਲਈ ਹੈ ਹੁਣੇ ਤੁਹਾਨੂੰ ਕੋਈ ਲੈਣ ਲਈ ਆ ਰਿਹਾ ਹੈ। ਜਦੋਂ ਹੋਰ ਕੁਝ ਮਿੰਟ ਲੰਘ ਗਏ ਤਾਂ ਅਪਮਾਨਿਤ ਮਹਿਸੂਸ ਕਰਦਿਆਂ ਕਰਨਲ ਲਖਨਪਾਲ ਰਾਮਗੜ੍ਹੀਆ ਕਾਲਜ ਤੋਂ ਬਾਹਰ ਆ ਕੇ ਆਪਣੀ ਕਾਰ ਵਿੱਚ ਆਪਣੇ ਘਰ ਵੱਲ ਚੱਲ ਪਏ।

ਇਸ ਬਾਰੇ ਬਹੁਤ ਕੁਝ ਪੀ ਏ ਸੀ ਦੇ ਸਰਗਰਮ ਮੈਂਬਰਾਂ ਜਸਕੀਰਤ ਸਿੰਘ ਇੰਜੀਨੀਅਰ ਤੇ ਮਹਿੰਦਰ ਸਿੰਘ ਸੇਖੋਂ ਵਗੈਰਾ ਨੇ ਕਰੀਬ ਸਾਢੇ ਪੰਜ ਵਜੇ ਸੋਸ਼ਲ ਮੀਡੀਆ 'ਤੇ ਸਭ ਕੁਝ ਜ਼ਾਹਰ ਵੀ ਕਰ ਦਿੱਤਾ ਸੀ। ਉਨ੍ਹਾਂ ਨੇ ਹੀ ਮੀਡੀਆ ਨੂੰ ਵੀ ਇਸ ਬਾਰੇ ਵਿਸਥਾਰ ਨਾਲ ਦੱਸਿਆ।

ਕੀ ਹੁਣ ਸਰਕਾਰ ਤੇ ਪ੍ਰਸ਼ਾਸਨ ਸਪਸ਼ਟ ਕਰਨਗੇ ਕਿ ਇੱਕ ਰਿਟਾਇਰਡ ਕਰਨਲ ਤੇ ਵਾਤਾਵਰਨ ਪ੍ਰੇਮੀ ਕੋਲੋਂ ਇਸ ਸਮਾਗਮ ਨੂੰ ਜਾਂ ਮੁੱਖ ਮੰਤਰੀ ਨੂੰ ਕੀ ਖਤਰਾ ਸੀ? ਪੁਲਸ ਦੀ ਇਸ ਕਾਰਵਾਈ ਨੇ ਪ੍ਰਦੂਸ਼ਣ ਵਿਰੋਧੀ ਮੁਹਿੰਮਾਂ ਬਾਰੇ ਸਰਕਾਰ ਦੀ ਸੋਚ ਤੇ ਰਵੱਈਏ ਬਾਰੇ ਕਈ ਸ਼ੰਕੇ ਖੜੇ ਕਰ ਦਿੱਤੇ ਹਨ।

ਪੁਲਸ ਦੀ ਇਸ ਕਾਰਵਾਈ ਨਾਲ ਵਾਤਾਵਰਨ ਪ੍ਰੇਮੀਆਂ ਨੂੰ ਬਹੁਤ ਸਦਮਾ ਪਹੁੰਚਿਆ ਹੈ। ਜ਼ਿਕਰਯੋਗ ਹੈ ਕਿ ਇਸ ਸੰਗਠਨ ਨਾਲ ਬਹੁਤ ਸਾਰੇ ਲੋਕ ਤੇ ਹੋਰ ਸੰਗਠਨ ਜੁੜੇ ਹੋਏ ਹਨ। ਇਹ ਸੰਗਠਨ ਲਗਾਤਾਰ ਸ਼ਾਂਤਮਈ ਢੰਗ ਤਰੀਕੇ ਨਾਲ ਪ੍ਰਦੂਸ਼ਣ ਵਿਰੁੱਧ ਕੋਈ ਨ ਕੋਈ ਮੁਹਿੰਮ ਚਲਾਉਂਦਾ ਰਹਿੰਦਾ ਹੈ। ਮੱਤੇਵਾੜਾ, ਸਤਲੁਜ ਤੇ ਬੁੱਢਾ ਦਰਿਆ ਨੂੰ ਬਚਾਉਣ ਲਈ ਵੀ ਇਹ ਕਮੇਟੀ ਲਗਾਤਾਰ ਸਰਗਰਮ ਹੈ। ਜੇ ਅਜਿਹੇ ਸੰਗਠਨਾਂ ਨਾਲ ਵੀ ਪੁਲਸ ਦਾ ਇਹ ਰਵੱਈਆ ਹੈ ਤਾਂ ਪੁਲਸ ਰਾਖੀ ਕਿਸ ਦੀ ਕਰ ਰਹੀ ਹੈ?

# ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ 'ਚ 9 ਨਾਮਜਦ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਪੁਲਸ ਨੇ ਦਸਮੇਸ਼ ਨਗਰੀ ਜਲਾਲਾਬਾਦ ਵਿਖੇ ਬੀਤੇ ਦਿਨ ਹੋਈ ਲੜਾਈ ਦੇ ਸਬੰਧ ਵਿੱਚ 9 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁੱਦਈ ਮਹੇਸ਼ ਕੁਮਾਰ ਪੁੱਤਰ ਸੁੰਦਰ ਲਾਲ ਵਾਸੀ ਦਸਮੇਸ਼ ਨਗਰੀ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਹ ਆਪਣੇ ਪਰਿਵਾਰ ਸਮੇਤ 24 ਅਕਤੂਬਰ 2022 ਨੂੰ ਆਪਣੇ ਘਰ ਵਿੱਚ ਹਾਜ਼ਰ ਸੀ ਤਾਂ ਰਾਤ ਕਰੀਬ 9.30 ਵਜੇ ਲਵਪ੍ਰੀਤ ਸਿੰਘ ਉਰਫ ਲਾਡੂ ਪੁੱਤਰ ਹਰਪ੍ਰੀਤ ਸਿੰਘ ਵਗੈਰਾ ਦੇ ਨਾਲ ਇਕੱਠੇ ਹੋ ਕੇ ਉਸ ਦੇ ਘਰ ਵਿੱਚ ਕਾਪੇ, ਕਿਰਪਾਨਾਂ, ਡੰਡੇ ਆਦਿ ਲੈ ਕੇ ਦਾਖਲ ਹੋ ਗਏ ਤੇ ਉਸ ਦੀ (ਮੁਦੱਈ) ਤੇ ਉਸ ਦੀ ਮਾਤਾ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਸੱਟਾਂ ਮਾਰੀਆਂ, ਜਿਸ 'ਤੇ ਉਸ ਦੀ ਮਾਤਾ ਆਸ਼ਾ ਰਾਣੀ ਦੀਆਂ ਬਾਲ਼ੀਆਂ ਝਪਟ ਕੇ ਲੈ ਗਏ ਹਨ। ਇਸ 'ਤੇ ਪੁਲਸ ਨੇ ਮੁਦੱਈ ਮਹੇਸ਼ ਕੁਮਾਰ ਦੇ ਬਿਆਨਾਂ ਦੇ ਅਧਾਰ 'ਤੇ ਲਵਪ੍ਰੀਤ ਸਿੰਘ ਉਰਫ ਲਾਡੂ, ਅਰੁਣ ਕੁਮਾਰ ਉਰਫ ਨਾਨੀ, ਮਲਕੀਤ ਸਿੰਘ ਉਰਫ ਸੋਨੂੰ ਧਮੀਜਾ ਵਾਸੀਆਨ ਦਸਮੇਸ਼ ਨਗਰ ਜਲਾਲਾਬਾਦ, ਪ੍ਰਮੋਦ ਕੁਮਾਰ ਪੁੱਤਰ ਸ਼ਮਸ਼ੇਰ ਚੰਦ ਤੇ ਪ੍ਰਵੀਨ ਕੁਮਾਰ ਵਾਸੀਆਨ ਭੂੰਮਣ ਸ਼ਾਹ ਬਸਤੀ, ਜਤਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਬਸਤੀ ਹਾਈ ਸਕੂਲ ਜਲਾਲਾਬਾਦ, ਹਰਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ ਦਸਮੇਸ਼ ਨਗਰੀ ਜਲਾਲਾਬਾਦ, ਅਸੀਮ ਮੁਟਨੇਜਾ ਤੇ ਆਸ਼ੂ ਕੰਬੋਜ ਪੁੱਤਰ ਕੇਵਲ ਕੰਬੋਜ ਵਾਸੀਆਨ ਜਲਾਲਾਬਾਦ ਖਿਲਾਫ ਮਾਮਲਾ ਦਰਜ ਕੀਤਾ ਹੈ।

# ਲਾਰੈਂਸ ਕਾਨਵੈਂਟ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਦੀਵਾਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਵਿੱਚ ਵੱਖ ਵੱਖ ਮੁਕਾਬਲੇ ਕਰਾਏ ਗਏ, ਜਿਵੇਂ ਕਿ ਦੀਵਾ ਮੇਕਿੰਗ, ਥਾਲੀ ਡੈਕੋਰੇਸ਼ਨ ਤੇ ਕਲਾਸ ਡੈਕੋਰੇਸ਼ਨ ਆਦਿ। ਸਕੂਲ ਵਿੱਚ ਰੰਗੋਲੀ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜੋ ਕਿ ਕਲਾਸ ਤੇ ਜ਼ੋਨ ਮੁਤਾਬਿਕ ਸੀ, ਜਿਸ ਵਿੱਚ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਰੰਗੋਲੀਆਂ ਬਣਾਈਆਂ ਗਈਆਂ, ਜੋ ਕਿ ਵੱਖ-ਵੱਖ ਸਮਾਜਿਕ ਮੁੱਦਿਆਂ ਨਾਲ ਸਬੰਧਤ ਸਨ ਤੇ ਕੋਈ ਨਾ ਕੋਈ ਸੁਨੇਹਾ ਦੇ ਰਹੀਆਂ ਸਨ। ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਇਨ੍ਹਾਂ ਮੁਕਾਬਲਿਆਂ ਵਿੱਚ ਹਿਸਾ ਲਿਆ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ, ਮੈਨੇਜਰ ਮੈਡਮ ਸੀਨਮ ਗਰਗ ਤੇ ਪ੍ਰਿੰਸੀਪਲ ਨੇ ਸਾਰਿਆਂ ਨੂੰ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਤੇ ਮੁਕਾਬਲਿਆਂ ਵਿੱਚ ਹਿਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਤੋਹਫੇ ਦਿੱਤੇ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੇ ਤਿਉਹਾਰ ਦੀ ਮਹੱਤਤਾ ਦੱਸਦੇ ਹੋਏ ਇਸ ਦਿਨ ਜਿੱਥੇ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਆਏ, ਉੱਥੇ ਹੀ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਕੱਟ ਕੇ ਅਯੁੱਧਿਆਂ ਵਾਪਸ ਪਰਤੇ ਸਨ। ਲੋਕਾਂ ਨੇ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਵਿੱਚ ਦੀਪਮਾਲਾ ਕੀਤੀ। ਉਨ੍ਹਾ ਵਿਦਿਆਰਥੀਆਂ ਨੂੰ ਬੁਰਾਈਆਂ ਤੋਂ ਦੂਰ ਰਹਿ ਕੇ ਆਪਣੇ ਜੀਵਨ ਨੂੰ ਵੱਡਮੁੱਲਾ ਬਣਾਉਣ ਲਈ ਕਿਹਾ। ਇਸ ਮੌਕੇ ਚੇਅਰਮੈਨ ਤਰਸੇਮ ਲਾਲ ਗਰਗ ਤੇ ਮੈਨੇਜਰ ਮੈਡਮ ਜੀਨਮ ਗਰਗ ਨੇ ਵੀ ਵਿਦਿਆਰਥੀਆਂ ਤੇ ਸਟਾਫ਼ ਨੂੰ ਦੀਵਾਲੀ ਦੀ ਵਧਾਈ ਦਿੱਤੀ।

# ਕੁਲਰੀਆਂ ਦੀ ਦਿਸ਼ਾ ਨੇ ਜਿੱਤੇ 6 ਮੈਡਲ

## ਆਰਚਰੀ ਪ੍ਰਤੀਯੋਗਤਾ 'ਚ ਨੈਸ਼ਨਲ ਪੱਧਰ 'ਤੇ ਕਰੇਗੀ ਪੰਜਾਬ ਦੀ ਪ੍ਰਤੀਨਿਧਤਾ



**ਬਰੇਟਾ (ਰੀਤਵਾਲ)**-ਖੇਡ ਵਿਭਾਗ ਵੱਲੋਂ ਵਤਨ ਪੰਜਾਬ ਦੀਆਂ ਖੇਡਾਂ 'ਚ ਕੁਲਰੀਆਂ ਦੀ ਵਿਦਿਆਰਥਣ ਦਿਸ਼ਾ ਨੇ 6 ਮੈਡਲ ਜਿੱਤ ਕੇ ਪਿੰਡ ਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ ਅਤੇ ਆਰਚਰੀ ਖੇਡਾਂ 'ਚ ਨੈਸ਼ਨਲ ਪੱਧਰ 'ਤੇ ਪੰਜਾਬ ਦੀ ਪ੍ਰਤੀਨਿਧਤਾ ਕਰਨ ਦਾ ਸਥਾਨ ਬਣਾ ਲਿਆ ਹੈ। ਸਕੂਲ ਪਹੁੰਚਣ 'ਤੇ ਦਿਸ਼ਾ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਨਰਸੀ ਸਿੰਘ ਨੇ ਦੱਸਿਆ ਕਿ ਰਾਜ ਪੱਧਰੀ ਖੇਡ ਮੁਕਾਬਲੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਰਵਾਏ ਜਾ ਰਹੇ ਹਨ। ਪਟਿਆਲਾ ਵਿਖੇ ਕਰਵਾਏ ਗਏ ਆਰਚਰੀ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਮਾਡਲ ਸਕੂਲ ਕੁਲਰੀਆਂ (ਮਾਨਸਾ) ਦੀ ਵਿਦਿਆਰਥਣ ਦਿਸ਼ਾ ਰਾਣੀ ਨੇ 30 ਮੀਟਰ, 40 ਮੀਟਰ ਤੇ ਓਵਰ ਆਲ ਦੋ ਗੋਲਡ, ਦੋ ਸਿਲਵਰ ਤੇ ਦੋ ਬਰਾਊਂਜ ਮੈਡਲ ਜਿੱਤ ਕੇ ਮਾਨਸਾ ਜ਼ਿਲ੍ਹੇ ਦਾ ਨਾਮ ਪੂਰੇ ਰਾਜ ਵਿੱਚ ਚਮਕਾਇਆ ਹੈ। ਦਸਵੀਂ ਕਲਾਸ ਦੀ ਇਸ ਵਿਦਿਆਰਥਣ ਨੇ ਰਾਸ਼ਟਰੀ ਗੇਮਜ਼ ਲਈ ਵੀ ਪ੍ਰਵੇਸ਼ ਕਰ ਲਿਆ ਹੈ। ਇਹ ਵਿਦਿਆਰਥਣ ਰਾਸ਼ਟਰੀ ਪੱਧਰ 'ਤੇ ਅੰਡਰ 17 ਆਰਚਰੀ ਪ੍ਰਤੀਯੋਗਤਾ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕਰੇਗੀ। ਵਿਦਿਆਰਥਣ ਦੀ ਇਸ ਵਿਲੱਖਣ ਪ੍ਰਾਪਤੀ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਕੁਮਾਰ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਵਿਜੈ ਕੁਮਾਰ ਮਿੱਢਾ ਨੇ ਵਧਾਈ ਦਿੱਤੀ। ਵਿਦਿਆਰਥਣ ਦੇ ਆਰਚਰੀ ਕੋਚ ਗੁਰਪ੍ਰੀਤ ਸਿੰਘ ਤੇ ਯਾਦਵਿੰਦਰ ਸਿੰਘ ਡੀ ਪੀ ਈ ਨੇ ਬਹੁਤ ਸਖਤ ਮਿਹਨਤ ਕਰਵਾਈ, ਜਿਸ ਦੇ ਫਲਸਰੂਪ ਹੀ ਇਹ ਸਫ਼ਲਤਾ ਪ੍ਰਾਪਤ ਹੋ ਸਕੀ ਹੈ। ਇਸ ਮੌਕੇ ਦਿਸ਼ਾ ਰਾਣੀ ਦੇ ਪਿਤਾ ਖਜ਼ਾਨਚੀ ਰਾਮ ਨੇ ਆਪਣੀ ਬੇਟੀ ਦੀ ਇਹ ਪ੍ਰਾਪਤੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਤੇ ਖ਼ੁਸ਼ੀ ਜ਼ਾਹਰ ਕੀਤੀ। ਸਮੁੱਚੀ ਗ੍ਰਾਮ ਪੰਚਾਇਤ ਤੇ ਸਰਪੰਚ ਰਾਜਬੀਰ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਜਲਵਿੰਦਰ ਸਿੰਘ ਨੇ ਵਿਦਿਆਰਥਣ ਦੀ ਇਸ ਪ੍ਰਾਪਤੀ 'ਤੇ ਪਰਿਵਾਰ ਤੇ ਸੰਸਥਾ ਨੂੰ ਵਧਾਈ ਦਿੱਤੀ।

# ਝਾੜ ਸਾਹਿਬ ਕਾਲਜ ਵਿਖੇ ਕਬੱਡੀ ਟੂਰਨਾਮੈਂਟ ਦਾ ਆਗਾਜ਼



**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿੱਚ ਕਰਵਾਏ ਜਾ ਰਹੇ ਚਾਰ ਰੋਜ਼ਾ ਲੜਕੀਆਂ ਦੇ ਇੰਟਰ ਕਾਲਜ ਕਬੱਡੀ (ਨੈਸ਼ਨਲ ਸਟਾਈਲ) ਟੂਰਨਾਮੈਂਟ ਦਾ ਆਗਾਜ਼ ਭਾਰੀ ਸ਼ਾਨੋ-ਸ਼ੌਕਤ ਨਾਲ ਕਾਲਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਹੋਇਆ। ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਹਰਜੋਤ ਸਿੰਘ ਮਾਂਗਟ, ਮੈਂਬਰ ਬਲਾਕ ਸੰਮਤੀ ਮਾਛੀਵਾੜਾ ਸਾਹਿਬ, ਵਿਸ਼ੇਸ਼ ਮਹਿਮਾਨ ਨਰਿੰਦਰ ਸਿੰਘ ਸੀਨੀਅਰ ਅਕਾਲੀ ਲੀਡਰ, ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ, ਖੇਡ ਵਿਭਾਗ ਦੀ ਮੁਖੀ ਰਵਿਤਾ ਸੈਣੀ ਤੇ ਲੋਕਲ ਕਾਲਜ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਲੋਕਲ ਮੈਨੇਜਿੰਗ ਕਮੇਟੀ ਦੇ ਐਡੀਸ਼ਨਲ ਆਨਰੇਰੀ ਸਕੱਤਰ ਹਰਜਤਿੰਦਰ ਸਿੰਘ ਬਾਜਵਾ ਵੱਲੋਂ ਆਏ ਮਹਿਮਾਨਾਂ, ਵੱਖ ਵੱਖ ਕਾਲਜਾਂ ਦੀਆਂ ਟੀਮਾਂ, ਕੋਚਾਂ ਤੇ ਅਧਿਕਾਰੀਆਂ ਦਾ ਸਵਾਗਤ ਕੀਤਾ ਗਿਆ। ਕਾਲਜ ਦੇ ਸੰਗੀਤ ਵਿਭਾਗ ਵੱਲੋਂ ਸ਼ਬਦ ਗਾਇਨ ਕਰਨ ਉਪਰੰਤ ਕਬੱਡੀ ਦੇ ਮੁਕਾਬਲੇ ਸ਼ੁਰੂ ਹੋਏ। ਇਸ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਲੜਕੀਆਂ ਦੀਆਂ ਕਰੀਬ 25 ਟੀਮਾਂ ਭਾਗ ਲੈ ਰਹੀਆਂ ਹਨ। ਟੂਰਨਾਮੈਂਟ ਦੇ ਪਹਿਲੇ ਦਿਨ ਪਹਿਲਾ ਮੁਕਾਬਲਾ ਐੱਮ ਆਰ ਸਰਕਾਰੀ ਕਾਲਜ ਫਜ਼ਿਲਕਾ ਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਕਮਾਲਪੁਰਾ ਵਿਚਕਾਰ ਹੋਇਆ, ਜਿਸ ਵਿੱਚ ਕਮਾਲਪੁਰਾ ਦੀ ਟੀਮ ਜੇਤੂ ਰਹੀ। ਪੀ ਜੀ ਜੀ ਕਾਲਜ ਸੈਕਟਰ-11 ਚੰਡੀਗੜ੍ਹ ਤੇ ਜੀ ਸੀ ਜੀ ਲੁਧਿਆਣਾ ਵਿਚਕਾਰ ਹੋਏ ਮੈਚ ਵਿੱਚ ਸੈਕਟਰ-11 ਚੰਡੀਗੜ੍ਹ ਦੀ ਟੀਮ ਜੇਤੂ ਰਹੀ। ਤੀਜਾ ਮੈਚ ਸ੍ਰੀ ਰਾਮ ਕਾਲਜ ਡੱਲਾ ਤੇ ਖਾਲਸਾ ਕਾਲਜ ਸਿੱਧਵਾਂ ਵਿਚਕਾਰ ਹੋਇਆ। ਇਸ ਵਿੱਚ ਡੱਲਾ ਕਾਲਜ ਦੀ ਟੀਮ ਜੇਤੂ ਰਹੀ। ਪੀ ਯੂ ਸੀ ਸੀ ਸਿੱਖਵਾਲਾ ਤੇ ਸ੍ਰੀ ਰਾਮ ਕਾਲਜ ਡੱਲਾ ਵਿਚਕਾਰ ਹੋਏ ਮੈਚ ਵਿੱਚ ਡੱਲਾ ਕਾਲਜ ਜੇਤੂ ਰਿਹਾ। ਐੱਸ ਯੂ ਐੱਸ ਪੀ ਯੂ ਸੀ ਸੀ ਗੁਰੂ ਹਰਸਹਾਇ ਤੇ ਐੱਸ ਡੀ ਐੱਸ ਕਾਲਜ ਲੋਪੋਂ ਵਿਚਕਾਰ ਹੋਏ ਮੈਚ ਵਿੱਚ ਐੱਸ ਯੂ ਐੱਸ ਪੀ ਯੂ ਸੀ ਸੀ ਗੁਰੂ ਹਰਸਹਾਇ ਕਾਲਜ ਜੇਤੂ ਰਿਹਾ। ਸੀਨੀਅਰ ਅਕਾਲੀ ਆਗੂ ਤੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਇਸ ਮੌਕੇ ਖਿਡਾਰਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਉਹ ਸਮਾਂ ਹੈ, ਜਦੋਂ ਖਿਡਾਰਨਾਂ ਖੇਡਾਂ ਤੇ ਆਪਣੀ ਅਕਾਦਮਿਕ ਪੜ੍ਹਾਈ ਨੂੰ ਇਕੋ ਸਮੇਂ ਬੜੀ ਸੂਝ-ਬੂਝ ਨਾਲ ਅੱਗੇ ਤੋਰ ਸਕਦੀਆਂ ਹਨ। ਉਨ੍ਹਾ ਕਿਹਾ ਕਿ ਅੱਜ ਦਾ ਨੌਜਵਾਨ ਆਪਣੀ ਪੜ੍ਹਾਈ ਨੂੰ ਵਿੱਚ ਵਿਚਾਲੇ ਛੱਡ ਕੇ ਵਿਦੇਸ਼ਾਂ ਵੱਲ ਨੂੰ ਮੂੰਹ ਕਰ ਰਿਹਾ ਹੈ। ਉਨ੍ਹਾ ਕਿਹਾ ਕਿ ਪੜ੍ਹਾਈ ਬਹੁਤ ਜ਼ਰੂਰੀ ਹੈ ਤੇ ਖੇਡਾਂ ਵਿੱਚ ਵੀ ਨਾਮਣਾ ਖੱਟ ਕੇ ਖਿਡਾਰੀ ਅੰਤਰਰਾਸ਼ਟਰੀ ਪੱਧਰ ਤੱਕ ਜਾ ਕੇ ਆਪਣੇ ਪੰਜਾਬ, ਦੇਸ਼ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕਰ ਸਕਦਾ ਹੈ।

ਇਸ ਮੌਕੇ ਮੁੱਖ ਮਹਿਮਾਨ ਹਰਜੋਤ ਸਿੰਘ ਮਾਂਗਟ ਨੇ ਕਾਲਜ ਨੂੰ 11,000/-ਰੁਪਏ ਦੀ ਰਕਮ ਪ੍ਰਦਾਨ ਕੀਤੀ। ਹਰਦੀਪ ਸਿੰਘ ਬਹਿਲੋਲਪੁਰ, ਪ੍ਰਧਾਨ ਲੋਕਲ ਮੈਨੇਜਿੰਗ ਕਮੇਟੀ ਨੇ ਮੁੱਖ ਮਹਿਮਾਮ ਤੇ ਆਏ ਹੋਏ ਸੱਜਣਾਂ ਦਾ ਧੰਨਵਾਦ ਕੀਤਾ। ਇਸ ਖੇਡ ਸਮਾਰੋਹ ਵਿੱਚ ਹੰਸ ਰਾਜ ਸੀਨੀਅਰ ਡਾਇਰੈਕਟੋਰੇਟ ਆਫ ਸਪੋਰਟਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪਰਮਜੀਤ ਸਿੰਘ ਢਿੱਲੋਂ, ਅਮਰੀਕ ਸਿੰਘ ਹੇੜੀਆਂ, ਜਸਮੇਲ ਸਿੰਘ ਬੌਂਦਲੀ, ਗੁਰਵਿੰਦਰ ਸਿੰਘ ਝਾੜ ਸਾਹਿਬ (ਮੈਂਬਰ ਅੜ੍ਹੈਲ ਐਮ ਸੀ) ਤੇ ਗੁਰਵਿੰਦਰ ਸਿੰਘ (ਯੂ ਐੱਸ ਏ) ਸ਼ਾਮਲ ਸਨ। ਸਿਵਲ ਹਸਪਤਾਲ ਮਾਛੀਵਾੜਾ ਸਾਹਿਬ ਤੋਂ ਡਾ. ਜਸਪ੍ਰੀਤ ਕੌਰ, ਡਾ. ਰਛਪਾਲ ਸਿੰਘ ਤੇ ਆਸ਼ਾ ਵਰਕਰ ਨੇ ਫਸਟ ਏਡ ਲਈ ਕਾਲਜ ਨੂੰ ਸਹਿਯੋਗ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਡਾ. ਅਮਨਪ੍ਰੀਤ ਕੌਰ ਨੇ ਨਿਭਾਈ।

# ਰਾਜਾ ਗਿੱਲ ਹਿਮਾਚਲ ਪ੍ਰਦੇਸ਼ ਚੋਣਾਂ ਲਈ ਕਾਂਗਰਸ ਦੇ ਅਬਜ਼ਰਵਰ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਕਾਂਗਰਸ ਹਾਈ ਕਮਾਂਡ ਵੱਲੋਂ ਹਲਕਾ ਸਮਰਾਲਾ ਤੋਂ ਪਾਰਟੀ ਦੇ ਮੁੱਖ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ ਨੂੰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਕਾਂਗਰਸ ਪਾਰਟੀ ਦੇ ਹਿਮਾਚਲ ਤੋਂ ਇੰਚਾਰਜ ਤੇ ਸਾਬਕਾ ਕੇਂਦਰੀ ਮੰਤਰੀ ਰਾਜੀਵ ਸ਼ੁਕਲਾ ਵੱਲੋਂ ਪੱਤਰ ਜਾਰੀ ਕਰ ਰੁਪਿੰਦਰ ਸਿੰਘ ਰਾਜਾ ਗਿੱਲ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੇ ਜੋ ਉਨ੍ਹਾਂ ਨੂੰ ਹਿਮਾਚਲ ਚੋਣਾਂ ਵਿੱਚ ਹਮੀਰਪੁਰ ਤੋਂ ਅਬਜ਼ਰਵਰ ਨਿਯੁਕਤ ਕਰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਉਮੀਦਵਾਰ ਨੂੰ ਭਾਰੀ ਬਹੁਮੱਤ ਨਾਲ ਜਿਤਾਉਣਗੇ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਵਾਸੀ ਭਾਜਪਾ ਸਰਕਾਰ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਹਨ ਤੇ ਆਮ ਆਦਮੀ ਪਾਰਟੀ ਦੇ ਕੂੜ ਪ੍ਰਚਾਰ ਤੋਂ ਪੂਰੀ ਤਰ੍ਹਾਂ ਸੁਚੇਤ ਹਨ, ਇਸ ਲਈ ਹੁਣ ਉੱਥੇ ਕਾਂਗਰਸ ਦੀ ਸਰਕਾਰ ਬਣਨੀ ਤੈਅ ਹੈ। ਰਾਜਾ ਗਿੱਲ ਨੇ ਕਿਹਾ ਕਿ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਵਰਕਰ ਤੇ ਆਗੂ ਉਨ੍ਹਾਂ ਨਾਲ ਹਮੀਰਪੁਰ ਵਿਧਾਨ ਸਭਾ ਖੇਤਰ ਵਿੱਚ ਉਮੀਦਵਾਰ ਦੇ ਹੱਕ 'ਚ ਡੱਟ ਕੇ ਪ੍ਰਚਾਰ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਹਾਈ ਕਮਾਂਡ ਸ਼੍ਰੀਮਤੀ ਸੋਨੀਆ ਗਾਂਧੀ, ਕੁੱਲ ਹਿੰਦ ਕਾਂਗਰਸ ਦੇ ਪ੍ਰਧਾਨ ਮਲਿਕ ਅਰਜੁਨ ਖੜਗੇ, ਇੰਚਾਰਜ ਰਾਜੀਵ ਸ਼ੁਕਲਾ ਤੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਦੇ ਯੋਗ ਸਮਝਦਿਆਂ ਚੋਣ ਅਬਜ਼ਰਵਰ ਨਿਯੁਕਤ ਕੀਤਾ।

# ਡੀ ਸੀ ਵੱਲੋਂ ਵੱਖ-ਵੱਖ ਖਰੀਦ ਕੇਂਦਰਾਂ ਦਾ ਦੌਰਾ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਜ਼ਿਲ੍ਹੇ ਦੇ ਵੱਖ ਵੱਖ ਖਰੀਦ ਕੇਂਦਰਾਂ ਵਿੱਚ ਚੱਲ ਰਹੀ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਵੱਲੋਂ ਖਰੀਦ ਏਜੰਸੀਆਂ ਤੇ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਖਰੀਦ ਕੇਂਦਰ ਫਰੀਦਕੋਟ, ਮਚਾਕੀ ਮੱਲ ਸਿੰਘ, ਸਾਦਿਕ ਸਮੇਤ ਵੱਖ ਵੱਖ ਖਰੀਦ ਕੇਂਦਰਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਖਰੀਦ, ਲਿਫਟਿੰਗ, ਅਦਾਇਗੀ ਆਦਿ ਬਾਰੇ ਅਧਿਕਾਰੀਆਂ, ਆੜ੍ਹਤੀਆਂ ਤੇ ਕਿਸਾਨਾਂ ਆਦਿ ਤੋਂ ਜਾਣਕਾਰੀ ਲਈ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਆਦੇਸ਼ ਵੀ ਦਿੱਤੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ, ਆੜ੍ਹਤੀਆਂ ਜਾਂ ਲੇਬਰ ਨੂੰ ਝੋਨੇ ਦੀ ਖਰੀਦ ਸਬੰਧੀ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਾ ਝੋਨਾ ਹੀ ਮੰਡੀ ਵਿੱਚ ਲਿਆਉਣ।

ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਦੱਸਿਆ ਕਿ ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਬੀਤੀ ਸ਼ਾਮ ਤੱਕ 232964 ਮੀਟਰਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ।

ਉਨ੍ਹਾ ਦੱਸਿਆ ਕਿ ਝੋਨੇ ਦੀ ਲਿਫਟਿੰਗ ਦਾ ਕੰਮ ਵੀ ਲਗਾਤਾਰ ਜਾਰੀ ਹੈ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਸੁਖਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਮੰਡੀਆਂ ਵਿੱਚ ਝੋਨੇ ਦੀ ਕੱਲ੍ਹ ਸ਼ਾਮ ਤੱਕ ਹੋਈ ਖਰੀਦ ਦੇ ਅੰਕੜਿਆਂ ਮੁਤਾਬਕ ਵੱਖ ਵੱਖ ਏਜੰਸੀਆਂ, ਜਿਨ੍ਹਾਂ 'ਚ ਪਨਗ੍ਰੇਨ ਨੇ 77954 ਮੀਟ੍ਰਿਕ ਟਨ, ਮਾਰਕਫੈੱਡ ਨੇ 60689 ਮੀਟ੍ਰਿਕ ਟਨ, ਪਨਸਪ ਨੇ 59575 ਮੀਟ੍ਰਿਕ ਟਨ ਤੇ ਪੰਜਾਬ ਰਾਜ ਗੋਦਾਮ ਨਿਗਮ ਨੇ 30728 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 4018 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਖਰੀਦੇ ਗਏ ਝੋਨੇ ਵਿੱਚੋਂ 145763 ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ। ਇਸ ਮੌਕੇ ਜ਼ਿਲ੍ਹਾ ਮੰਡੀ ਅਫਸਰ ਸ੍ਰੀ ਪ੍ਰੀਤਕੰਵਰ ਸਿੰਘ ਬਰਾੜ, ਏ.ਐੱਫ.ਐੱਸ.ਓ. ਸ੍ਰੀ ਗੁਰਚਰਨ ਪਾਲ, ਸਕੱਤਰ ਮਾਰਕਿਟ ਕਮੇਟੀ ਸ੍ਰੀ ਗੁਰਦੀਪ ਸਿੰਘ, ਸਕੱਤਰ ਮਾਰਕਿਟ ਕਮੇਟੀ ਸਾਦਿਕ ਸ੍ਰੀ ਪ੍ਰਿਤਪਾਲ ਕੋਹਲੀ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

# 3704 ਅਧਿਆਪਕ ਯੂਨੀਅਨ ਵੱਲੋਂ ਗੁਰਮੀਤ ਸਿੰਘ ਖੁੱਡੀਆਂ ਨੂੰ ਦਿੱਤਾ ਗਿਆ ਮੰਗ ਪੱਤਰ



ਐਮ ਐਲ ਏ ਖੁੱਡੀਆਂ ਨੂੰ ਮੰਗ ਪੱਤਰ ਸੌਂਪਦੇ ਹੋਏ ਯੂਨੀਅਨ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-3704 ਅਧਿਆਪਕ ਯੂਨੀਅਨ ਵੱਲੋਂ ਐਮ.ਐਲ.ਏ ਗੁਰਮੀਤ ਸਿੰਘ ਖੁੱਡੀਆਂ ਨੂੰ ਆਪਣੀਆਂ ਮੰਗਾਂ ਸੰਬੰਧੀ ਮੰਗ ਪੱਤਰ ਦਿੱਤਾ ਗਿਆ। 3704 ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਆਪਣੀਆਂ ਮੰਗਾਂ ਸੰਬੰਧੀ ਸਾਰੇ ਪੰਜਾਬ ਦੇ ਮੰਤਰੀਆਂ/ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦੀ ਮੁਹਿੰਮ ਆਰੰਭ ਕੀਤੀ ਹੋਈ ਹੈ। ਇਸ ਤਹਿਤ ਹੀ ਸੰਦੀਪ ਸਿੰਘ ਪ੍ਰਧਾਨ ਜ਼ਿਲ੍ਹਾ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਵਿੱਚ ਯੂਨੀਅਨ ਵੱਲੋਂ ਐਮ.ਐਲ.ਏ ਗੁਰਮੀਤ ਸਿੰਘ ਖੁੱਡੀਆਂ ਹਲਕਾ ਲੰਬੀ ਨਾਲ ਮੀਟਿੰਗ ਕਰਕੇ ਆਪਣੀਆਂ ਬਦਲੀਆਂ ਤੇ ਪੇਅ ਸਕੇਲ ਦੀਆਂ ਮੰਗਾਂ ਸੰਬੰਧੀ ਮੰਗ ਪੱਤਰ ਦਿੱਤਾ।

ਐਮ.ਐਲ.ਏ ਖੁੱਡੀਆਂ ਨੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਮੰਗਾਂ ਸੰਬੰਧੀ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਕੇ ਪਿਛਲੇ ਲਗਭਗ ਦੋ ਸਾਲਾਂ ਤੋਂ ਆਪਣੇ ਘਰਾਂ ਤੋਂ ਦੂਰ ਦੁਰਾਡੇ ਬੈਠੇ ਅਧਿਆਪਕਾਂ ਨੂੰ ਜਲਦ ਤੋਂ ਜਲਦ ਬਦਲੀਆਂ ਦਾ ਮੌਕਾ ਦੇਣ ਬਾਰੇ ਕਿਹਾ ਜਾਵੇਗਾ। ਇਸ ਮੌਕੇ ਹਰਵੰਤ ਸਿੰਘ, ਖ਼ਜ਼ਾਨਚੀ ਜ਼ਿਲ੍ਹਾ ਕਮੇਟੀ ਸ੍ਰੀ ਮੁਕਤਸਰ ਸਾਹਿਬ, ਜਗਦੇਵ ਸਿੰਘ ਕੋਟਲੀ, ਰਜਿੰਦਰ ਸਿੰਘ (ਹਿੰਦੀ ਮਾਸਟਰ), ਸੰਦੀਪ ਸਿੰਘ ਲੰਬੀ, ਗੁਰਮੀਤ ਸਿੰਘ ਗੱਗੜ, ਅਸਵਿੰਨਦੀਪ ਸਿੰਘ ਮਲੋਟ, ਗੁਰਪਰੀਤ ਸਿੰਘ ਸਾਇੰਸ ਮਾਸਟਰ ਆਦਿ ਅਧਿਆਪਕ ਆਗੂ ਮੌਜੂਦ ਸਨ।

# ਬੀ ਐੱਫ ਜੀ ਆਈ ਦੇ 6 ਵਿਦਿਆਰਥੀ ਨੌਕਰੀ ਲਈ ਚੁਣੇ ਗਏ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬੀ ਐੱਫ ਜੀ ਆਈ ਵਿਖੇ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਖੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਪਲੇਸਮੈਂਟ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਂਦਾ ਹੈ, ਜਿਸ ਸਦਕਾ ਵਿਦਿਆਰਥੀਆਂ ਦੀ ਪਲੇਸਮੈਂਟ ਲਗਾਤਾਰ ਬਹੁਤ ਹੀ ਸ਼ਾਨਦਾਰ ਪੈਕੇਜਾਂ 'ਤੇ ਹੋ ਰਹੀ ਹੈ। ਸੰਸਥਾ ਦੇ ਟਰੇਨਿੰਗ ਐਂਡ ਪਲੇਸਮੈਂਟ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਖੇਤਰ ਦੀਆਂ ਪ੍ਰਮੁੱਖ ਕੰਪਨੀਆਂ ਦੀ ਕੈਂਪਸ ਪਲੇਸਮੈਂਟ ਡਰਾਈਵ ਦਾ ਪ੍ਰਬੰਧ ਕਰਕੇ ਵਿਦਿਆਰਥੀਆਂ ਨੂੰ ਨੌਕਰੀ ਪ੍ਰਾਪਤ ਕਰਨ ਦੇ ਭਰਪੂਰ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਇਸ ਸਿਲਸਿਲੇ ਤਹਿਤ ਹਾਲ ਵਿੱਚ ਹੀ ਆਨਲਾਈਨ ਸਿੱਖਿਆ ਖੇਤਰ ਦੀ ਨਾਮਵਰ ਕੰਪਨੀ ਹਾਈਕ ਐਜੂਕੇਸ਼ਨ ਨੇ ਬੀ.ਐੱਫ.ਜੀ.ਆਈ. ਦੇ 6 ਵਿਦਿਆਰਥੀਆਂ ਨੂੰ ਨੌਕਰੀ ਲਈ ਚੁਣਿਆ ਹੈ। ਵਿਦਿਆਰਥੀਆਂ ਦੀ ਬੋਲ ਚਾਲ ਦੀ ਭਾਸ਼ਾ, ਕੰਪਿਊਟਰ ਬਾਰੇ ਜਾਣਕਾਰੀ, ਆਮ ਗਿਆਨ ਤੇ ਪੇਸ਼ੇਵਰ ਪਹੁੰਚ ਦੇ ਸਿੱਟੇ ਵਜੋਂ ਹਾਈਕ ਐਜੂਕੇਸ਼ਨ ਨੇ ਬੀ. ਟੈੱਕ (ਸੀ.ਐੱਸ.ਈ.) ਦੇ ਰਾਜਨ ਗਰੋਵਰ ਨੂੰ ਬਿਜ਼ਨੈੱਸ ਡਿਵੈਲਪਮੈਂਟ ਐਗਜ਼ੀਕਿਊਟਿਵ ਵਜੋਂ 6.42 ਲੱਖ ਸਾਲਾਨਾ ਦੇ ਪੈਕੇਜ 'ਤੇ ਨੌਕਰੀ ਲਈ ਚੁਣ ਲਿਆ, ਜਦੋਂ ਕਿ ਬੀ.ਬੀ.ਏ. ਦੇ ਵਰਿੰਦਰ ਪਾਲ ਸਿੰਘ ਤੇ ਹਸਨਦੀਪ ਸਿੰਘ, ਬੀ.ਸੀ.ਏ. ਦੇ ਵਿਦਿਆਰਥੀ ਹਿਮਾਂਸ਼ੂ ਬਾਂਸਲ ਤੇ ਗੁਰਲੀਨ ਕੌਰ ਅਤੇ ਬੀ.ਐੱਸ.ਸੀ. (ਐਗਰੀਕਲਚਰ) ਦੀ ਵਿਦਿਆਰਥਣ ਆਰਜ਼ੂ ਨੂੰ ਬਿਜ਼ਨੈੱਸ ਡਿਵੈਲਪਮੈਂਟ ਐਗਜ਼ੀਕਿਊਟਿਵ ਵਜੋਂ 5.82 ਲੱਖ ਸਾਲਾਨਾ ਦੇ ਪੈਕੇਜ 'ਤੇ ਨੌਕਰੀ ਲਈ ਚੁਣ ਲਿਆ।

ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦੱਸਿਆ ਕਿ ਸੰਸਥਾ ਵੱਲੋਂ ਹਰ ਕੋਰਸ ਦੇ ਵਿਦਿਆਰਥੀਆਂ ਦੀ 100 ਫ਼ੀਸਦੀ ਪਲੇਸਮੈਂਟ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਜਾਰੀ ਹਨ। ਉਨ੍ਹਾ ਨੇ ਸੰਸਥਾ ਦੇ ਟਰੇਨਿੰਗ ਐਂਡ ਪਲੇਸਮੈਂਟ ਵਿਭਾਗ ਦੁਆਰਾ ਕੀਤੇ ਗਏ ਸੁਹਿਰਦ ਯਤਨਾਂ ਦੀ ਵੀ ਸ਼ਲਾਘਾ ਕੀਤੀ ਤੇ ਨੌਕਰੀ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

28-Oct-PAGE-11-Majha.qxd 10/27/2022 9:57 PM Page 1



# ਵਿਦੇਸ਼ ਤੋਂ ਆਈ ਲੜਕੀ ਤੇ ਉਸ ਦੀ ਮਾਂ ਨੂੰ ਗੁਆਂਢੀ ਵੱਲੋਂ ਗੋਲੀ ਮਾਰ ਕੇ ਕੀਤਾ ਜ਼ਖਮੀ

**ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)** ਥਾਣਾ ਖਾਲੜਾ ਅਧੀਨ ਪੈਂਦੇ ਪਿੰਡ ਨਾਰਲਾ ਵਿਖੇ ਗੁਆਂਢ ਰਹਿੰਦੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਆਪਣੇ ਘਰ ਵਿੱਚ ਬੈਠੀਆਂ ਮਾਂ-ਧੀ ਨੂੰ ਜ਼ਖਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਖਮੀ ਅਮਰਜੀਤ ਕੌਰ ਪਤਨੀ ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਗੁਆਂਢ ਰਹਿੰਦੇ ਗੁਰਸਾਹਿਬ ਸਿੰਘ ਉਰਫ ਭਾਲਾ ਪੁੱਤਰ ਜਗਤਾਰ ਸਿੰਘ ਅਤੇ ਉਸ ਦੀ ਪਤਨੀ ਕੁੱਝ ਦਿਨਾਂ ਤੋਂ ਉਨ੍ਹਾਂ ਦੇ ਘਰ ਵੱਲ ਵੇਖ ਕੇ ਗਾਲਾਂ ਕੱਢ ਰਹੇ ਸਨ । ਅਮਰਜੀਤ ਕੌਰ ਨੇ ਕਿਹਾ ਕਿ ਮੇਰੀ ਬੇਟੀ ਜੋ ਕਿ ਵਿਦੇਸ਼ ਵਿੱਚੋਂ ਆਈ ਹੈ ਉਸ ਨੂੰ ਗਵਾਂਢੀ ਗੁਰਸਾਹਿਬ ਸਿੰਘ ਧਮਕੀਆਂ ਦੇ ਰਿਹਾ ਸੀ ਕਿ



ਅਸੀਂ ਇਸ ਨੂੰ ਵਾਪਸ ਵਿਦੇਸ਼ ਨਹੀਂ ਜਾਣ ਦੇਣਾ, ਜਿਸ 'ਤੇ ਮੇਰੀ ਬੇਟੀ ਨੇ ਪੁਲਸ ਹੈਲਪਲਾਈਨ 'ਤੇ ਇਸ ਬਾਬਤ ਸ਼ਿਕਾਇਤ ਕੀਤੀ ਜਿਸ 'ਤੇ ਦੋ ਪੁਲਿਸ ਮੁਲਾਜ਼ਮਾਂ ਨੇ ਆ ਕੇ ਉਸ ਨੂੰ ਗਾਲਾਂ ਕੱਢਣ ਤੋਂ ਰੋਕਿਆ ਤਾਂ ਉਸ ਨੇ ਅਤੇ ਉਸ ਦੀ ਪਤਨੀ ਅਤੇ ਉਸ ਦੇ ਦੋ ਲੜਕਿਆਂ ਨੇ ਪੁਲਸ ਮੁਲਾਜ਼ਮਾਂ ਨਾਲ ਹੀ ਉਲਝਣਾ ਸ਼ੁਰੂ ਕਰ ਦਿੱਤਾ । ਜਿਸ 'ਤੇ ਗੁਰਸਾਹਿਬ ਨੇ ਆਪਣੇ ਘਰ ਵਿੱਚੋਂ ਰਾਈਫਲ ਲਿਆ ਕੇ ਸਾਡੇ ਵੱਲ ਫਾਇਰ ਕਰ ਦਿੱਤੇ ਜਿਸ ਦੇ ਸ਼ਰ੍ਹੇ ਮੇਰੀ ਬਾਂਹ ਅਤੇ ਮੇਰੀ ਬੇਟੀ ਦੇ ਮੱਥੇ ਅਤੇ ਗਲ 'ਤੇ ਲੱਗੇ । ਇਸ ਵਕਤ ਜ਼ਖਮੀ ਮਾਂ ਧੀ ਨੂੰ ਭਿੱਖੀਵਿੰਡ ਦੇ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ । ਜਿਥੇ ਡਾਕਟਰਾਂ ਵੱਲੋਂ ਜ਼ਖਮੀ ਲੜਕੀ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ । ਇਸ ਮਾਮਲੇ ਸੰਬੰਧੀ ਥਾਣਾ ਐੱਸ.ਐੱਚ.ਓ ਲਖਵਿੰਦਰ ਸਿੰਘ ਨਾਲ ਫੋਨ 'ਤੇ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਦੋਸ਼ੀ ਪੁਲਸ ਨੂੰ ਚਕਮਾ ਦੇ ਫਰਾਰ ਹੋ ਗਿਆ ਹੈ ਅਤੇ ਪਰਵਾਰ ਵਾਲਿਆਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ ।

# ਲਛਮੀ ਤੇ ਗਣੇਸ਼ ਦੀ ਫੋਟੋ ਛਾਪਣ ਦਾ ਬਿਆਨ ਦੇ ਕੇ ਕੇਜਰੀਵਾਲ ਨੇ ਸਾਬਤ ਕਰ ਦਿੱਤਾ ਕਿ ਆਪ ਭਾਜਪਾ ਦੀ ਬੀ ਟੀਮ : ਬੱਖਤਪੁਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਅੱਜ ਧਾਰੀਵਾਲ ਬਲਾਕ ਦੇ ਕਸਬਾ ਸੋਹਲ ਵਿਖੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਤਹਿਸੀਲ ਪੱਧਰੀ ਆਗੂਆਂ ਦੀ ਮੀਟਿੰਗ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਲਿਬਰੇਸ਼ਨ ਦੇ ਤਹਿਸੀਲ ਗੁਰਦਾਸਪੁਰ ਦੇ ਸਕੱਤਰ ਵਿਜੇ ਸੋਹਲ ਅਤੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਭਾਰਤੀ ਕਰੰਸੀ ਦੇ ਨੋਟਾਂ ਉਪਰ ਮਹਾਤਮਾ ਗਾਂਧੀ ਤੋਂ ਇਲਾਵਾ ਮਾਤਾ ਲਛਮੀ ਅਤੇ ਭਗਵਾਨ ਗਣੇਸ਼ ਦੀ ਫੋਟੋ ਛਾਪਣ ਦੇ ਦਿੱਤੇ ਬਿਆਨ ਨੇ ਬਿੱਲੀ ਥੈਲੇ ਚੋਂ ਬਾਹਰ ਲੈ ਆਂਦੀ ਹੈ। ਇਸ ਬਿਆਨ ਨੇ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਦੀ ਬੀ ਟੀਮ ਹੈ, ਜਿਸ ਦੇ ਮੁਖੀ ਕੇਜਰੀਵਾਲ ਨੇ ਗੁਜਰਾਤ ਅਤੇ ਹਿਮਾਚਲ ਚੋਣਾਂ ਦੇ ਮੱਦੇਨਜ਼ਰ ਰਾਜਨੀਤਕ ਲਾਭ ਲੈਣ ਹਿੱਤ ਇਹ ਦੱਸਣ ਦੀ ਕੋਸ਼ਿਸ ਕੀਤੀ ਹੈ ਕਿ ਉਹ ਭਾਜਪਾ ਤੋਂ ਵੀ ਵੱਡਾ ਹਿੰਦੂਪ੍ਰਸਤ ਹੈ। ਬੱਖਤਪੁਰਾ ਨੇ ਕਿਹਾ ਕਿ ਕੇਜਰੀਵਾਲ ਦਾ ਇਹ ਬਿਆਨ ਭਾਰਤੀ ਸੰਵਿਧਾਨ ਦੀ ਧਰਮਨਿਰਪੱਖਤਾ ਦੀ ਭਾਵਨਾ ਦੇ ਘੋਰ ਵਿਰੋਧੀ ਮੰਨਿਆ ਜਾ ਸਕਦਾ ਹੈ। ਇਹ ਬਿਆਨ ਧਰਮ ਨੂੰ ਰਾਜਨੀਤੀ ਨਾਲ ਰਲਗੱਡ ਕਰਨ ਦੇ ਤੁਲ ਹੈ ਅਤੇ ਅੰਧ ਵਿਸ਼ਵਾਸ ਭਰਿਆ ਹੈ। ਕੀ ਨੋਟਾਂ ਉਪਰ ਧਾਰਮਿਕ ਫੋਟੋਆਂ ਲਗਾਉਣ ਨਾਲ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋ ਜਾਵੇਗੀ ? ਉਨ੍ਹਾਂ ਕਿਹਾ ਕਿ ਇਹੋ ਜਿਹੇ ਬਿਆਨ ਭਾਰਤ ਨੂੰ ਵਿਕਸਤ ਦੇਸ਼ਾਂ ਦੇ ਲੋਕਾਂ ਵਿੱਚ ਸ਼ਰਮਸਾਰ ਕਰਨ ਵਾਲੇ ਹਨ। ਕੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੁਆਬ ਦੇਣਗੇ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਨੇ ਘੱਟ ਗਿਣਤੀਆਂ ਦੇ ਧਾਰਮਿਕ ਰਹਿਬਰਾਂ ਬਾਬਾ ਨਾਨਕ, ਮੁਹੰਮਦ ਪੈਗੰਬਰ, ਭਗਤ ਕਬੀਰ, ਭਗਤ ਰਵਿਦਾਸ ਜਾਂ ਮਹਾਤਮਾ ਬੁੱਧ ਦਾ ਨਾਂਅ ਕਿਉਂ ਨਹੀਂ ਲਿਆ। ਲਿਬਰੇਸ਼ਨ ਆਗੂਆਂ ਨੇ ਕਿਹਾ ਕਿ ਇਹੋ ਜਿਹੇ ਅਹਿਮ ਸੁਆਲਾਂ ਉਪਰ ਮੁੱਖ ਮੰਤਰੀ ਭਗਵੰਤ ਮਾਨ ਹਮੇਸ਼ਾ ਚੁੱਪ ਧਾਰੀ ਰੱਖਦੇ ਹਨ। ਹਰ ਰੋਜ਼ ਨਸ਼ਿਆਂ ਨਾਲ ਨੌਜਵਾਨਾਂ ਦੇ ਮਰਨ ਦੀਆਂ ਖਬਰਾਂ ਛਪ ਰਹੀਆਂ ਹਨ ਪਰ ਕੁੱਝ ਹਫਤਿਆਂ ਵਿੱਚ ਨਸ਼ਿਆਂ ਦਾ ਕਾਰੋਬਾਰ ਖਤਮ ਕਰਨ ਦੇ ਦਾਅਵਿਆਂ ਦੇ ਅਲੰਬਰਦਾਰ ਭਗਵੰਤ ਮਾਨ ਕੁੱਝ ਨਹੀਂ ਬੋਲ ਰਹੇ। ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਭਗਵੰਤ ਮਾਨ ਸਰਕਾਰ ਨੂੰ ਨਸ਼ਿਆਂ, ਰੇਤਾ ਬਜਰੀ, ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਸਹਾਇਤਾ ਦੇਣ ਦੀ ਗਰੰਟੀ ਅਤੇ ਹਿੰਦੂਤਵਵਾਦ ਦੀ ਸਿਆਸਤ ਭੜਕਾਉਣ ਦੇ ਮੁੱਦਿਆਂ ਉਪਰ ਘੇਰਨ ਲਈ ਨਵੰਬਰ ਵਿੱਚ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ।



ਇਸ ਸਮੇਂ ਮੀਟਿੰਗ ਵਿੱਚ ਜੋਗਿੰਦਰ ਪਾਲ ਲੇਹਲ, ਬਲਬੀਰ ਸਿੰਘ ਉਚਾਧਕਾਲਾ, ਪਲਵਿੰਦਰ ਸਿੰਘ ਬਿਲਾ, ਕੁਲਦੀਪ ਰਾਜੂ, ਗੁਰਿੰਦਰ ਸਿੰਘ, ਸੁਖਵੰਤ ਸਿੰਘ ਹਜਾਰਾ, ਗੋਪਾਲ ਕ੍ਰਿਸ਼ਨ ਪਾਲਾ, ਰਣਜੀਤ ਕੌਰ ਡੰਡਵ, ਸੁਦੇਸ਼ ਕੁਮਾਰੀ ਸੋਹਲ, ਸੀਤਲ ਕੰਗ, ਸ੍ਰੀਮਤੀ ਜੱਸ, ਮਧੂ, ਖਜਾਨ ਸਿੰਘ ਨਵਾਂ ਪਿੰਡ ਅਤੇ ਗੁਰਜੀਤ ਕੌਰ ਭਗਵਾਨਸਰ ਆਦਿ ਹਾਜ਼ਰ ਸਨ।

# 549 ਗ੍ਰਾਮ ਹੈਰੋਇਨ, ਪਿਸਤੌਲ ਤੇ ਮੋਟਰਸਾਈਕਲ ਸਮੇਤ ਦੋ ਕਾਬੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਜ਼ਿਲ੍ਹਾ ਤਰਨ ਤਾਰਨ ਦੇ ਐੱਸ.ਐੱਸ.ਪੀ ਰਣਜੀਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ.ਐੱਸ.ਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਦੀਆਂ ਹਦਾਇਤਾਂ 'ਤੇ ਚਲਦਿਆਂ ਥਾਣਾ ਕੱਚਾ ਪੱਕਾ ਦੀ ਪੁਲਸ ਨੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੂੰ 549 ਗ੍ਰਾਮ ਹੈਰੋਇਨ ਤੇ ਪਿਸਤੌਲ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਕੱਚਾ ਪੱਕਾ ਪੁਲਸ ਨੇ ਕਾਬੂ ਕੀਤੇ ਦੋਵਾਂ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਕੱਚਾ ਪੱਕਾ ਦੇ ਮੁਖੀ ਮੁਖਿੰਦਰ ਸਿੰਘ ਨੇ ਦੱਸਿਆ ਕਿ ਬੁੱਧਵਾਰ ਸ਼ਾਮ ਕਰੀਬ ਸਵਾ 8 ਵਜੇ ਪੁਲਸ ਪਾਰਟੀ ਨੇ ਡਰੇਨ ਦੇ ਪੁਲ ਕੋਲੋਂ ਅਪਾਚੀ ਮੋਟਰਸਾਈਕਲ 'ਤੇ ਸਵਾਰ ਦੋ ਲੋਕਾਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 549 ਗ੍ਰਾਮ ਹੈਰੋਇਨ, ਇਕ ਪਿਸਤੌਲ 32 ਬੋਰ ਅਤੇ 18 ਕਾਰਤੂਸ ਬਰਾਮਦ ਕੀਤੇ। ਪੁਲਸ ਵੱਲੋਂ ਫੜੇ ਗਏ ਮੁਲਜ਼ਮਾਂ ਦੀ ਪਛਾਣ ਅਮਰਦੀਪ ਸਿੰਘ ਉਰਫ ਮੋਟਾ ਪੁੱਤਰ ਹਰਦੀਪ ਸਿੰਘ ਵਾਸੀ ਦੇਵੀਦਾਸਪੁਰਾ ਥਾਣਾ ਜੰਡਿਆਲਾ ਗੁਰੂ ਅਤੇ ਰਾਮ ਸਿੰਘ ਉਰਫ਼ ਰਾਮਾ ਪੁੱਤਰ ਜਸਪਾਲ ਸਿੰਘ ਵਾਸੀ ਸੁੱਗਾ ਥਾਣਾ ਭਿੱਖੀਵਿੰਡ ਵਜੋਂ ਹੋਈ ਹੈ । ਜਿਨ੍ਹਾਂ ਖਿਲਾਫ ਥਾਣਾ ਕੱਚਾ ਪੱਕਾ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ ।

# 80 ਰੁਪਏ 'ਚ ਖਾਓ ਸਾਰਾ ਸਿਆਲ ਤਾਜ਼ੀਆਂ ਸਬਜ਼ੀਆਂ

**ਗੁਰਦਾਸਪੁਰ/ਧਾਰੀਵਾਲ (ਜਨਕ ਮਹਾਜਨ/ ਮਨਦੀਪ ਸਿੰਘ ਵਿੱਕੀ)** -ਕੇਵਲ 80 ਰੁਪਏ ਖਰਚ ਕਰਕੇ ਸਾਰਾ ਸਿਆਲ ਤਾਜ਼ੀਆਂ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਖਾਧੀਆਂ ਜਾ ਸਕਦੀਆਂ ਹਨ। 80 ਰੁਪਏ ਵਿੱਚ 10 ਵੱਖ-ਵੱਖ ਕਿਸਮਾਂ ਦੀਆਂ 5 ਕੁਇੰਟਲ ਤੋਂ ਵੱਧ ਦੀਆਂ ਸਬਜ਼ੀਆਂ ਪ੍ਰਾਪਤ ਕਰਨਾ ਕੋਈ ਸੁਪਨਾ ਨਹੀਂ ਬਲਕਿ ਪੂਰੀ ਤਰਾਂ ਹਕੀਕਤ ਹੈ। ਪੰਜਾਬ ਸਰਕਾਰ ਵੱਲੋਂ ਸੰਤੁਲਿਤ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸੂਬੇ ਦੇ ਬਾਗਬਾਨੀ ਵਿਭਾਗ ਨੇ ਸਰਦ ਰੁੱਤ ਦੀਆਂ ਸਬਜ਼ੀਆਂ ਬੀਜਣ ਲਈ ਬੀਜਾਂ ਦੀ ਇੱਕ ਮਿੰਨੀ ਕਿੱਟ ਤਿਆਰ ਕੀਤੀ ਹੈ, ਜਿਸ ਦੀ ਕੀਮਤ 80 ਰੁਪਏ ਰੁਪਏ ਰੱਖੀ ਗਈ ਹੈ। ਇਸ ਬੀਜ ਕਿੱਟ ਵਿੱਚ ਸਰਦੀਆਂ ਦੀਆਂ ਸਬਜ਼ੀਆਂ ਦੇ 10 ਕਿਸਮਾਂ ਦੇ ਬੀਜ ਹਨ ਅਤੇ ਇਸ ਇੱਕ ਕਿੱਟ ਦੇ ਬੀਜ 6 ਮਰਲੇ ਰਕਬੇ ਵਿੱਚ ਬੀਜ ਕੇ ਸਾਰੇ ਸੀਜ਼ਨ ਦੌਰਾਨ ਤਾਜ਼ੀ ਤੇ ਘਰ ਦੀ ਸਬਜ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਸਰਦੀਆਂ ਦੀਆਂ ਸਬਜ਼ੀਆਂ ਲਈ ਘਰੇਲੂ ਬਗੀਚੀ ਲਈ ਸਬਜ਼ੀ ਬੀਜ ਕਿੱਟ ਬਾਗਬਾਨੀ ਵਿਭਾਗ ਦੇ ਦਫ਼ਤਰ ਤੋਂ 80 ਰੁਪਏ ਦੀ ਕੀਮਤ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨਾਂ ਦੱਸਿਆ ਕਿ ਇਸ ਬੀਜ ਕਿੱਟ ਵਿੱਚ ਗਾਜਰ, ਮੂਲੀ, ਸ਼ਲਗਮ, ਬਰੌਕਲੀ, ਮੇਥੀ, ਮਟਰ, ਧਨੀਆ ਅਤੇ ਹੋਰ ਸਿਆਲੂ ਸਬਜ਼ੀਆਂ ਦੇ ਬੀਜ ਹਨ। ਉਨਾਂ ਦੱਸਿਆ ਕਿ ਇਹ ਬੀਜ 6 ਮਰਲੇ ਰਕਬੇ ਵਿੱਚ ਬੀਜੇ ਜਾ ਸਕਦੇ ਹਨ ਅਤੇ ਸਾਰਾ ਸੀਜ਼ਨ 5 ਕੁਇੰਟਲ ਤੋਂ ਵੱਧ ਦੀ ਸਬਜ਼ੀ ਪੈਦਾ ਹੁੰਦੀ ਹੈ। ਉਨਾਂ ਕਿਹਾ ਕਿ ਇੱਕ ਪਰਵਾਰ ਦੀਆਂ ਰੋਜ਼ਾਨਾ ਸਬਜ਼ੀਆਂ ਦੀਆਂ ਲੋੜਾਂ ਬੜੀ ਅਸਾਨੀ ਨਾਲ ਇਸ ਘਰੇਲੂ ਬਗੀਚੀ ਤੋਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਬਜ਼ਾਰ ਤੋਂ ਸਬਜ਼ੀਆਂ ਨਾ ਖਰੀਦ ਕੇ ਵੱਡੀ ਵਿੱਤੀ ਬੱਚਤ ਹੁੰਦੀ ਹੈ।

ਬਾਜਵਾ ਨੇ ਦੱਸਿਆ ਕਿ ਇਹ ਬੀਜ ਕਿੱਟ ਹਰ ਬਾਗਬਾਨੀ ਦਫ਼ਤਰ ਵਿੱਚ ਉਪਲਬਧ ਹੈ ਅਤੇ 80 ਰੁਪਏ ਦੀ ਕੀਮਤ ਵਿੱਚ ਇਹ ਇੱਕ ਕਿੱਟ ਖਰੀਦੀ ਜਾ ਸਕਦੀ ਹੈ। ਉਨਾਂ ਕਿਸਾਨਾਂ ਸਮੇਤ ਸਮਾਜ ਦੇ ਹਰੇਕ ਵਰਗ ਨੂੰ ਅਪੀਲ ਕੀਤੀ ਹੈ ਕਿ ਜਿਨਾਂ ਕੋਲ ਵੀ ਥੋੜ੍ਹੀ ਬਹੁਤ ਥਾਂ ਉਪਲਬਧ ਹੈ ਉਹ ਆਪਣੀ ਘਰੇਲੂ ਬਗੀਚੀ ਜ਼ਰੂਰ ਬੀਜਣ ਅਤੇ ਤਾਜ਼ੀਆਂ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਖਾ ਕੇ ਨਿਰੋਗ ਅਤੇ ਤੰਦਰੁਸਤ ਜੀਵਨ ਬਸਰ ਕਰਨ।

# ਡਿਪਟੀ ਕਮਿਸ਼ਨਰ ਵੱਲੋਂ ਪ੍ਰਿੰਟਿੰਗ ਪ੍ਰੈੱਸ ਮਾਲਕਾਂ ਨੂੰ ਹਦਾਇਤ

**ਪਠਾਨਕੋਟ, (ਦਵਿੰਦਰ ਸਿੰਘ)**-ਹਰਬੀਰ ਸਿੰਘ (ਆਈ ਏ ਐੱਸ) ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਪਠਾਨਕੋਟ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਰਾਜ ਵਿਧਾਨ ਸਭਾ ਦੀਆਂ ਆਮ ਚੋਣਾ-2022 ਦਾ ਐਲਾਨ ਹੋ ਚੁੱਕਾ ਹੈ। ਇਹ ਚੋਣਾਂ ਮਿਤੀ 12 ਨਵੰਬਰ ਨੂੰ ਹੋਣ ਜਾ ਰਹੀਆਂ ਹਨ । ਇਸ ਦੇ ਸੰਬੰਧ ਵਿੱਚ ਹਿਮਾਚਲ ਪ੍ਰਦੇਸ਼ ਰਾਜ ਦੇ ਜਿਲ੍ਹਾ ਚੰਬਾ ਅਤੇ ਕਾਂਗੜਾ ਦੀਆਂ ਹੱਦਾ ਨਾਲ ਪੰਜਾਬ ਰਾਜ ਦੀ ਸਰਹੱਦ ਨਾਲ ਲੱਗਦੇ ਜਿਲ੍ਹਾ ਪਠਾਨਕੋਟ ਦੇ ਸੀਨੀਅਰ ਪੁਲਿਸ ਕਪਤਾਨ, ਐਕਸਾਈਜ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ ਅਗਾਮੀ ਚੋਣਾਂ-2022 ਨੂੰ ਮੁੱਖ ਰੱਖਦਿਆਂ ਹੋਇਆਂ ਅਡਵਾਂਸ ਵਿੱਚ ਕੀਤੇ ਜਾਣ ਵਾਲੇ ਚੋਣ ਬੰਦੋਬਸਤਾਂ ਦੇ ਸਬੰਧ ਵਿੱਚ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ ਹੈ। ਉਨ੍ਹਾ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿਚਲੀਆਂ ਸਮੁੱਚੀਆਂ ਪ੍ਰਿੰਟਿੰਗ ਪ੍ਰੈੱਸਾਂ ਦੇ ਮਾਲਕਾਂ/ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆਂ ਕਿਸੇ ਵੀ ਕਿਸਮ ਦਾ ਚੋਣ ਮਟੀਰਿਅਲ ਪ੍ਰਿੰਟ ਕਰਨ ਤੋਂ ਪਹਿਲਾਂ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਟਿੰਗ ਕਰਨੀ ਯਕੀਨੀ ਬਣਾਈ ਜਾਵੇ। ਕਿਸੇ ਵੀ ਕਿਸਮ ਦੀ ਕੁਤਾਹੀ ਦੀ ਸੂਰਤ ਵਿੱਚ ਸੰਬੰਧਤ ਖਿਲਾਫ ਚੋਣ ਨਿਯਮਾਂ ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮੰਤਰੀ ਕਟਾਰੂਚੱਕ ਨੇ ਆਦਰਸ਼ ਬਿਰਧ ਆਸ਼ਰਮ 'ਚ ਬਜ਼ੁਰਗਾਂ ਨਾਲ ਮਨਾਇਆ ਦੀਵਾਲੀ ਦਾ ਤਿਉਹਾਰ

ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਕੀਤਾ ਨੇ ਦੌਰਾ ਕੀਤਾ ਤੇ ਆਸ਼ਰਮ ਵਿਚ ਰਹਿ ਰਹੇ ਬਜ਼ੁਰਗਾਂ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ। ਉਹਨਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਤੇਉਹਨਾਂ ਨਾਲ ਦੁੱਖ ਸਾਂਝੇ ਕੀਤੇ। ਉਹਨਾਂ ਨੇ ਬਜ਼ੁਰਗਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਮੈਨੂੰ ਦਿਲੋਂ ਖੁਸ਼ੀ ਮਹਿਸੂਸ ਹੋਈ। ਉਹਨਾਂ ਨੇ ਬਜ਼ੁਰਗਾਂ ਨੂੰ ਕਿਹਾ ਜੋਂ ਕੁੱਝ ਤੁਹਾਡੇ ਨਾਲ ਪਿੱਛੇ ਹੋਇਆ ਹੈ ਤੁਸੀਂ ਸਾਰੇ ਉਸ ਨੂੰ ਰੱਬ ਦਾ ਭਾਣਾ ਮੰਨ ਕੇ ਭੁੱਲ ਜਾਓ ਤੇ ਹੁਣ ਤੁਸੀਂ ਸਾਰੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰੋ ਤੇ ਆਸ਼ਰਮ ਹੀ ਹੁਣ ਤੁਹਾਡਾ ਆਪਣਾ ਘਰ ਹੈ। ਅਸੀਂ ਤੁਹਾਡੇ ਬੱਚੇ ਹਾਂ। ਇੱਥੇ ਹੀ ਤੁਸੀਂ ਸਾਰੇ ਆਪਸ ਵਿੱਚ ਮਿਲ ਕੇ ਹਰ ਤਿਉਹਾਰ ਦਾ ਅਨੰਦ ਮਾਣਿਆ ਕਰੋ।



ਨਾਲ ਹੀ ਮੰਤਰੀ ਸਾਹਿਬ ਜੀ ਨੇ ਆਦਰਸ਼ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਲਈ ਰਾਸ਼ਨ, ਫਲ, ਕੰਬਲ ਤੇ ਮਿਠਾਈਆਂ ਤੇ ਹੋਰ ਵੀ ਕਈ ਪ੍ਰਕਾਰ ਦੀ ਸਮੱਗਰੀ ਵੀ ਭੇਟ ਕੀਤੀ। ਆਸ਼ਰਮ ਪ੍ਰਧਾਨ ਆਰਡੀਨੇਟਰ ਇੰਦਰਜੀਤ ਕੌਰ ਤੇ ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਨੇ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਮੰਤਰੀ ਜੀ ਦਾ ਪੂਰਾ ਪਰਿਵਾਰ ਤੇ ਹੋਰ ਵੀ ਮੁੱਖ ਮਹਿਮਾਨ ਤੇ ਆਸ਼ਰਮ ਦਾ ਸਮੂਹ ਸਟਾਫ ਸਵਿਤਾ, ਕਾਜਲ, ਸੁਨੀਤਾ, ਅੰਜੂ ਬਾਲਾ, ਰਿੰਪੀ, ਤਰਸੇਮ ਲਾਲ, ਰਾਜੇਸ਼ ਕੁਮਾਰ ਆਦਿ ਮੌਜੂਦ ਸਨ।

# ਰੇਵੰਨ ਇੰਟਰਨੈਸ਼ਨਲ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਮਜੀਠਾ (ਸੋਇਮ ਆਨੰਦ) ਰੇਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਹਰੀਆਂ ਰੋਡ ਮਜੀਠਾ ਵਿਖੇ ਦੀਵਾਲੀ ਦੇ ਤਿਉਵਾਰ ਨੂੰ ਮਨਾਉਂਦਿਆਂ ਸਕੂਲ ਵਿਖੇ ਸਮੂਹ ਸਟਾਫ ਤੇ ਬੱਚਿਆਂ ਵੱਲੋਂ ਰੰਗੋਲੀ ਬਣਾਈ ਗਈ । ਇਸ ਮੌਕੇ ਸਕੂਲ ਦੇ ਐਮ ਡੀ ਅਮਰਪ੍ਰੀਤ ਸਿੰਘ ਤੇ ਮੈਡਮ ਗੁਰਪ੍ਰੀਤ ਕੌਰ ਅਤੇ ਪ੍ਰਿਸੀਪਲ ਵਰਿੰਦਰ ਨਈਅਰ ਦੀ ਅਗਵਾਈ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ ਤੇ ਬੱਚਿਆਂ ਨੂੰ ਦੀਵਾਲੀ ਦੇ ਤਿਉਹਾਰ ਸੰਬੰਧੀ ਜਾਣਕਾਰੀ ਦਿੱਤੀ । ਇਸ ਮੌਕੇ ਮੈਡਮ ਗੁਰਪ੍ਰੀਤ ਕੌਰ ਨੇ ਕਿਹਾ ਕਿ ਇਸ ਤਿਉਹਾਰ ਨੂੰ ਸਾਨੂੰ ਸਭਨਾਂ ਨੂੰ ਰਲ ਮਿਲ ਕੇ ਆਪਸੀ ਪ੍ਰੇਮ ਪਿਆਰ ਨਾਲ ਮਨਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਐਮ ਡੀ ਅਮਰਪ੍ਰੀਤ ਸਿੰਘ ਗਿੱਲ ,ਗੁਰਪ੍ਰੀਤ ਕੌਰ ,ਪ੍ਰਿੰਸੀਪਲ ਵਰਿੰਦਰ ਨਈਅਰ, ਅੰਮਿਤ ਸ਼ਰਮਾ, ਰਾਜਵਿੰਦਰ ਕੌਰ ,ਜਸਮੀਤ ਕੌਰ ,ਸਰਨਜੀਤ ਕੌਰ ,ਕਵਲਜੀਤ ਸਿੰਘ , ਮਨਦੀਪ ਕੌਰ , ਪ੍ਰਿਆ ਜੁਲਕਾ, ਪ੍ਰਭਜੋਤ ਕੌਰ, ਲਵਪ੍ਰੀਤ ਕੌਰ ,ਮਨਜੀਤ ਕੌਰ ,ਰਮਨਦੀਪ ਕੌਰ , ਹਰਪ੍ਰੀਤ ਕੌਰ ,ਅਮਨਦੀਪ ਕੌਰ , ਨੀਤੂ ਬਾਲਾ ,ਅਮਨਜੀਤ ਕੌਰ, ਸੋਨਮ, ਸੀਮਾ, ਸੁਮਨਪਰੀਤ ਕੌਰ ਸਮੇਤ ਸਮੂਹ ਅਧਿਆਪਕ ਹਾਜ਼ਰ ਸਨ।



# ਵਿਕਾਸ ਕਾਰਜਾਂ ਨੂੰ ਪੂਰੇ ਕਰਨ 'ਚ ਬਿਨਾਂ ਕਾਰਨ ਦੇਰੀ ਨਾ ਕੀਤੀ ਜਾਵੇ : ਪ੍ਰਮੁੱਖ ਸਕੱਤਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਪੰਜਾਬ ਸਰਕਾਰ ਵਲੋਂ ਜ਼ਿਲ੍ਹੇ ਅੰਦਰ ਜੋ ਵੀ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ, ਉਨਾਂ ਵਿੱਚ ਬਿਨਾ ਕੋਈ ਠੋਸ ਕਾਰਨ ਦੇਰੀ ਨਾ ਕੀਤੀ ਜਾਵੇ ਅਤੇ ਮਿੱਥੇ ਸਮੇਂ ਦੌਰਾਨ ਹੀ ਸਾਰੇ ਕਾਰਜ ਮੁਕੰਮਲ ਹੋਣ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਰਾਮੇਸ਼ ਕੁਮਾਰ ਗੰਟਾ ਪ੍ਰਮੁੱਖ ਸਕੱਤਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ -ਕਮ-ਪ੍ਰਭਾਰੀ ਸਕੱਤਰ ਅੰਮ੍ਰਿਤਸਰ ਵਲੋਂ ਜਿਲ੍ਹੇ ਦੇ ਅਧਿਕਾਰੀਆਂ ਨਾਲ ਵਿਕਾਸ ਕਾਰਜਾਂ ਦੀ ਰੀਵਿਊ ਮੀਟਿੰਗ ਕਰਨ ਉਪਰੰਤ ਕੀਤਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਵਲੋਂ ਜਿਲੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਤੋਂ ਇਲਾਵਾ ਝੋਨੇ ਦੀ ਖਰੀਦ, ਪਰਾਲੀ ਪ੍ਰਬੰਧਨ, ਬਾਓਗੈਸ ਪਲਾਂਟ, ਬੀਆਰਟੀਸੀ ਪ੍ਰੋਜੈਕਟ, ਸਰਕਾਰੀ ਬਿਲਡਿੰਗਾਂ ਤੇ ਸੋਲਰ ਸਿਸਟਮ ਲਗਾਉਣ ਸਬੰਧੀ ਪ੍ਰੋਜੈਕਟ ਅਤੇ ਹੋਰ ਚਲ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਮੁੱਖ ਸਕੱਤਰ ਨੂੰ ਦਿੱਤੀ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੰਟਾ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਮਿਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਵਿਕਾਸ ਕਾਰਜ ਗੁਣਵੱਤਾ ਭਰਪੂਰ ਹੋਣੇ ਚਾਹੀਦੇ ਹਨ। ਉਨਾਂ ਦੱਸਿਆ ਕਿ ਸਰਕਾਰ ਵਲੋਂ ਜੀ 20 ਦੀ ਮੀਟਿੰਗ ਲਈ ਵੀ ਅੰਮਿਤਸਰ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ, ਸੋ ਉਸ ਟੀਚੇ ਦੀ ਪੂਰਤੀ ਲਈ ਕੰਮ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਜੇਕਰ ਕਿਸੇ ਵਿਕਾਸ ਕਾਰਜਾਂ ਵਿੱਚ ਸਮੱਸਿਆ ਪੇਸ਼ ਆਉਂਦੀ ਹੈ ਤਾਂ ਤੁਰੰਤ ਉਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਮੁੱਖ ਮੰਤਰੀ ਦੇ ਧਿਆਨ ਵਿਚ ਲਿਆ ਕੇ ਉਸ ਦਾ ਹੱਲ ਕੀਤਾ ਜਾ ਸਕੇ। ਗੰਟਾ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹਾ ਧਾਰਮਿਕ ਤੇ ਇਤਿਹਾਸਕ ਜ਼ਿਲ੍ਹਾ ਹੋਣ ਕਰਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਰੋਜ਼ਾਨਾ ਇਥੇ ਆਉਂਦੇ ਹਨ। ਉਨਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੈਰੀਟੇਜ ਸਟਰੀਟ ਵਿੱਖੇ ਯਾਤਰੂਆਂ ਦੀ ਸਹੂਲਤ ਲਈ ਨਾਜਾਇਜ਼ ਕਬਜ਼ੇ ਤੁਰੰਤ ਹਟਾਏ ਜਾਣ। ਉਨਾਂ ਪੁਲਸ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਸਨੈਚਿੰਗ 'ਤੇ ਵੀ ਕਾਬੂ ਪਾਇਆ ਜਾਵੇ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਰਣਬੀਰ ਸਿੰਘ ਮੂਧਲ, ਏ ਡੀ ਸੀ ਸ਼ਹਿਰੀ ਵਿਕਾਸ ਸ੍ਰੀਮਤੀ ਅਮਨਦੀਪ ਕੌਰ, ਸਹਾਇਕ ਕਮਿਸ਼ਨਰ ਜਨਰਲ ਮੈਡਮ ਗੁਰਸਿਮਰਨ ਕੌਰ, ਸਹਾਇਕ ਕਮਿਸ਼ਨਰ ਸ਼ਿਕਾਇਤਾਂ ਸ੍ਰੀ ਸਚਿਨ ਪਾਠਕ, ਐਸ.ਡੀ.ਐਮਜ਼ ਅੰਮ੍ਰਿਤਸਰ-1 ਮਨਕੰਵਲ ਸਿੰਘ, ਅਜਨਾਲਾ ਰਾਜੇਸ਼ ਸ਼ਰਮਾ, ਐਸ ਪੀ ਹਰਜੀਤ ਸਿੰਘ ਧਾਲੀਵਾਲ, ਸਿਵਲ ਸਰਜਨ ਡਾ. ਚਰਨਜੀਤ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਮਨਦੀਪ ਸਿੰਘ, .ਐਸ.ਪੀ. ਹੈਡਕੁਆਟਰ ਸ੍ਰੀਮਤੀ ਜਸਵੰਤ ਕੌਰ, ਜ਼ਿਲ੍ਹਾ ਮਾਲ ਅਫ਼ਸਰ ਸੰਜੀਵ ਸ਼ਰਮਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੰਦੀਪ ਕੁਮਾਰ, ਐਕਸੀਅਨ ਵਾਟਰ ਸਪਲਾਈ ਪੰਕਜ ਜੈਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਟਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਬੰਡਾਲਾ ਸਕੂਲ 'ਚ ਸੈਮੀਨਾਰ

**ਟਾਂਗਰਾ( ਲਾਡੀ ਮੱਲ੍ਹੀ)** -ਐਕਸੀਡੈਂਟਾਂ ਨਾਲ ਜਾ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਅੱਜ ਪੁਲਸ ਜਿਲਾ ਅੰਮ੍ਰਿਤਸਰ ਦਿਹਾਤੀ ਦੇ ਟਰੈਫਿਕ ਐਜੂਕੇਸ਼ਨ ਸੈਲ ਨੇ ਸ਼ਹੀਦ ਜਸਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਡਾਲਾ ਥਾਣਾ ਜੰਡਿਆਲਾ ਗੁਰੂ ( ਹਲਕਾ ਜੰਡਿਆਲਾ) ਵਿਖੇ ਐਸ ਐਸ ਪੀ ਸਵੱਪਨ ਸ਼ਰਮਾ ਆਈ ਪੀ ਐਸ ਅਤੇ ਐਸ ਪੀ ਹੈਡ ਕੁਆਟਰ ਜਸਵੰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਏ ਐਸ ਆਈ ਕਮਲ ਜੀਤ, ਏ ਐਸ ਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ ਕਿ ਬਿਨਾਂ ਲਾਈਸੈਂਸ ਕੋਈ ਵੀ ਵਹੀਕਲ ਨਾ ਚਲਾਉ ,ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਜ਼ਰੂਰ ਪਾਉ, ਫੋਰਵੀਲਰ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਉ, ਡਰਾਇਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸੰਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾ ਹੋ ਸਕੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂ ਕਰਵਾਇਆ । ਸਕੂਲ ਆਉਦੇ ਜਾਂਦੇ ਸਮੇਂ ਰਸਤੇ ਵਿੱਚ ਕਿਸੇ ਅਨਜਾਣ ਵਿਅਕਤੀ ਕੋਲੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ ਬਾਰੇ ਵੀ ਪ੍ਰੇਰਿਤ ਕੀਤਾ ਅਤੇ ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵਧ ਰਹੇ ਨਸ਼ੇ, ਕਰਾਇਮ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਦੀਪ ਇੰਦਰ ਪਾਲ ਸਿੰਘ ਅਤੇ ਹੋਰ ਅਧਿਆਪਕ ਵੀ ਹਾਜ਼ਰ ਸਨ



# ਸਿੱਖਿਆ ਬੋਰਡ ਦੇ ਵਾਰੇ ਨਿਆਰੇ ਦੋ ਸਾਲਾਂ ਦੇ ਵਿਦਿਆਰਥੀ ਨੇ ਕੀਤੀ ਦਸਵੀਂ ਪਾਸ

**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਜਿਥੇ ਸੂਬਾ ਸਰਕਾਰ ਵੱਲੋਂ ਸਿੱਖਿਆ ਸੁਧਾਰਾਂ ਨੂੰ ਲੈ ਕੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਉਥੇ ਸਿੱਖਿਆ ਵਿਭਾਗ ਆਪਣੀਆਂ ਅਣਗਹਿਲੀਆਂ ਕਾਰਨ ਆਏ ਦਿਨ ਸੁਰਖੀਆਂ ਵਿਚ ਰਹਿੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਣਗਹਿਲੀ ਕਾਰਨ ਬੱਚੇ ਦਾ ਭਵਿੱਖ ਖਤਰੇ ਵਿਚ ਦਿਖਾਈ ਦੇ ਰਿਹਾ ਹੈ। ਸਕੂਲ ਇਸ ਮਾਮਲੇ ਨੂੰ ਸੁਲਝਾਉਣ ਦੀ ਬਜਾਏ ਲਟਕਾਉਣ 'ਚ ਲੱਗਾ ਹੋਇਆ ਹੈ। ਗੁਰਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਝੁਗੀਆਂ ਕਾਲੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਸ ਦੀ ਸਹੀ ਜਨਮ ਮਿਤੀ 20-12-2003 ਹੈ ਮਾਰਚ 2019 ਵਿਚ ਦਸਵੀਂ ਕਲਾਸ ਦੇ ਪੇਪਰ ਦਿੱਤ, ਰੋਲ ਨੰਬਰ ਸਲਿੱਪ 'ਤੇ ਜਨਮ ਮਿਤੀ ਗਲਤ ਸੀ, ਜਿਸ ਬਾਰੇ ਕਲਾਸ ਇੰਚਾਰਜ ਚੰਦਨ ਕੁਮਾਰ ਨੂੰ ਦੱਸਿਆ ਤਾਂ ਕਲਾਸ ਇੰਚਾਰਜ ਨੇ ਆਖਿਆ ਕਿ ਸਰਟੀਫਿਕੇਟ 'ਤੇ ਸਹੀ ਆਵੇਗੀ। ਦਸਵੀਂ ਪਾਸ ਸਰਟੀਫਿਕੇਟ 'ਤੇ ਜਨਮ ਮਿਤੀ 20-12-2017 ਲਿਖੀ ਗਈ । ਸਰਟੀਫਿਕੇਟ 'ਤੇ ਜਨਮ ਮਿਤੀ ਦੀ ਦਰੁਸਤੀ ਕਰਵਾਉਣ ਲਈ ਬੀਤੇ ਤਿੰਨ ਸਾਲਾਂ ਤੋਂ ਸਕੂਲ ਤੇ ਸਿੱਖਿਆ ਬੋਰਡ ਚੰਡੀਗੜ੍ਹ ਦੇ ਚੱਕਰ ਕੱਟ ਕੇ ਅੱਕ ਚੁੱਕੇ ਹਨ। ਦਫਤਰਾਂ 'ਚ ਧੂੜ ਫੱਕਣ ਤੋਂ ਸਿਵਾਏ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਨਾ ਸਕੂਲ ਦੇ ਅਧਿਆਪਕ ਤੇ ਨਾ ਹੀ ਸਿੱਖਿਆ ਬੋਰਡ ਮੋਹਾਲੀ ਉਹਨਾਂ ਦੇ ਸਰਟੀਫਿਕੇਟ 'ਤੇ ਦਰੁਸਤੀ ਕਰਨ ਨੂੰ ਤਿਆਰ ਹੈ। ਹਰ ਰੋਜਜ਼ ਖੱਜਲ ਖੁਆਰੀ ਕਰਕੇ ਉਸ ਦੀ ਜ਼ਿੰਦਗੀ ਦੀ ਮਿਹਨਤ ਦਾਅ 'ਤੇ ਲੱਗੀ ਹੋਈ ਹੈ। ਉਹਨਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਹਨਾਂ ਨੂੰ ਇਨਸਾਫ ਦਿਵਾਇਆ ਜਾਵੇ। ਜਦੋਂ ਇਸ ਮਾਮਲੇ ਸੰਬੰਧੀ ਪ੍ਰਿੰਸੀਪਲ ਸੁਰਿੰਦਰ ਕੁਮਾਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਫੋਨ ਚੁੱਕਣਾ ਜ਼ਰੂਰੀ ਨਹੀਂ ਸਮਝਿਆ। ਜਦੋਂ ਕਲਾਸ ਇੰਚਾਰਜ ਚੰਦਨ ਕੁਮਾਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਸ ਵੱਲੋਂ ਗੁਰਪ੍ਰੀਤ ਸਿੰਘ ਦੇ ਸਰਟੀਫਿਕੇਟ ਦੇ ਜਨਮ ਮਿਤੀ ਦੀ ਦਰੁਸਤੀ ਕਰਵਾਉਣ ਲਈ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਜਦੋਂ ਇਸ ਮਾਮਲੇ ਸੰਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਬਚਨ ਸਿੰਘ ਲਾਲੀ ਨਾਲ ਫੋਨ 'ਤੇ ਪੱਖ ਜਾਣਨਾ ਚਾਹਿਆ ਤਾਂ ਉਨ੍ਹਾਂ ਆਪਣੇ ਵਿਭਾਗ ਪੱਖ ਪੂਰਦੇ ਹੋਏ ਆਪਣਾ ਪੱਲਾ ਝਾੜਦਿਆਂ ਕਿਹਾ ਕਿ ਸਕੂਲ ਦੀ ਜ਼ੁੰਮੇਵਾਰੀ ਆ, ਅਸੀਂ ਇਸ ਮਾਮਲੇ ਵਿਚ ਕੁਝ ਨਹੀਂ ਕਹਿਣਾ ਚਾਹੁੰਦੇ ,ਸਾਡੇ ਪਾਸ ਸਿਰਫ ਦਫਤਰੀ ਰਿਕਾਰਡ ਤੋਂ ਇਲਾਵਾ ਜ਼ਿਲ੍ਹੇ ਅੰਦਰ ਸਕੂਲਾਂ ਦੇ ਰਿਕਾਰਡ ਸੰਬੰਧੀ ਕੋਈ ਜਾਣਕਾਰੀ ਨਹੀਂ ਹੈ ।



# ਮੰਡੀਆਂ 'ਚ 686810 ਮੀਟਰਕ ਟਨ ਝੋਨੇ ਦੀ ਹੋਈ ਆਮਦ : ਡੀ ਐੱਫ ਐੱਸ ਸੀ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਜ਼ਿਲ੍ਹਾ ਅੰਮ੍ਰਿਤਸਰ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਅਤੇ ਖਰੀਦ ਪ੍ਰਕਿਰਿਆ ਵਿਚ ਕਾਫੀ ਤੇਜ਼ੀ ਆ ਗਈ ਹੈ ਅਤੇ ਬੀਤੀ ਸ਼ਾਮ ਤੱਕ ਮੰਡੀਆਂ ਵਿਚ 686810 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ ਵੱਖ ਵੱਖ ਏਜੰਸੀਆਂ ਵੱਲੋਂ ਹੁਣ ਤੱਕ 79 ਫੀਸਦੀ ਦੇ ਕਰੀਬ 686586 ਮੀਟਰਿਕ ਟਨ ਦੀ ਖਰੀਦ ਕਰਕੇ ਕਿਸਾਨਾਂ ਨੂੰ 480.38 ਕਰੋੜ ਰੁਪਏ ਦੀ ਅਦਾਇਗੀ ਵੀ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੈਡਮ ਸੰਯੋਗਤਾ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਨੇ ਦੱਸਿਆ ਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਲਈ ਬਾਰਦਾਨੇ ਦੀ ਕੋਈ ਕਮੀ ਨਹੀਂ ਹੈ ਅਤੇ ਸਾਰੀਆਂ ਖਰੀਦ ਏਜੰਸੀਆਂ ਵਲੋ ਨਿਰਵਿਘਨ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ।

ਸ੍ਰੀ ਮਹਿਰਾ ਨੇ ਦੱਸਿਆ ਕਿ ਪਨਗਰੇਨ ਏਜੰਸੀ ਵੱਲੋਂ 115274 ਮੀਟਰਿਕ ਟਨ, ਮਾਰਕਫੈਡ ਏਜੰਸੀ ਵਲੋਂ 90001 ਮੀਟਰਿਕ ਟਨ, ਪਨਸਪ ਏਜੰਸੀ ਵਲੋਂ 60451 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 44688 ਮੀਟਰਿਕ ਟਨ, ਐਫ.ਸੀ.ਆਈ ਏਜੰਸੀ ਵੱਲੋਂ 20703 ਮੀਟਰਿਕ ਟਨ ਅਤੇ ਟਰੇਡਰਜ਼ ਵੱਲੋਂ 355469 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਮੈਡਮ ਸੰਯੋਗਤਾ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ 645.73 ਕਰੋੜ ਰੁਪਏ ਵਿਚੋਂ 480.38 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ, ਜੋ ਕਿ ਲਗਭਗ 75 ਫੀਸਦੀ ਬਣਦੀ ਹੈ। ਉਨਾਂ ਕਿਹਾ ਕਿ ਕਿਸਾਨਾਂ ਨੂੰ ਉਨਾਂ ਦੀ ਅਦਾਇਗੀ ਦਿਨਾਂ ਵਿੱਚ ਹੀ ਨਹੀਂ ਬਲਕਿ ਝੋਨੇ ਦੀ ਖਰੀਦ ਤੋਂ ਬਾਅਦ ਕੁਝ ਘੰਟਿਆਂ ਅੰਦਰ ਹੀ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਤੀਸਰੇ ਵਰਗ ਵਿੱਚ 10 ਕਿਲੋਮੀਟਰ ਦੌੜ ਹੋਵੇਗੀ ਅਤੇ ਇਸ ਵਿੱਚ ਵੀ 40 ਸਾਲ ਤੋਂ ਵੱਧ ਅਤੇ ਘੱਟ ਦੋਨੋਂ ਉਮਰ ਦੇ ਮਹਿਲਾ ਪੁਰਸ਼ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਦੌੜ ਸਵੇਰੇ 6.30 ਵਜੇ ਪਿੰਡ ਲਹੌਰੀ ਮੱਲ ਤੋਂ ਸ਼ੁਰੂ ਹੋਵੇਗੀ ਅਤੇ ਸਾਰੇ ਭਾਗ ਲੈਣ ਵਾਲਿਆਂ ਨੂੰ ਇੱਕ ਘੰਟਾ ਪਹਿਲਾਂ ਪਹੁੰਚਣਾ ਹੋਵੇਗਾ। ਇਸ ਦੌੜ ਵਿੱਚ ਜੇਤੂ ਰਹਿਣ ਵਾਲਿਆਂ ਨੂੰ ਜੋ ਪਹਿਲੇ ਨੰਬਰ 'ਤੇ ਆਵੇਗਾ ਉਸ ਨੂੰ 25 ਹਜ਼ਾਰ ਰੁਪਏ ਨਕਦ ਇਨਾਮ, ਦੂਸਰੇ ਨੰਬਰ 'ਤੇ ਆਉਣ ਵਾਲੇ ਨੂੰ 15 ਹਜ਼ਾਰ, ਤੀਸਰੇ ਨੰਬਰ 'ਤੇ ਆਉਣ ਵਾਲੇ ਨੂੰ 10 ਹਜ਼ਾਰ, ਚੌਥਾ ਨੰਬਰ ਪ੍ਰਾਪਤ ਕਰਨ ਵਾਲੇ ਨੂੰ ਅਤੇ ਪੰਜਵਾਂ ਸਥਾਨ ਪ੍ਰਾਪਤ ਕਰਨ ਵਾਲੇ ਨੂੰ 5-5 ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸਨ ਲਈ ਭਾਗ ਲੈਣ ਵਾਲੇ ਮਹਿਲਾ ਪੁਰਸ਼ ਤੋਂ ਆਪਣਾ ਅਧਾਰ ਕਾਰਡ ਜਾਂ ਕੋਈ ਹੋਰ ਪਹਿਚਾਣ ਪੱਤਰ ਹੋਣਾ ਲਾਜ਼ਮੀ ਹੈ।

# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਨੇ ਲਗਾਏ ਐਜੂਕੇਸ਼ਨ ਟੂਰ

**ਤਰਨਤਾਰਨ, ਸਰਹਾਲੀ ਕਲਾਂ (ਸਾਗਰਦੀਪ ਸਿੰਘ ਅਰੋੜਾ, ਹਰਪ੍ਰੀਤ ਸਿੰਘ ਚੰਬਾ )** ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਦੇ ਡਾਇਰੈਕਟਰ ਸਤੀਸ਼ ਕੁਮਾਰ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਜੋ ਕਿ ਸੰਪਰਦਾਇ ਕਾਰਸੇਵਾ ਸੰਤ ਬਾਬਾ ਤਾਰਾ ਸਿੰਘ ਸਰਹਾਲੀ ਸਾਹਿਬ ਦੇ ਵਰਤਮਾਨ ਮੁਖੀ ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਅਤੇ ਸੁਚੱਜੀ ਅਗਵਾਈ ਹੇਠ ਚੱਲ ਰਿਹਾ ਹੈ ਅਤੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਇਸ ਹਫਤੇ ਸਕੂਲ ਦੁਆਰਾ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਲਈ ਅਲੱਗ ਅਲੱਗ ਐਜੂਕੇਸ਼ਨਲ ਟੂਰਾਂ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਪਹਿਲਾ ਟੂਰ ਦੂਸਰੀ ਜਮਾਤ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਟਾਫ਼ ਦੀ ਨਿਗਰਾਨੀ ਹੇਠ ਫਨ ਇੰਜਲੈਂਡ ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਗਏ। ਜਿੱਥੇ ਬੱਚਿਆਂ ਲਈ ਥੀਏਟਰ ਮੂਵੀ, 3-ਡੀ ਐਨੀਮੇਸ਼ਨ, ਝੂਲੇ ,ਰਾਈਡਜ਼, ਵਾਟਰ ਪਾਰਕ ਆਦਿ ਦਾ ਅਨੰਦ ਮਾਣਿਆ। ਸਕੂਲ ਦਾ ਦੂਸਰਾ ਟੂਰ ਨੌਵੀਂ ਤੋਂ ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਦਾ ਵੰਡਰਲੈਂਡ ਅਮਿਊਜ਼ਮੈਂਟ ਜਲੰਧਰ ਵਿਖੇ ਗਿਆ। ਜਿੱਥੇ ਬੱਚਿਆਂ ਨੇ ਲੇਜ਼ਰ ਸ਼ੋਅ, ਵਾਟਰਫਾਲ , ਵਾਟਰ ਪਾਰਕ, ਮਿੰਨੀ ਟਰੇਨ , ਝੂਲਿਆਂ ਦੀ ਹੈਵੀ ਰਾਈਡਸ ,ਬੋਟਿੰਗ ਆਦਿ ਦਾ ਵੀ ਅਨੰਦ ਮਾਣਿਆ। ਇਸ ਤਰ੍ਹਾਂ ਤੀਸਰਾ ਟੂਰ ਯੋਗੇਸ਼ ਕੁਮਾਰ (ਐਕਟਿੰਗ ਪ੍ਰਿੰਸੀਪਲ ) ਦੀ ਨਿਗਰਾਨੀ ਹੇਠ ਬੰਬੇ ਪਿਕਨਿਕ ਸਪੌਟ ਹਿਮਾਚਲ ਪ੍ਰਦੇਸ਼ ਵਿਖੇ ਪਹਾੜਾਂ ਦੇ ਕੁਦਰਤੀ ਨਜ਼ਾਰਿਆਂ ਦੇ ਸੁਮੇਲ 'ਚ ਵਾਟਰਫਾਲ ,ਬੋਟਿੰਗ, ਚਿੱਤਰ ਕਲਾਵਾਂ ਦਾ ਬੱਚਿਆਂ ਨੇ ਖੂਬ ਆਨੰਦ ਮਾਣਿਆ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਪੜ੍ਹਾਈ ਤੋਂ ਕੁਝ ਪਲ ਰਾਹਤ ਦੇਣ ਦੇ ਅਨੁਭਵ ਨਾਲ ਇਹ ਟੂਰ ਪ੍ਰੋਗਰਾਮ ਬਣਾਏ ਗਏ। ਇਸ ਮੌਕੇ ਸਮੂਹ ਸਟਾਫ ਤੋਂ ਇਲਾਵਾ ਰਾਜਵਿੰਦਰ ਕੌਰ , ਮੈਡਮ ਗੁਰਕਮਲਪ੍ਰੀਤ ਕੌਰ, ਮੈਡਮ ਮੀਨਾ ਕੁਮਾਰੀ ,ਪ੍ਰਭਜੀਤ ਸਿੰਘ , ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ



# ਨੈਸ਼ਨਲ ਹਾਈਵੇ ਦੇ ਕੰਮਾਂ 'ਚ ਲਿਆਂਦੀ ਜਾਵੇ ਤੇਜ਼ੀ : ਈ ਟੀ ਓ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)** ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਸੜਕਾਂ ਦਾ ਜਾਲ ਵਿਛਿਆ ਹੋਣਾ ਚਾਹੀਦਾ ਹੈ ਤਾਂ ਜੋ ਸੂਬਿਆਂ ਦਾ ਇਕ ਦੂਜੇ ਨਾਲ ਸੜਕੀ ਰਾਬਤਾ ਕਾਇਮ ਹੋ ਸਕੇ ਅਤੇ ਵਪਾਰ ਵਿੱਚ ਵਾਧਾ ਹੋ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈ:ਟੀ:ਓ ਲੋਕ ਨਿਰਮਾਣ ਵਿਭਾਗ ਮੰਤਰੀ ਪੰਜਾਬ ਨੇ ਅੱਜ ਦਿੱਲੀ-ਕਟੜਾ ਐਕਸਪ੍ਰੈਸ ਵੇਅ ਨੂੰ ਲੈ ਕੇ ਨੈਸ਼ਨਲ ਪ੍ਰਾਜੈਕਟ ਹਾਈਵੇ ਦੇ ਅਧਿਕਾਰੀਆਂ, ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਈ:ਟੀ:ਓ ਨੇ ਕਿਹਾ ਕਿ ਸੂਬੇ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਸੂਬੇ ਦਾ ਵਿਕਾਸ ਉਥੇ ਦੇ ਸੜਕੀ ਜਾਲ ਨੂੰ ਵੇਖ ਕੇ ਹੀ ਲਗਾਇਆ ਜਾ ਸਕਦਾ ਹੈ। ਸ੍ਰ ਈ:ਟੀ:ਓ ਨੇ ਸਮੂਹ ਐਸ:ਡੀ:ਐਮਜ਼ ਨੂੰ ਹਦਾਇਤ ਕਰਦਿਆਂ ਕਿਸੇ ਜ਼ਮੀਨ ਦੀ ਮਾਲਕੀ ਦਾ ਮੁਆਵਜ਼ਾ ਦੇਣ ਵਿੱਚ ਦੇਰ ਨਹੀਂ ਹੋਣੀ ਚਾਹੀਦੀ ਅਤੇ ਸਬੰਧਤ ਮਾਲਕਾਂ ਨੂੰ ਸਰਕਾਰ ਵੱਲੋਂ ਜੋ ਮੁਆਵਜ਼ਾ ਨਿਰਧਾਰਤ ਕੀਤਾ ਗਿਆ ਹੈ ਉਹੀ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੈਂਡਿੰਗ ਕੇਸਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਭੂਮੀ ਨੂੰ ਐਕਵਾਇਰ ਕਰਕੇ ਪ੍ਰਾਜੈਕਟ ਦਾ ਕੰਮ ਜਲਦੀ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਨੇ ਮੀਟਿੰਗ ਵਿੱਚ ਹਾਜ਼ਰ ਨੈਸ਼ਨਲ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਨੂੰ ਕਿਹਾ ਕਿ ਜਿਨ੍ਹਾਂ ਸਥਾਨਾਂ ਤੇ ਜਿਆਦਾ ਦੁਰਘਟਨਾਵਾਂ ਹੁੰਦੀਆਂ ਹਨ ਦੇ ਬਲਾਕ ਸਪਾਟਾਂ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਜੋ ਦੁਰਘਟਨਾਵਾਂ ਤੋਂ ਬਚਾਅ ਹੋ ਸਕੇ । ਈ:ਟੀ:ਓ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਜ਼ਮੀਨ ਦੇ ਮਾਲਕੀ ਰੇਟ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਗਲਤੀ ਹੈ ਤਾਂ ਉਹ ਆਰਬੀਟਰੇਟਰ ਕੋਲ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਤ ਕੀਤੇ ਪੈਸੇ ਹੀ ਸਬੰਧਤ ਮਾਲਕਾਂ ਨੂੰ ਦਿੱਤੇ ਜਾ ਰਹੇ ਹਨ। ਈ:ਟੀ:ਓ ਨੇ ਨੈਸ਼ਨਲ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਤਰਨਤਾਰਨ ਵਿਖੇ ਵੀ ਆਪਣਾ ਦਫਤਰ ਖੋਲ੍ਹਣ ਤਾਂ ਜੋ ਤਰਨਤਾਰਨ ਦੇ ਲੋਕ ਆਪਣੀ ਕਿਸੇ ਵੀ ਸਮੱਸਿਆ ਲਈ ਉਥੇ ਹੀ ਸੰਪਰਕ ਕਰ ਸਕਣ। ਇਸ ਮੌਕੇ ਹਰਪ੍ਰੀਤ ਸਿੰਘ ਐਸ:ਡੀ:ਐਮ ਅੰਮ੍ਰਿਤਸਰ-2, ਅਲਕਾ ਕਾਲੀਆ, ਐਸ:ਡੀ:ਐਮ ਬਾਬਾ ਬਕਾਲਾ, ਮਨਕੰਵਲ ਸਿੰਘ ਐਸ:ਡੀ:ਐਮ ਅੰਮ੍ਰਿਤਸਰ-1, ਦੀਪਕ ਭਾਟੀਆ ਐਸ:ਡੀ:ਐਮ ਖਡੂਰ ਸਾਹਿਬ, ਰਜਨੀਸ਼ ਅਰੋੜਾ ਐਸ:ਡੀ:ਐਮ ਤਰਨਤਾਰਨ, ਮੈਡਮ ਅਮਨਦੀਪ ਕੌਰ ਐਸ:ਡੀ:ਐਮ ਗੁਰਦਾਸਪੁਰ, ਰਾਜੇਸ਼ ਗੁਲਾਟੀ ਜਿਲ੍ਹਾ ਜੰਗਲਾਤ ਅਫਸਰ, ਇੰਦਰਜੀਤ ਸਿੰਘ ਐਸ:ਈ ਨੈਸ਼ਨਲ ਹਾਈਵੇ ਡਵੀਜ਼ਨ, ਨਿਰਮਲ ਸਿੰਘ ਨਾਇਬ ਤਹਿਸੀਲਦਾਰ ਸ੍ਰੀ ਹਰਗੋਬਿੰਦਪੁਰਾ, ਗੁਰਮੀਤ ਸਿੰਘ ਡੀ:ਆਰ:ਓ ਗੁਰਦਾਸਪੁਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਕਾਮਰੇਡ ਧੀਰ ਸਿੰਘ 'ਤੇ ਹੋਏ ਹਮਲੇ ਦੀ ਪੁਰਜ਼ੋਰ ਨਿੰਦਾ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ, ਸੂਬਾ ਸਕੱਤਰ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਪਿਛਲੇ ਦਿਨੀਂ ਸੂਬਾ ਕਮੇਟੀ ਮੈਂਬਰ ਕਾਮਰੇਡ ਧੀਰ ਸਿੰਘ ਚਿਤਰੋਰਾਜ, ਜਿਸ ਦਾ ਪਿਛਲੇ ਦਿਨੀਂ ਪਿੰਡ ਦਾ ਡਿਪੂ ਹੋਲਡਰ, ਜੋ ਲੋਕਾਂ ਨੂੰ ਘੱਟ ਕਣਕ ਵੰਡ ਰਿਹਾ ਸੀ, ਉਸ ਦੇ ਖਿਲਾਫ ਮੋਰਚਾ ਲਾਇਆ ਸੀ, ਜਿਸ ਨੇ ਆਪਣੇ ਗੁੰਡਿਆਂ ਕੋਲੋਂ ਰਾਮ ਸਿੰਘ 'ਤੇ ਜਾਨਲੇਵਾ ਹਮਲਾ ਕਰਾਇਆ ਸੀ। ਇਸ ਨਾਲ ਉਹਨਾ ਨੂੰ ਗੰਭੀਰ ਸੱਟਾਂ ਲੱਗੀਆਂ, ਜੋ ਜ਼ੇਰੇ ਇਲਾਜ ਸਰਕਾਰੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਦਾਖਲ ਹਨ। ਇਸ ਮੰਦਭਾਗੀ ਘਟਨਾ ਦੀ ਜਥੇਬੰਦੀ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਅਤੇ ਸੂਬਾ ਸਕੱਤਰ ਜਸਬੀਰ ਸਿੰਘ ਝਬਾਲ ਨੇ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਸ਼ਾਸਨ ਕੋਲੋਂ ਗੁੰਡਿਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।



# ਪਿੰਡ ਝੁਗੀਆਂ ਕਾਲੂ 'ਚ ਨਵੀਂ ਕਮੇਟੀ ਗਠਿਤ

**ਪੱਟੀ, (ਬਲਦੇਵ ਸਿੰਘ ਸੰਧੂ /ਸਮਸੇਰ ਸਿੰਘ ਯੋਧਾ)** - ਅੱਜ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਮੀਟਿੰਗ ਝੁਗੀਆਂ ਕਾਲੂ ਗੁਰਦਵਾਰਾ ਸਾਹਿਬ ਵਿਖੇ ਮੁਖਤਿਆਰ ਸਿੰਘ ਬਲੀ ਸਿੰਘ, ਤਲਵੰਡੀ, ਕੁਲਵੰਤ ਸਿੰਘ ਗੁਰਦੇਵ ਸਿੰਘ ਤਲਵੰਡੀ ਬੁੱਧ ਸਿੰਘ ਦੀ ਅਗਵਾਈ ਹੇਠ ਹੋਈ । ਮੀਟਿੰਗ 'ਚ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਇਕਾਈ ਅੰਦਰ ਪ੍ਰਧਾਨ ਜਗਤਾਰ ਸਿੰਘ, ਜਿੰਦਰ ਸਿੰਘ ਮੀਤ ਪ੍ਰਧਾਨ ਹਰਦੇਵ ਸਿੰਘ, ਸੁਖਬੀਰ ਸਿੰਘ ਵਿਤ ਸਕੱਤਰ, ਉਮਰਾਉ ਸਿੰਘ, ਜਗਮੇਲ ਸਿੰਘ, ਗੁਰਜੰਟ ਸਿੰਘ, ਗੁਰਦੇਵ ਸਿੰਘ ਸਤਨਾਮ ਸਿੰਘ, ਗੁਰਵੰਤ ਸਿੰਘ, ਜੋਗਿੰਦਰ ਸਿੰਘ, ਆਕਾਸ਼ ਆਦਿ 60 ਮੈਂਬਰਾਂ ਦੀ ਚੋਣ ਕੀਤੀ ਗਈ। ਜਥੇਬੰਦੀ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਦੀਆਂ ਕੋਝੀਆਂ ਨੀਤੀਆਂ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ। ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਕਿਸਾਨ ਮਜ਼ਦੂਰ ਨੂੰ ਘੱਟ ਭਾਅ ਮਿਲਣ ਕਰਕੇ ਮਹਿੰਗਾਈ ਸਿਖਰਾਂ 'ਤੇ ਹੋਣ ਕਰਕੇ ਕਰਜ਼ੇ ਤੋਂ ਮੁਕਤ ਕੀਤਾ ਜਾਵੇ। ਐਮ ਐਸ ਪੀ ਡਾਕਟਰ ਸੁਆਮੀਨਾਥਨ ਦੀ ਰਿਪੋਰਟ ਮੁਤਾਬਕ ਦਿੱਤੀ ਜਾਵੇ, 2022 ਬਿਜਲੀ ਸੋਧ ਬਿੱਲ ਖਤਮ ਕੀਤਾ ਜਾਵੇ। ਪਰਾਲੀ ਆਦਿ ਰਹਿੰਦ ਖੂੰਹਦ ਸੰਭਾਲਣ ਵਾਸਤੇ ਛੇ ਹਜਾਰ ਰੁਪੈ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਮੀਟਿੰਗ ਵਿੱਚ ਸੰਬੋਧਨ ਕਰਨ ਵਾਲਿਆਂ ਚ ਹਰਦੀਪ ਸਿੰਘ ਜਰਨੈਲ ਸਿੰਘ ਆਦਿ ਹਾਜ਼ਰ ਸਨ।



# ਜ਼ਿਲ੍ਹੇ ਦੀਆਂ ਇਤਿਹਾਸਕ ਥਾਵਾਂ ਦੀ ਦੇਖਭਾਲ ਵੱਲ ਉਚੇਚਾ ਧਿਆਨ ਦਿੱਤਾ ਜਾਵੇਗਾ : ਡਿਪਟੀ ਕਮਿਸ਼ਨਰ

**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਸਾਰੀਆਂ ਇਤਿਹਾਸਕ ਮਹੱਤਤਾ ਵਾਲੀਆਂ ਥਾਵਾਂ ਦੀ ਦੇਖ-ਭਾਲ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਤਾਂ ਜੋ ਜ਼ਿਲ੍ਹੇ ਦੀ ਅਮੀਰ ਧਾਰਮਿਕ ਅਤੇ ਇਤਿਹਾਸਕ ਵਿਰਾਸਤ ਨੂੰ ਦੁਨੀਆਂ ਦੇ ਸਾਹਮਣੇ ਉਜਾਗਰ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਆਪਣੇ ਦਫ਼ਤਰ ਵਿੱਚ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਮੈਂਬਰਾਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਾਪਰੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਅਤੇ ਹੋਰ ਪ੍ਰਮੁੱਖ ਦਿਹਾੜਿਆਂ ਨੂੰ ਮਨਾਉਣ ਲਈ ਇੱਕ ਕੈਲੰਡਰ ਤਿਆਰ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਉਸ ਮੁਤਾਬਕ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਣਗੇ। ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਨਵੰਬਰ ਮਹੀਨੇ ਵਿੱਚ ਬਟਾਲਾ ਸ਼ਹਿਰ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਲਾਨੌਰ ਸਥਿਤ ਤਖ਼ਤ-ਏ-ਅਕਬਰੀ ਨੂੰ ਜਾਂਦੇ ਰਸਤੇ ਨੂੰ ਚੌੜਾ ਕੀਤਾ ਜਾਵੇਗਾ ਤਾਂ ਜੋ ਯਾਤਰੂ ਅਸਾਨੀ ਨਾਲ ਇਸ ਇਤਿਹਾਸਕ ਸਥਾਨ ਤੱਕ ਪਹੁੰਚ ਸਕਣ।

ਇਸੇ ਤਰਾਂ ਗੁਰਦਾਸਪੁਰ ਤੋਂ ਕੇਸ਼ੋਪੁਰ ਤੱਕ ਸੜਕ ਨੂੰ ਵੀ ਚੌੜਿਆਂ ਕਰਨ ਦੀ ਤਜਵੀਜ ਰਾਜ ਸਰਕਾਰ ਨੂੰ ਭੇਜੀ ਗਈ ਹੈ। ਇਸ ਦੌਰਾਨ ਸ੍ਰੀ ਹਰਗੋਬਿੰਦਪੁਰ, ਡੇਰਾ ਬਾਬਾ ਨਾਨਕ, ਦੀਨਾਨਗਰ, ਫ਼ਤਹਿਗੜ੍ਹ ਚੂੜੀਆਂ, ਬਟਾਲਾ ਸਮੇਤ ਹੋਰ ਸ਼ਹਿਰਾਂ ਦੇ ਇਤਿਹਾਸਕ ਸਥਾਨਾਂ ਦੀ ਸਾਂਭ-ਸੰਭਾਲ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ, ਕਾਹਨੂੰਵਾਨ ਛੰਭ ਦੇ ਰੱਖ-ਰਖਾਵ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮਾਰਕ ਵਿੱਚ ਇੱਕ ਸ਼ਹੀਦੀ ਗੈਲਰੀ ਸਥਾਪਤ ਕੀਤੀ ਜਾ ਰਹੀ ਹੈ, ਜਿਸ ਵਿੱਚ ਛੋਟਾ ਘੱਲੂਘਾਰਾ ਦੀ ਘਟਨਾ ਨਾਲ ਸੰਬੰਧਤ ਚਿੱਤਰ ਲਗਾਏ ਜਾਣਗੇ। ਇਸ ਤੋਂ ਇਲਾਵਾ ਇਥੇ ਇੱਕ ਵਿਸ਼ੇਸ਼ ਗੈਲਰੀ ਜ਼ਿਲ੍ਹਾ ਗੁਰਦਾਸਪੁਰ ਦੇ ਹੋਏ ਸ਼ਹੀਦਾਂ ਨੂੰ ਵੀ ਸਮਰਪਿਤ ਕੀਤੀ ਗਈ ਹੈ। ਇਸ ਤੋਂ ਇਲਾਵਾ ਇਥੇ ਇੱਕ ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ, ਜਿਸ ਵਿੱਚ ਇਤਿਹਾਸ ਨਾਲ ਸੰਬੰਧਤ ਕਿਤਾਬਾਂ ਰੱਖੀਆਂ ਗਈਆਂ ਹਨ। ਮੀਟਿੰਗ ਦੌਰਾਨ ਇਸ ਸਮਾਰਕ ਦੀ ਖੂਬਸੂਰਤੀ ਵਿੱਚ ਵਾਧਾ ਕਰਨ ਲਈ ਨਵੀਂਆਂ ਲਾਈਟਾਂ ਲਗਾਉਣ ਦਾ ਫੈਸਲਾ ਵੀ ਕੀਤਾ ਗਿਆ।

ਮੀਟਿੰਗ ਦੌਰਾਨ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾ. ਸਤਨਾਮ ਸਿੰਘ ਨਿੱਜਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਨਿਧੀ ਕੁਮੁਦ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਜਨਰਲ ਸਕੱਤਰ ਤਜਿੰਦਰ ਪਾਲ ਸਿੰਘ ਸੰਧੂ, ਡੀ ਡੀ ਪੀ ਓ ਸੰਦੀਪ ਮਲਹੋਤਰਾ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਸਕੱਤਰ ਪ੍ਰੋ. ਰਾਜ ਕੁਮਾਰ ਸ਼ਰਮਾਂ ਸਮੇਤ ਹੋਰ ਅਧਿਕਾਰੀ ਤੇ ਸੁਸਾਇਟੀ ਮੈਂਬਰ ਹਾਜ਼ਰ ਸਨ।


## ਪਬਲਿਕ ਨੋਟਿਸ

ICICI Bank
ICICI Bank Limited

Registered office: Landmark, Race Course Circle, Vadodara 390 007.
Corporate office: ICICI Bank Towers, Bandra-Kurla Complex, Mumbai 400 051.

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 7 ਨਵੰਬਰ 2022 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਅਮਲੋਹ | |
| 151405001992 | ਜਸਵਿੰਦਰ ਕੌਰ |
| ਬਰਾਂਚ ਦਾ ਨਾਮ : ਅੰਮ੍ਰਿਤਸਰ-ਏਅਰਪੋਰਟ ਰੋਡ | |
| 366605000515 | ਦੀਪਕ ਦੀਪਕ |
| ਬਰਾਂਚ ਦਾ ਨਾਮ : ਅਰਨੀਵਾਲਾ ਸ਼ੇਖ-ਸੁਭਾਨ | |
| 411905002333 | ਪਰਕਾਸ਼ ਸਿੰਘ |
| ਬਰਾਂਚ ਦਾ ਨਾਮ : ਬਾਘਾ ਪੁਰਾਣਾ | |
| 278805001196 | ਸੁਖਦੀਪ ਸਿੰਘ |
| ਬਰਾਂਚ ਦਾ ਨਾਮ : ਬਲਾਚੌਰ (ਪੰਜਾਬ) | |
| 357205001163 | ਸੰਦੀਪ ਸਿੰਘ |
| ਬਰਾਂਚ ਦਾ ਨਾਮ : ਬੰਗਾ | |
| 152005001185 | ਜਸਕਰਨ ਸਿੰਘ |
| ਬਰਾਂਚ ਦਾ ਨਾਮ : ਬਠਿੰਡਾ-ਤਿਕੋਣੀ ਚੌਂਕ | |
| 367005000456 | ਬਲਵਿੰਦਰ ਸਿੰਘ |
| ਬਰਾਂਚ ਦਾ ਨਾਮ : ਭਗਤਾ | |
| 372805001633 | ਸੁਖਚੈਨ ਸਿੰਘ |
| ਬਰਾਂਚ ਦਾ ਨਾਮ : ਭਿੱਖੀਵਿੰਡ ਪੰਜਾਬ | |
| 361005002610 | ਬਲਕਾਰ ਸਿੰਘ |
| ਬਰਾਂਚ ਦਾ ਨਾਮ : ਚੰਡੀਗੜ੍ਹ ਸੈਕਟਰ 15 ਸੀ | |
| 242905000385 | ਅਮਨਦੀਪ ਸਿੰਘ ਦੁੱਗ |
| ਬਰਾਂਚ ਦਾ ਨਾਮ : ਡੇਰਾਬਸੀ | |
| 096705003322 | ਪਿੰਕੀ ਰਾਣੀ |
| ਬਰਾਂਚ ਦਾ ਨਾਮ : ਫਤਿਹਗੜ੍ਹ ਚੂੜੀਆਂ | |
| 283005002327 | ਅਮਰੀਕ ਸਿੰਘ |
| ਬਰਾਂਚ ਦਾ ਨਾਮ : ਫਾਜ਼ਿਲਕਾ | |
| 078505001888 | ਦੇਸ ਸਿੰਘ |
| ਬਰਾਂਚ ਦਾ ਨਾਮ : ਜਗਰਾਓਂ | |
| 087905001281 | ਮਨਜੀਤ ਕੌਰ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਜਲਾਲਾਬਾਦ | |
| 211805002250 | ਸੁਰਜੀਤ ਸਿੰਘ |
| ਬਰਾਂਚ ਦਾ ਨਾਮ : ਜਲੰਧਰ | |
| 008205008078 | ਗੁਰਿੰਦਰ ਸਿੰਘ |
| ਬਰਾਂਚ ਦਾ ਨਾਮ : ਕਲਾਨੌਰ ਪੰਜਾਬ | |
| 357405002578 | ਗੁਰਜੀਤ ਸਿੰਘ |
| ਬਰਾਂਚ ਦਾ ਨਾਮ : ਕਪੂਰਥਲਾ | |
| 044905002455 | ਬਲਵਿੰਦਰ ਸਿੰਘ |
| ਬਰਾਂਚ ਦਾ ਨਾਮ : ਲਹਿਰਾਗਾਗਾ, ਪੰਜਾਬ | |
| 358405001701 | ਗੁਰਵਿੰਦਰ ਸਿੰਘ |
| ਬਰਾਂਚ ਦਾ ਨਾਮ : ਲੌਂਗੋਵਾਲ | |
| 178105001729 | ਅਸ਼ੋਕ ਕੁਮਾਰ |
| ਬਰਾਂਚ ਦਾ ਨਾਮ : ਲੁਧਿਆਣਾ-ਭਦੌੜ ਕੇ ਰੋਡ | |
| 366205000596 | ਦਵਿੰਦਰ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ ਫੋਕਲ ਪੁਆਇੰਟ | |
| 218005000542 | ਕ੍ਰਿਸ਼ਨ ਕੁਮਾਰ |
| ਬਰਾਂਚ ਦਾ ਨਾਮ : ਲੁਧਿਆਣਾ-ਬਾਈਪਾਸ | |
| 096605001348 | ਨਿਖਿਲ ਕੁਮਾਰ |
| ਬਰਾਂਚ ਦਾ ਨਾਮ : ਲੁਧਿਆਣਾ-ਮਾਡਲ ਟਾਊਨ | |
| 041305003281 | ਜਯੂਜੀ ਸਿੰਘ |
| ਬਰਾਂਚ ਦਾ ਨਾਮ : ਮਲੋਟ | |
| 151905003797 | ਕੁਲਦੀਪ ਸਿੰਘ |
| ਬਰਾਂਚ ਦਾ ਨਾਮ : ਮਮਦੋਟ | |
| 382105003537 | ਕੁਲਦੀਪ ਸਿੰਘ |
| ਬਰਾਂਚ ਦਾ ਨਾਮ : ਮਾਨਸਾ | |
| 044605003728 | ਕੁਲਵਿੰਦਰ ਕੌਰ |
| 044605004274 | ਕੁਲਵਿੰਦਰ ਕੌਰ |
| ਬਰਾਂਚ ਦਾ ਨਾਮ : ਮਹਿਤਾ, ਪੰਜਾਬ | |
| 356905000740 | ਬਲਜੀਤ ਸਿੰਘ |
| 356905000756 | ਬਲਜੀਤ ਸਿੰਘ |
| ਬਰਾਂਚ ਦਾ ਨਾਮ : ਮੋਹਾਲੀ-ਫੇਸ-1 | |
| 340705000595 | ਪੂਜਾ ਮਹਾਜਨ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਮੋਹਾਲੀ-ਫੇਸ-5 | |
| 189605000502 | ਦਿਨੇਸ਼ ਕੁਮਾਰ |
| ਬਰਾਂਚ ਦਾ ਨਾਮ : ਮੋਹਾਲੀ-ਸੈਕਟਰ 67 | |
| 366905000636 | ਸਰੀਕਾ ਅਰੋੜਾ |
| ਬਰਾਂਚ ਦਾ ਨਾਮ : ਮੁਕਤਸਰ | |
| 078805005309 | ਜਸਵੀਰ ਸਿੰਘ |
| 078805005427 | ਅਮਨ ਕੌਰ |
| ਬਰਾਂਚ ਦਾ ਨਾਮ : ਪਠਾਨਕੋਟ-ਡਲਹੌਜ਼ੀ ਰੋਡ | |
| 393005000489 | ਰਾਕੇਸ਼ ਕੁਮਾਰ |
| ਬਰਾਂਚ ਦਾ ਨਾਮ : ਪਾਤੜਾਂ | |
| 283105003612 | ਜੋਬਨਦੀਪ ਸਿੰਘ |
| ਬਰਾਂਚ ਦਾ ਨਾਮ : ਪੱਟੀ | |
| 150505005317 | ਦਲਜੀਤ ਸਿੰਘ |
| ਬਰਾਂਚ ਦਾ ਨਾਮ : ਰਾਜਪੁਰਾ | |
| 047705005873 | ਗੁਰਮੀਤ ਸਿੰਘ |
| 047705005901 | ਸੁਮਨਦੀਪ ਸਿੰਘ |
| ਬਰਾਂਚ ਦਾ ਨਾਮ : ਸਾਦਿਕ, ਪੰਜਾਬ | |
| 357105004600 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਮ : ਸਰਹਿੰਦ | |
| 150605003430 | ਗੁਰਿੰਦਰ ਸਿੰਘ |
| 150605003720 | ਕਿਰਨਪ੍ਰੀਤ ਕੌਰ |
| ਬਰਾਂਚ ਦਾ ਨਾਮ : ਸੁਲਤਾਨਪੁਰ ਲੋਧੀ | |
| 272405001015 | ਮਨਜੀਤ ਕੌਰ |
| ਬਰਾਂਚ ਦਾ ਨਾਮ : ਸੁਨਾਮ | |
| 152605002803 | ਬਲਵੀਰ ਸਿੰਘ |
| 152605002977 | ਬੂਟਾ ਸਿੰਘ |
| ਬਰਾਂਚ ਦਾ ਨਾਮ : ਤਲਵੰਡੀ ਸਾਬੋ | |
| 150705004698 | ਗੁਰਨਾਮ ਸਿੰਘ |
| ਬਰਾਂਚ ਦਾ ਨਾਮ : ਤਪਾ | |
| 417405001479 | ਮਨਦੀਪ ਕੌਰ |
| ਬਰਾਂਚ ਦਾ ਨਾਮ : ਜ਼ੀਰਕਪੁਰ | |
| 050705003361 | ਮੁਹੰਮਦ ਆਸਿਫ |

ਮਿਤੀ : 28.10.2022
ਸਥਾਨ : ਚੰਡੀਗੜ੍ਹ, ਜਲੰਧਰ, ਮੁਕਤਸਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਤਰਨ ਤਾਰਨ, ਬਰਨਾਲਾ, ਮੋਗਾ ਪਠਾਨਕੋਟ ,ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ

ਸਹੀ/-
ਅਧਿਕਾਰਤ ਅਫ਼ਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

# ਅਵਤਾਰ ਜਟਾਣਾ ਵੱਲੋਂ ਦੀਵਾਲੀ, ਬੰਦੀਛੋੜ, ਵਿਸ਼ਵਕਰਮਾ ਦਿਵਸ ਅਤੇ ਗੁਰਪੁਰਬ ਨੂੰ ਸਮਰਪਿਤ ਸਰਦੂਲਗੜ੍ਹ ਵਿਸ਼ੇਸ਼ ਸਪਲੀਮੈਂਟ



























## ਮੇਹਰ ਚੰਦ ਪੋਲੀਟੈਕਨਿਕ ਕਾਲਜ 'ਚ ਬਾਬਾ ਵਿਸ਼ਵਕਰਮਾ ਦਿਵਸ ਮਨਾਇਆ



**ਜਲੰਧਰ (ਸੈਲੀ ਐਲਬਰਟ)-** ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਰਕਸ਼ਾਪ ਵਿਭਾਗ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਬਾਬਾ ਵਿਸ਼ਵਕਰਮਾ ਜੀ ਦੀ ਪੂਜਾ ਕੀਤੀ ਗਈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਬਾਬਾ ਜੀ ਦੀ ਫੋਟੋ 'ਤੇ ਫੁੱਲਾਂ ਦੀ ਮਾਲਾ ਭੇਟ ਕਰਕੇ ਅਤੇ ਨਾਰੀਅਲ ਤੋੜਨ ਦੀ ਰਸਮ ਅਦਾ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਬਾਬਾ ਜੀ ਦੀ ਅਰਦਾਸ ਕੁਲਵਿੰਦਰ ਸਿੰਘ ਵਲੋਂ ਕੀਤੀ ਗਈ। ਬਾਬਾ ਜੀ ਦੇ ਬਾਰੇ ਅਧਿਆਤਮਕ ਤੌਰ 'ਤੇ ਤ੍ਰਿਲੋਕ ਸਿੰਘ ਵਰਕਸ਼ਾਪ ਸੁਪਰਡੈਂਟ ਵਲੋਂ ਦੱਸਿਆ ਗਿਆ। ਮੰਚ ਸੰਚਾਲਨ ਦੁਰਗੇਸ਼ ਚੇਚੀ ਨੇ ਕੀਤਾ। ਪ੍ਰਿੰਸੀਪਲ ਅਤੇ ਮੁੱਖੀ ਵਿਭਾਗਾਂ ਨੇ ਬਾਬਾ ਵਿਸ਼ਵਕਰਮਾ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਬਾਬਾ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਦੀ ਵਿਦਿਆਰਥੀਆਂ ਨੂੰ ਸਹੁੰ ਚੁਕਾਈ। ਸਮਾਗਮ ਵਿੱਚ ਡਾ. ਸੰਜੇ ਬਾਂਸਲ,ਡਾ. ਰਾਜੀਵ ਭਾਟੀਆ, ਕਸ਼ਮੀਰ ਕੁਮਾਰ,ਮੈਡਮ ਮੰਜੂ ਮਨਚੰਦਾ, ਸੁਰਜੀਤ ਸਿੰਘ, ਪ੍ਰਿੰਸ ਮਦਾਨ, ਹੀਰਾ ਮਹਾਜਨ, ਰਾਕੇਸ਼ ਕੁਮਾਰ, ਤ੍ਰਿਲੋਕ ਸਿੰਘ, ਮਨਮੋਹਨ ਸਿੰਘ, ਜਤਿੰਦਰ ਕੁਮਾਰ ਅਤੇ ਕੁਲਦੀਪ ਕੁਮਾਰ ਆਦਿ ਹਾਜ਼ਰ ਸਨ।

## ਰਿਆਤ ਬਾਹਰਾ 'ਵਰਸਿਟੀ ਦੇ ਵਿਦਿਆਰਥੀਆਂ ਨੇ ਮੈਮੋਰੀਅਲ ਲੈਕਚਰ 'ਚ ਲਿਆ ਹਿੱਸਾ



**ਮੋਹਾਲੀ, (ਗੁਰਜੀਤ ਸਿੰਘ ਬਿੱਲਾ)-**ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ 'ਤਕਨਾਲੋਜੀ ਦੇ ਆਗਮਨ ਨਾਲ ਜੁੜੇ ਰਹਿਣ ਲਈ ਕਾਨੂੰਨੀ ਸੁਧਾਰਾਂ ਦੀ ਲੋੜ' ਵਿਸ਼ੇ 'ਤੇ ਜਸਟਿਸ ਮਦਨ ਮੋਹਨ ਪੰਛੀ ਦੀ ਯਾਦ ਵਿੱਚ ਤੀਜੇ ਮੈਮੋਰੀਅਲ ਲੈਕਚਰ ਵਿੱਚ ਹਿੱਸਾ ਲਿਆ। ਇਸ ਮੌਕੇ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਜਸਟਿਸ ਹੇਮੰਤ ਗੁਪਤਾ ਮੁੱਖ ਮਹਿਮਾਨ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਜੀ.ਐਸ.ਸੰਧਾਵਾਲੀਆ ਅਤੇ ਹਰਿਆਣਾ ਦੇ ਐਡਵੋਕੇਟ ਜਨਰਲ ਬਲਦੇਵ ਮਹਾਜਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਦੌਰਾਨ ਐਡਵੋਕੇਟ ਜਨਰਲ ਬਲਦੇਵ ਸਿੰਘ ਮਹਾਜਨ ਨੇ ਕਾਨੂੰਨੀ ਪ੍ਰਣਾਲੀ ਵਿੱਚ ਤਕਨੀਕ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸੇ ਦੌਰਾਨ ਜਸਟਿਸ ਹੇਮੰਤ ਗੁਪਤਾ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨਾਲ ਗੱਲਬਾਤ ਕੀਤੀ। ਜਸਟਿਸ ਜੀ.ਐਸ.ਸੰਧਾਵਾਲੀਆ ਨੇ ਵਿਦਿਆਰਥੀਆਂ ਨਾਲ ਸੰਪੂਰਨ ਡਿਜੀਟਲ ਕਾਨੂੰਨੀ ਡਰਾਫਟ ਬਾਰੇ ਜਾਣਕਾਰੀ ਸਾਂਝੀ ਕੀਤੀ। ਰਿਆਤ ਬਾਹਰਾ ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ, ਮੋਨਿਕਾ ਬੈਂਸ, ਸੁਨੀਲ ਕੌਸ਼ਿਕ, ਪ੍ਰਿਅੰਕਾ ਧੀਮਾਨ ਅਤੇ ਅਮਨਪ੍ਰੀਤ ਨੇ ਵਿਦਿਆਰਥੀਆਂ ਦੀ ਯੋਗ ਅਗਵਾਈ ਕੀਤੀ। ਵਿਦਿਆਰਥੀਆਂ ਨੂੰ ਲੈਕਚਰ ਵਿੱਚ ਸ਼ਾਮਲ ਕਰਨ ਦਾ ਉਦੇਸ਼ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਮਾਨਯੋਗ ਜੱਜਾਂ ਨਾਲ ਗੱਲਬਾਤ ਕਰਨ ਅਤੇ ਤਕਨਾਲੋਜੀ ਵਿੱਚ ਤਰੱਕੀ ਦੇ ਸੰਦਰਭ ਵਿੱਚ ਕਾਨੂੰਨੀ ਸੁਧਾਰਾਂ ਬਾਰੇ ਜਾਣੂ ਕਰਵਾਉਣਾ ਸੀ। ਯੂਨੀਵਰਸਿਟੀ ਸਕੂਲ ਆਫ਼ ਲਾਅ ਦੀ ਡੀਨ ਡਾ. ਰਿਚਾ ਰੰਜਨ ਨੇ ਕਿਹਾ ਕਿ ਵਿਦਿਆਰਥੀ ਭਵਿੱਖ ਦੇ ਵਕੀਲ ਬਣਨ ਜਾ ਰਹੇ ਹਨ, ਇਸ ਲਈ ਉਨ੍ਹਾਂ ਨੂੰ ਅਦਾਲਤੀ ਸੱਭਿਆਚਾਰ ਨਾਲ ਪਹਿਲਾਂ ਤੋਂ ਤਿਆਰ ਕਰਨਾ ਜ਼ਰੂਰੀ ਹੈ।

## ਸੀ ਟੀ ਗਰੁੱਪ ਦੇ ਵਿਦਿਆਰਥੀਆਂ ਵੱਲੋਂ ਫੋਟੋਗ੍ਰਾਫੀ ਪ੍ਰਦਰਸ਼ਨੀ



**ਜਲੰਧਰ (ਸੈਲੀ ਐਲਬਰਟ)-**ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸਾਊਥ ਕੈਂਪਸ ਸ਼ਾਹਪੁਰ ਦੇ ਪੱਤਰਕਾਰੀ ਅਤੇ ਜੰਨ ਸੰਚਾਰ ਵਿਭਾਗ ਵੱਲੋਂ ਹੈਪੀ ਸ਼ਟਰਿੰਗ ਥੀਮ .2 'ਤੇ ਓਪਨ ਫੋਟੋਗ੍ਰਾਫੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਜਿਸ ਵਿੱਚ ਭਾਰਤ ਦੇ ਨਾਲ-ਨਾਲ ਵਿਦੇਸ਼ੀਆਂ ਨੇ ਵੀ ਭਾਗ ਲਿਆ। ਭਾਗੀਦਾਰਾਂ ਨੇ 3 ਫੋਟੋਆਂ ਜਮ੍ਹਾਂ ਕੀਤੀਆਂ। ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਪੱਤਰਕਾਰੀ ਅਤੇ ਜੰਨ ਸੰਚਾਰ ਵਿਭਾਗ ਦੇ ਮੁੱਖੀ ਅਸ਼ੀਸ਼ ਕੁਮਾਰ ਨੇ ਵੀ ਤਸਵੀਰਾਂ 'ਤੇ ਵਿਸਤ੍ਰਿਤ ਨਜ਼ਰ ਮਾਰੀ ਅਤੇ ਫੋਟੋਗ੍ਰਾਫਰਾਂ ਦੇ ਮਨੋਵਿਗਿਆਨ ਬਾਰੇ ਵਿਚਾਰ ਵਟਾਂਦਰਾ ਕੀਤਾ।

## ਰਾਮ ਸਿੰਘ ਰਾਣਾ ਦੇ ਹੋਟਲਾਂ 'ਚ ਠਹਿਰਨ ਦੀ ਅਪੀਲ



**ਜਲੰਧਰ (ਰਾਜੇਸ਼ ਥਾਪਾ)-** ਐਡਵੋਕੇਟ ਫਾਰ ਫਾਰਮਰ ਐਂਡ ਲਬੇਰੇਰਸ, ਜਲੰਧਰ ਦਾ ਇਕ ਵਫਦ ਗੁਰਜੀਤ ਸਿੰਘ ਕਾਹਲੋਂ ਐਡਵੋਕੇਟ ਦੀ ਅਗਵਾਈ ਵਿੱਚ ਗੋਲਡਨ ਹੱਟ ਦੇ ਮਾਲਕ ਰਾਮ ਸਿੰਘ ਰਾਣਾ ਨੂੰ ਮਿਲਣ ਉਹਨਾਂ ਦੇ ਸਾਹਨੇਵਾਲ ਸਥਿਤ ਹੋਟਲ ਗਿਆ। ਉਹਨਾਂ ਨਾਲ ਖਾਸ ਤੌਰ 'ਤੇ ਐਡਵੋਕੇਟ ਮਧੂ ਰਚਨਾ, ਜਲੰਧਰ ਐਡਵੋਕੇਟ ਰੁਪਿੰਦਰ ਪਾਲ ਕੌਰ ਫਗਵਾੜਾ ਤੋਂ ਅਤੇ ਐਡਵੋਕੇਟ ਰਾਜੂ ਅੰਬੇਡਕਰ ਅਤੇ ਐਡਵੋਕੇਟ ਰਜਿੰਦਰ ਸਿੰਘ ਮੰਡ ਜਲੰਧਰ ਤੋਂ ਵੀ ਨਾਲ ਸਨ। ਐਡਵੋਕੇਟ ਫਾਰ ਫਾਰਮਰ ਐਂਡ ਲੇਬਰਰਜ ਦੇ ਸਾਰੇ ਮੈਂਬਰਾਂ ਨੇ ਰਾਮ ਸਿੰਘ ਰਾਣਾ ਦੀ ਤਰੱਕੀ ਲਈ ਅਰਦਾਸ ਕੀਤੀ ਕਿਉਂਕਿ ਉਨ੍ਹਾਂ ਵੱਲੋਂ ਕਿਸਾਨੀ ਸੰਘਰਸ਼ ਦੌਰਾਨ ਦਿੱਤੀਆਂ ਸੇਵਾਵਾਂ ਨਾ ਭੁੱਲਣ ਯੋਗ ਹਨ ਅਤੇ ਸਾਰਿਆਂ ਨੂੰ ਇਹ ਅਪੀਲ ਕੀਤੀ ਕਿ ਭਾਰਤ ਵਿਚ ਜਿੱਥੇ ਵੀ ਰਾਮ ਸਿੰਘ ਰਾਣਾ ਦੇ ਹੋਟਲ ਹਨ, ਉਹ ਸਭ ਉੱਥੇ ਉੱਥੇ ਰੁਕਣ। ਉਹਨਾਂ ਵੱਲੋਂ ਟੈਕਸੀ ਡਰਾਈਵਰਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਸਾਰੇ ਆਪਣੇ ਕਸਟਮਰਾਂ ਨੂੰ ਵੱਧ ਤੋਂ ਵੱਧ ਰਾਮ ਸਿੰਘ ਰਾਣਾ ਦੇ ਹੋਟਲ 'ਤੇ ਠਹਿਰਾਉਣ।

## ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦੇ ਮੈਚ 'ਚ ਸਪੋਰਟਿੰਗ ਅਕੈਡਮੀ ਮਾਹਿਲਪੁਰ ਜੇਤੂ

**ਮਾਹਿਲਪੁਰ, (ਸਫਰੀ)-** ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਇਕ ਮੈਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨ ਵਿੱਚ ਹੋਇਆ, ਜਿਸ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਅਕੈਡਮੀ ਮਾਹਿਲਪੁਰ ਨੇ ਖਾਲਸਾ ਵਾਰੀਅਰਜ਼ ਕੁਰਾਲੀ ਨੂੰ 2-1 ਦੇ ਫਰਕ ਨਾਲ ਹਰਾਇਆ। ਇਸ ਨਾਲ ਅਕੈਡਮੀ ਨੇ ਆਪਣੇ ਖਾਤੇ ਵਿੱਚ ਤਿੰਨ ਅੰਕ ਦਰਜ ਕੀਤੇ। ਇਸ ਮੈਚ ਵਿੱਚ ਸਿੱਖ ਐਜੂਕੇਸ਼ਨ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ, ਜਨਰਲ ਸਕੱਤਰ ਗੁਰਿੰਦਰ ਸਿੰਘ ਬੈਂਸ ਅਤੇ ਸਾਬਕਾ ਫੁੱਟਬਾਲਰ ਹਰਨੰਦਨ ਸਿੰਘ ਖਾਬੜਾ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ।

ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਾਬਕਾ ਫੁੱਟਬਾਲਰ ਸਤ ਪ੍ਰਕਾਸ਼ ਸਿੰਘ ਸੰਘਾ, ਕੋਚ ਬੰਧਨਾ ਸਿੰਘ, ਪ੍ਰਿੰ. ਹਰਸੁੱਖਇੰਦਰ ਸਿੰਘ, ਪ੍ਰੋ. ਚਰਨਜੀਤ ਕੁਮਾਰ, ਡਾ. ਪਰਮਪ੍ਰੀਤ ਕੈਂਡੋਵਾਲ, ਕੋਚ ਜਸਵੀਰ ਭਾਰਟਾ, ਕੋਚ ਹਰਿੰਦਰ ਸਨੀ ਅਤੇ ਪ੍ਰੋ ਰਵੀ ਕੁਮਾਰ ਸਮੇਤ ਫੁੱਟਬਾਲ ਪ੍ਰੇਮੀ ਹਾਜ਼ਰ ਸਨ।



## ਸਰਕਾਰੀ ਸਕੂਲ ਲਾਂਬੜਾ ਨੇ ਵਿਗਿਆਨ ਪ੍ਰਦਰਸ਼ਨੀ 'ਚ ਕੀਤਾ ਪਹਿਲਾ ਸਥਾਨ ਹਾਸਲ



**ਜਲੰਧਰ, (ਨ ਜ਼ ਸ)-** ਰਾਸ਼ਟਰੀ ਅਵਿਸ਼ਕਾਰ ਅਭਿਆਨ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਵਿਖੇ ਨੌਵੀਂ-ਦਸਵੀਂ ਜਮਾਤ ਵੀ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਵਾਈ ਗਈ। ਇਸ ਪ੍ਰਦਰਸ਼ਨੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਂਬੜਾ ਦੀ ਸੰਦੀਪ ਕੁਮਾਰੀ (ਦਸਵੀਂ ਕਲਾਸ) ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਪ੍ਰਦਰਸ਼ਨੀ ਵਿੱਚ ਵਿਖਾਇਆ ਗਿਆ ਮਾਡਲ ਸਾਇੰਸ ਅਧਿਆਪਕ ਸ੍ਰੀਮਤੀ ਸੰਦੀਪ ਕੌਰ ਅਤੇ ਕੰਵਲਦੀਪ ਕੌਰ ਦੀ ਗਾਈਡੈਂਸ ਵਿੱਚ ਤਿਆਰ ਕੀਤਾ ਗਿਆ।

## ਅਦਾਕਾਰ ਅਭਿਸ਼ੇਕ ਸਿੰਘ ਨੇ ਕੀਤਾ ਐੱਲ ਪੀ ਯੂ ਦਾ ਦੌਰਾ

**ਜਲੰਧਰ (ਸੈਲੀ ਐਲਬਰਟ)-** : ਭਾਰਤੀ ਪ੍ਰਸ਼ਾਸਨਿਕ ਸੇਵਾਵਾਂ (ਆਈ ਏ ਐਸ) ਅਧਿਕਾਰੀ ਤੋਂ ਅਭਿਨੇਤਾ ਬਣੇ ਅਭਿਸ਼ੇਕ ਸਿੰਘ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦਾ ਦੌਰਾ ਕੀਤਾ, ਜਿੱਥੇ ਉਸਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫਲਤਾ ਲਈ ਆਪਣੇ ਵਿਅਕਤੀਗਤ ਜਨੂੰਨ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਯੂਨੀਵਰਸਿਟੀ ਦੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿਖੇ ਹਜ਼ਾਰਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੇ ਆਪਣੇ ਕਾਰਜਸ਼ੀਲ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਸਕਾਰਾਤਮਕਤਾ ਵੱਲ ਪ੍ਰੇਰਿਤ ਕੀਤਾ। ਕੈਂਪਸ ਵਿੱਚ ਦਾਖਲ ਹੋ ਕੇ, ਉਸਨੇ ਇਸ ਦੀ ਜੀਵੰਤਤਾ ਅਤੇ ਵਿਲੱਖਣਤਾ ਲਈ ਭਰਪੂਰ ਸ਼ਲਾਘਾ ਕੀਤੀ। ਉਸਨੇ ਬਾਦਸ਼ਾਹ, ਜੁਬਿਨ ਨੌਟਿਆਲ ਅਤੇ ਬੀ ਪਰਾਕ ਵਰਗੇ ਪ੍ਰਮੁੱਖ ਸੰਗੀਤਕਾਰਾਂ ਦੁਆਰਾ ਕਈ ਹਿੱਟ ਸੰਗੀਤ ਵੀਡੀਓਜ਼ ਵਿੱਚ ਪ੍ਰਦਰਸ਼ਨ ਕਰਨ ਤੋਂ ਬਾਅਦ ਪ੍ਰਸਿੱਧੀ ਪ੍ਰਾਪਤ ਕੀਤੀ। 'ਯੂਥ ਟਾਕ-ਸ਼ੋਅ' ਮੌਕੇ ਅਭਿਸ਼ਕ ਸਿੰਘ ਦਾ ਸਵਾਗਤ ਐਲਪੀਯੂ ਦੇ ਪ੍ਰੋ ਵਾਈਸ-ਚਾਂਸਲਰ ਪ੍ਰੋ ਡਾ: ਸੰਜੇ ਮੋਦੀ ਅਤੇ ਡਿਪਟੀ ਡਾਇਰੈਕਟਰ ਪ੍ਰੋ ਡਾ: ਸੋਰਭ ਲਖਨਪਾਲ ਨੇ ਕੀਤਾ। ।

